

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 139ਵੇਂ ਜਨਮ ਦਿਨ ਨੂੰ ਸਮਰਪਿਤ ਪ੍ਰੋਫੈਸਰ ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

13ਵਾਂ ਸਾਲ

# ਦੇਸ਼ ਦੁਆਬਾ


ਹਫਤਾਵਾਰੀ

VOL -13 ISSUE - 43

January 29, 2025


Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ ਅੰਮ੍ਰਿਤਸਰ ਵਿਖੇ ਬੁੱਤ ਖੰਡਿਤ ਕੀਤੇ ਜਾਣ ਦੀ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸਖ਼ਤ ਨਿਖੇਧੀ ਕੀਤੀ ਜਾਂਦੀ ਹੈ ਅਤੇ ਮੁੱਖ ਮੰਤਰੀ ਆਪਣੇ ਕਹਿਣ ਮੁਤਾਬਕ ਉਹਨਾਂ ਨੂੰ ਮਿਸਾਲੀ ਸਜ਼ਾ ਦਿਵਾਉਣ। ਸਬੰਧਤ ਰਿਪੋਰਟਾਂ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ


**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 14, 15, 16 ਫਰਵਰੀ 2025 ਨੂੰ ਬਹੁਤ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਦੇਖੋ ਸਫਾ 2 'ਤੇ।

# ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਲਈ ਉਡਾਣਾਂ ਹੋਈਆਂ ਆਰੰਭ

## ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਮਿਲੀ ਖੁੱਲੀ ਤਾਕਤ, ਗ਼ੈਰ-ਕਾਨੂੰਨੀ ਪਰਵਾਸੀਆਂ 'ਚ ਦਹਿਸ਼ਤ ਦਾ ਮਾਹੌਲ

**ਵਾਸ਼ਿੰਗਟਨ (ਬਿਊਰੋ)–** ਡੋਨਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਦੇ ਕੁਝ ਦਿਨਾਂ ਦੇ ਅੰਦਰ ਹੀ ਮੁਲਕ ਨੇ ਫੌਜੀ ਜਹਾਜ਼ਾਂ ਦੀ ਵਰਤੋਂ ਕਰਦਿਆਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਲਈ ਉਡਾਣਾਂ ਸ਼ੁਰੂ ਕਰ ਦਿੱਤੀਆਂ ਹਨ। ਰੱਖਿਆ ਵਿਭਾਗ ਨੇ ਕਿਹਾ ਕਿ ਉਸ ਦੇ ਦੋ ਜਹਾਜ਼ ਲੋਕਾਂ ਨੂੰ ਅਮਰੀਕਾ ਤੋਂ ਗੁਆਟੇਮਾਲਾ ਲੈ ਕੇ ਗਏ ਹਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਟਰੰਪ ਦੀਆਂ ਸਰਹੱਦੀ ਨੀਤੀਆਂ ਕਾਰਨ ਪਹਿਲਾਂ ਹੀ 538 ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਸਾਬਕਾ ਰਾਸ਼ਟਰਪਤੀ ਡਵਾਈਟ ਆਈਜ਼ਨਹਾਵਰ ਮਗਰੋਂ ਪਹਿਲੀ ਵਾਰ ਫੌਜੀ ਜਹਾਜ਼ਾਂ ਦੀ ਵਰਤੋਂ ਕਰਕੇ ਦੇਸ਼ ਨਿਕਾਲੇ ਲਈ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ 'ਐਕਸ' 'ਤੇ ਲਿਖਿਆ, ''ਦੇਸ਼ ਨਿਕਾਲੇ ਲਈ ਉਡਾਣਾਂ ਸ਼ੁਰੂ ਹੋ ਗਈਆਂ ਹਨ। ਰਾਸ਼ਟਰਪਤੀ ਟਰੰਪ ਪੂਰੀ ਦੁਨੀਆ ਨੂੰ ਸਖ਼ਤ ਅਤੇ ਸਪੱਸ਼ਟ ਸੁਨੇਹਾ ਦੇ ਰਹੇ ਹਨ ਕਿ ਜੇ ਤੁਸੀਂ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖ਼ਲ ਹੁੰਦੇ ਹੋ ਤਾਂ ਤੁਹਾਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ।'' ਉਧਰ ਉੱਤਰੀ ਕੈਰੋਲਿਨਾ 'ਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਨਿਕਾਲੇ ਦਾ ਅਮਲ ਵਧੀਆ ਢੰਗ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾੜੇ ਅਤੇ ਖ਼ਤਰਨਾਕ ਅਪਰਾਧੀਆਂ ਨੂੰ ਅਮਰੀਕਾ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਇਸ ਦੌਰਾਨ ਕਾਂਗਰਸਮੈਨ ਗੇਬ ਵਾਸਕੁਏਜ਼ ਨੇ ਕਿਹਾ ਕਿ ਵੱਡੇ ਪੱਧਰ 'ਤੇ ਲੋਕਾਂ ਦੇ ਦੇਸ਼ ਨਿਕਾਲੇ ਨਾਲ ਅਰਥਚਾਰੇ ਅਤੇ ਸਮਾਜ ਨੂੰ ਨੁਕਸਾਨ ਪਹੁੰਚੇਗਾ।



### ਗੁਰਦੁਆਰਿਆਂ ਦਾ ਦੌਰਾ ਕਰਨ 'ਤੇ ਸਿੱਖ ਜਥੇਬੰਦੀਆਂ ਨੂੰ ਇਤਰਾਜ਼

ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀਐੱਚਐੱਸ) ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪਰਵਾਸੀਆਂ ਦੀ ਜਾਂਚ ਕਰਨ ਲਈ ਨਿਊਯਾਰਕ ਅਤੇ ਨਿਊ ਜਰਸੀ ਦੇ ਗੁਰਦੁਆਰਿਆਂ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ 'ਤੇ ਕੁੱਝ ਸਿੱਖ ਜਥੇਬੰਦੀਆਂ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਸਿੱਖ ਜਥੇਬੰਦੀਆਂ ਨੇ ਅਜਿਹੀ ਕਾਰਵਾਈ ਨੂੰ ਆਪਣੇ ਧਰਮ ਦੀ ਪਵਿੱਤਰਤਾ ਲਈ ਖ਼ਤਰਾ ਦੱਸਿਆ ਹੈ। ਮੰਨਿਆ ਜਾਂਦਾ ਹੈ ਕਿ ਸਿੱਖ ਵੱਖਵਾਦੀਆਂ ਦੇ ਨਾਲ-ਨਾਲ ਵੈਧ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਕੁੱਝ ਪਰਵਾਸੀ ਨਿਊਯਾਰਕ ਅਤੇ ਨਿਊ ਜਰਸੀ ਦੇ ਗੁਰਦੁਆਰਿਆਂ ਦੀ ਵਰਤੋਂ ਕਰਦੇ ਹਨ। ਗ੍ਰਹਿ ਸੁਰੱਖਿਆ ਵਿਭਾਗ ਦੇ ਤਰਜਮਾਨ ਨੇ ਕਿਹਾ, 'ਮੁਲਜ਼ਮ ਹੁਣ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕਾ ਦੇ ਸਕੂਲਾਂ ਅਤੇ ਚਰਚਾਂ ਵਿੱਚ ਲੁਕ ਨਹੀਂ ਸਕਣਗੇ। ਟਰੰਪ ਪ੍ਰਸ਼ਾਸਨ ਸਾਡੇ ਬਹਾਦਰ ਅਧਿਕਾਰੀਆਂ ਦੇ ਹੱਥ ਨਹੀਂ ਬੰਨ੍ਹੇਗਾ ਅਤੇ ਉਸ ਨੂੰ ਭਰੋਸਾ ਹੈ ਕਿ ਅਧਿਕਾਰੀ ਅਜਿਹੇ ਮਾਮਲਿਆਂ ਵਿੱਚ ਆਪਣੇ ਵਿਵੇਕ ਦੀ ਵਰਤੋਂ ਕਰਨਗੇ।'

# ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਤੋੜੇ ਜਾਣ 'ਤੇ ਅੰਮ੍ਰਿਤਸਰ 'ਚ ਤਣਾਅ, ਪੰਜਾਬ ਭਰ 'ਚ ਰੋਸ

**ਅੰਮ੍ਰਿਤਸਰ–** ਗਣਤੰਤਰ ਦਿਵਸ ਦੇ ਦਿਨ ਅੰਮ੍ਰਿਤਸਰ ਵਿਚ ਇਕ ਵਿਅਕਤੀ ਵਲੋਂ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਖੰਡਿਤ ਕੀਤੇ ਜਾਣ ਦੇ ਰੋਸ ਵਜੋਂ ਅੰਮ੍ਰਿਤਸਰ ਦੀਆਂ ਵੱਖ-ਵੱਖ ਜਥੇਬੰਦੀਆਂ, ਰਾਜਨੀਤਿਕ, ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵਲੋਂ ਭੰਡਾਰੀ ਪੁੱਲ ਜਾਮ ਕਰਕੇ ਪੰਜਾਬ ਸਰਕਾਰ ਖਿਲਾਫ ਜਮ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਇਸ ਮਾਮਲੇ ਵਿਚ ਬਾਰੀਕੀ ਨਾਲ ਜਾਂਚ ਕਰਕੇ ਇਸ ਸਾਜਿਸ਼ ਦਾ ਪਰਦਾਫਾਸ਼ ਕਰਨ ਦੀ ਮੰਗ ਕੀਤੀ ਗਈ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਜਿਹੜੇ ਵੀ ਸ਼ਰਾਰਤੀ ਅਨਸਰਾਂ ਵਲੋਂ ਇਹ ਘਟਨਾ ਕੀਤੀ ਗਈ ਹੈ, ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ



ਕਿ ਜੇਕਰ ਵਿਅਕਤੀ ਨੂੰ ਸਖਤ ਤੋਂ ਸਖਤ ਸਜ਼ਾ ਨਾ ਦਿੱਤੀ ਗਈ ਤਾਂ ਆਉਣ ਵਾਲੇ ਦਿਨਾਂ ਵਿਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਤੋੜਨ ਤੇ ਸੰਵਿਧਾਨ ਨੂੰ ਸਾੜਨ ਦੇ ਰੋਸ 'ਚ ਕਈ ਜਥੇਬੰਦੀਆਂ ਨੇ ਭੰਡਾਰੀ ਪੁਲ 'ਤੇ ਧਰਨਾ ਦਿੱਤਾ, ਜਿਸ ਕਾਰਨ ਮਹਾਂਨਗਰ ਦੀ ਆਵਾਜਾਈ ਦਾ ਬੁਰਾ ਹਾਲ ਹੈ, ਜਾਮ ਲੱਗੇ ਹੋਏ ਹਨ, ਲੋਕਾਂ ਨੂੰ ਲੰਘਣਾ ਬਹੁਤ ਔਖਾ ਹੈ। ਰੇਲਵੇ ਸਟੇਸ਼ਨ, ਬੱਸ ਸਟੈਂਡ 'ਤੇ ਜਾਣ ਲਈ ਵੀ ਲੋਕਾਂ ਨੂੰ ਜ਼ਿਆਦਾ ਪਰੇਸ਼ਾਨੀ ਝੱਲਣੀ ਪੈ ਰਹੀ ਹੈ, ਇਸੇ ਤਰ੍ਹਾਂ ਭੰਡਾਰੀ ਪੁਲ 'ਤੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਡੀਸੀਪੀ ਜਗਜੀਤ ਸਿੰਘ ਵਾਲੀਆ ਅਤੇ ਹੋਰ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਲੋਕਾਂ ਨਾਲ ਗੱਲਬਾਤ ਕੀਤੀ। ਇਹ ਗੱਲ ਚੱਲ ਰਹੀ ਹੈ ਕਿ ਬੁੱਤ ਤੋੜਨ ਵਾਲਿਆਂ 'ਤੇ ਐੱਨ.ਐੱਸ.ਏ. ਲਗਾਈ ਜਾਵੇ। ਪੁਲਿਸ ਕਮਿਸ਼ਨਰ ਨਾਲ ਸੰਤ ਸਮਾਜ ਦੀ ਮੀਟਿੰਗ ਹੋਈ ਹੈ। ਕੈਬਿਨਟ ਮੰਤਰੀ ਅਮਨ ਅਰੋੜਾ, ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਰਪਾਲ ਸਿੰਘ ਚੀਮਾ ਟਾਊਨ ਹਾਲ ਸਥਿਤ ਉਸ ਸਥਾਨ ਦਾ ਦੌਰਾ ਕਰਨਗੇ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD



We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com



Cell (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਿਟਕ ਜਲ ਤਰੰਗ ਜੈਸਾ।।1।।
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।। ਪਤਿਤ ਪਾਵਨ ਨਾਮੁ ਕੈਸੇ ਹੁੰਤਾ।।1।। ਰਹਾਉ।।
**ਸਤਿਗੁਰੂ ਰਵਿਦਾਸ ਜੀ**

**Jai Gurdev – Dhan Gurdev Guru Piyari Saadh Sangat Ji:**
**Waheguru Ji Ka Khalsa Waheguru Ji KI Fateh!**
**The following programs will be celebrated at the Gurdwara Sahib:**

***February 2, 2025***
***Barsi of Late Bhai Raj Mal and Bibi Raj Mati***

In the sweet memory of Late Bhai Raj Mal and Late Bibi Raj Mati, Roshni Mal and family will be hosting Sukhmani Sahib path and langar Sewa, on Sunday, February 2, 2025. Mal family is requesting everyone to come and join them in the ARDAS.

***February 7-8-9, 2025***
***Akhand Path by Bhai Benny Singh and family***

Bhai Benny Singh, Bubu Anu Singh and her parents, S. Joginder Singh and Bibi Harpreet Kaur, will be hosting Akhand Path and Langar Sewa starting on February 7, 2025 (FRIDAY) 9:30 AM and conclude on February 9, 2025 (SUNDAY) 9:30 AM to celebrate Bhai Benny Singh's graduation from the nursing school and first birthday of their son Gurjot Singh. May Guru Sahib bless Gurjot Singh with a happy, healthy and long life.

### February 14-15-16, 2025
### Gurpurb Satguru Ravidass Ji

Satguru Ravidass ji was born in 1377, in Kanshi, India. Satguru Ravidass Ji was a great religious and social reformer and Satguru Ji dedicated his whole life for the welfare of the humanity. Guru Ji preached social harmony among all and preached against caste discrimination.

Sri Guru Ravidass Sabha CA, Pittsburg is celebrating the 648th Parkash Utsav of SATGURU RAVIDASS JI on Sunday, February 16, 2025, at the temple. GURU JI KI SANGAT will perform Langar, Path and Parshad Sewa for this program Akhand Path will start on February 14, 2025 (FRIDAY) 9:30 AM and conclude on February 16, 2025 (SUNDAY) 9:30 AM followed by KIRTAN DIWAN until 2:00 PM. Prominent Kirtani Jatha of Bhai Onkar Singh ji, Una Wale and Bhai Balwinder Singh ji will enhance the Kirtan Diwan along with Katha by Sant Krishan Nath Ji Chaheru Wale.

**Nishan Sahib Hoisting Ceremony will be held at 11:00 AM on February 15, 2025 (Saturday)**

There will be a Kirtan Diwan on Saturday evening also. Bhai Harjinder Singh ji Rasia and Giani Balwinder Singh ji will do Shabad Kirtan.

Entire Sangat is cordially invited to participate in the celebrations with family and friends and get blessings of Satguru Ravidass Ji

The Management Committee needs volunteers to prepare and serve Langar, keep Gurughar clean and organized, directing traffic/parking, kitchen Sewa, Jorha Sewa and other Sewas on all three days of Gurpurab Celebrations. or **STALLS or any other SEWA, please contact President Sunita Singh at (415) 233-3319 or Chairman Vinod Kumar at (408) 718-2506.** The Management Committee requests the help, support and co-operation from the entire sangat to celebrate 648th. Gurpurab of Guru Ravidass Ji.



**There will be a Health Camp on February 16, 25 from 10:00 AM to 2:00 PM.**

Your DONATIONS in CASH or KIND will be greatly appreciated. Members are requested to renew their membership by January 31, 2025.

*Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.*

**"NANAK NAM CHARDI KALA TERE BHANE SARBAT DA BHALA"**

## Sangat Sewadars

**www.srigururavidasstemple.com**



Chairman
Vinod Kumar



President
Sunita Bangar



Gen. Secretary
Upinder Pal (Ricky)




Treasurer
Shinder Pal Narabut

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

## ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

---------------

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਿਤੀ 21, 22 ਅਤੇ 23 ਫਰਵਰੀ 2025 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

*ਸ਼ੁਕਰਵਾਰ, 21 ਫਰਵਰੀ, 2025*
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ-
ਸਵੇਰੇ 9 ਤੋਂ 10 ਵਜੇ ਤੱਕ

*ਐਤਵਾਰ, 23 ਫਰਵਰੀ 2025*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ
ਉਪਰੰਤ ਗੁਰੂ ਜੀ ਦੇ ਕੀਰਤਨੀ ਸਿੰਘ
ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

### ਸੰਗਤ ਦੇ ਸੇਵਾਦਾਰ


ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

# ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਜਨਮ ਅਧਿਕਾਰ ਨਾਗਰਿਕਤਾ ਆਦੇਸ਼ ਨਾਲ ਗਰੀਨ ਕਾਰਡ ਦੀ ਕਤਾਰ ਵਿਚ ਲੱਗੇ 10 ਲੱਖ ਤੋਂ ਵਧ ਭਾਰਤੀ ਹੋਣਗੇ ਪ੍ਰਭਾਵਿਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਹੁੰ ਚੁੱਕਣ ਉਪਰੰਤ 20 ਜਨਵਰੀ ਨੂੰ ਜਾਰੀ ਆਦੇਸ਼ ਜਿਸ ਦਾ ਸਿਰਲੇਖ ਹੈ 'ਪ੍ਰੋਟੈਕਟਿੰਗ ਦ ਮੀਨਿੰਗ ਐਂਡ ਵੈਲਯੂ ਆਫ ਅਮੈਰਕੀਨ ਸਿਟੀਜ਼ਨਸ਼ਿਪ' ਨਾਲ ਲੱਖਾਂ ਪ੍ਰਵਾਸੀ ਪ੍ਰਭਾਵਿਤ ਹੋਣਗੇ। ਇਕ ਰਿਪੋਰਟ ਅਨੁਸਾਰ ਟਰੰਪ ਦੇ ਇਸ ਆਦੇਸ਼ ਨਾਲ ਪਿਛਲੇ ਲੰਬੇ ਸਮੇ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ 10 ਲੱਖ ਤੋਂ ਵਧ ਭਾਰਤੀਆਂ ਉਪਰ ਅਸਰ ਪਵੇਗਾ। ਇਸ ਆਦੇਸ਼ ਨਾਲ ਕਾਨੂੰਨੀ ਦਰਜੇ ਦੀ ਉਡੀਕ ਕਰ ਰਹੇ ਭਾਰਤੀਆਂ ਦੇ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਦਾ ਨਾਗਰਿਕਤਾ ਦਰਜਾ ਜੋਖਮ ਵਿਚ ਪੈ ਜਾਵੇਗਾ ਤੇ ਇਹ ਪਰਿਵਾਰ ਕਾਨੂੰਨੀ ਲੜਾਈ ਲੜਨ ਲਈ ਮਜਬੂਰ ਹੋ ਜਾਣਗੇ। ਇਸ ਆਦੇਸ਼ ਤਹਿਤ ਜਨਮ ਅਧਾਰਤ ਨਾਗਰਿਕਤਾ ਰੱਦ ਕਰਨ ਦੀ ਵਿਵਸਥਾ ਹੈ ਜੋ ਨਾਗਰਿਕਤਾ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਨੂੰ ਖੁਦ ਬਖੁਦ ਮਿਲੀ ਹੋਈ ਹੈ। ਇਸ ਤਬਦੀਲੀ ਨਾਲ ਖਾਸ ਕਰਕੇ ਉਨਾਂ ਭਾਰਤੀ ਪਰਿਵਾਰਾਂ ਉਪਰ ਸਿੱਧਾ ਅਸਰ ਪਵੇਗਾ ਜੋ ਆਰਜੀ ਵੀਜੇ ਉਪਰ ਹਨ ਜਿਵੇਂ ਕਿ ਐਚ-2 ਬੀ ਵਰਕ ਵੀਜਾ ਜਾਂ ਐਚ 4 ਆਸ਼ਰਿਤ ਵੀਜੇ ਵਾਲੇ ਭਾਰਤੀ ਜੋ ਜਨਮ ਅਧਿਕਾਰ ਨਾਗਰਿਤਾ ਨੂੰ ਆਪਣੇ ਬੱਚਿਆਂ ਲਈ ਸੁਰੱਖਿਆ ਕਵਚ ਸਮਝਦੇ ਹਨ। ਨਵੇਂ ਆਦੇਸ਼ ਤਹਿਤ ਜੋ ਲੋਕ ਅਮਰੀਕੀ ਨਾਗਰਿਕ ਨਹੀਂ ਹਨ ਜਾਂ ਆਰਜੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਮਾਪਿਆਂ ਦੇ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਨੂੰ ਖੁਦ ਬਖੁਦ ਨਾਗਰਿਕਤਾ ਨਹੀਂ ਮਿਲੇਗੀ। ਆਪਣੇ ਆਦੇਸ਼ ਵਿਚ ਟਰੰਪ ਨੇ ਅਮਰੀਕੀ ਸਵਿਧਾਨ ਦੀ 14 ਵੀਂ ਸੋਧ ਦੀ ਲੰਬੇ ਸਮੇ ਤੋਂ ਕੀਤੀ ਜਾ ਰਹੀ ਵਿਆਖਿਆ ਨੂੰ ਚੁਣੌਤੀ ਦਿੱਤੀ ਹੈ ਜਿਸ ਤਹਿਤ ਜਨਮ ਅਧਾਰਤ ਨਾਗਰਿਕਤਾ ਦੀ ਵਿਵਸਥਾ ਹੈ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਇਸ ਸੋਧ ਦਾ ਇਹ ਮਤਲਬ ਨਹੀਂ ਹੈ ਕਿ ਇਹ ਸਾਰਿਆਂ 'ਤੇ ਲਾਗੂ ਹੋਵੇਗੀ। ਇਸ ਆਦੇਸ਼ ਵਿਚ ਜਨਮ ਸੈਰ-ਸਪਾਟਾ ਨੂੰ ਖਤਮ ਕਰਨ ਦੀ ਵਿਵਸਥਾ ਹੈ ਜੋ ਢੰਗ ਤਰੀਕਾ ਵਿਦੇਸ਼ੀ ਲੰਬੇ ਸਮੇ ਤੋਂ ਵਰਤਦੇ ਆ ਰਹੇ ਹਨ ਤੇ ਉਹ ਬੱਚੇ ਨੂੰ ਜਨਮ ਦੇਣ ਲਈ ਅਮਰੀਕਾ ਆਉਂਦੇ ਹਨ। ਇਨਾਂ ਵਿਚ ਭਾਰਤੀਆਂ ਤੇ ਮੈਕਸੀਕੀ ਲੋਕਾਂ ਦੀ ਗਿਣਤੀ ਵਧੇਰੇ ਹੈ।



# 18 ਹਜਾਰ ਤੋਂ ਵਧ ਭਾਰਤੀਆਂ ਉਪਰ ਦੇਸ਼ ਨਿਕਾਲੇ ਦੀ ਲਟਕੀ ਤਲਵਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹੋਰ ਦੇਸ਼ਾਂ ਦੇ ਪਰਵਾਸੀਆਂ ਤੋਂ ਇਲਾਵਾ ਬਿਨਾਂ ਦਸਤਾਵੇਜ ਰਹਿ ਰਹੇ ਭਾਰਤੀਆਂ ਸਮੇਤ ਲੱਖਾਂ ਪਰਵਾਸੀਆਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਲਈ ਟਰੰਪ ਪ੍ਰਸ਼ਾਸਨ ਤਤਪਰ ਹੈ ਤੇ ਮੀਡਆ ਰਿਪੋਰਟਾਂ ਅਨੁਸਾਰ ਇਸ ਕਾਰਵਾਈ ਵਿਚ ਕਿਸੇ ਵੀ ਗੈਰ ਕਾਨੂੰਨੀ ਪ੍ਰਵਾਸੀ ਨੂੰ ਢਿੱਲ ਮਿਲਣ ਦੀ ਸੰਭਾਵਨਾ ਨਹੀਂ ਹੈ ਭਾਵੇਂ ਉਸ ਦਾ ਸਬੰਧ ਭਾਰਤ ਸਮੇਤ ਕਿਸੇ ਵੀ ਹੋਰ ਦੇਸ਼ ਨਾਲ ਹੋਵੇ।

ਬਲੂਮਬਰਗ ਰਿਪੋਰਟਾਂ ਅਨੁਸਾਰ ਫਿਲਹਾਲ 18000 ਤੋਂ ਵਧ ਭਾਰਤੀਆਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਹੈ। ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਅਸਲ ਵਿਚ ਇਹ ਗਿਣਤੀ ਬਹੁਤ ਜਿਆਦਾ ਹੋ ਸਕਦੀ ਹੈ ਕਿਉਂਕਿ ਅਜੇ ਬਿਨਾਂ ਦਸਤਾਵੇਜ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਲੋਕਾਂ ਦੀ ਜਾਂਚ ਪੜਤਾਲ ਚਲ ਰਹੀ ਹੈ। ਪੀਊ ਰਿਸਰਚ ਸੈਂਟਰ ਅਨੁਸਾਰ ਅਮਰੀਕਾ ਵਿਚ ਗੈਰ ਕਾਨੂੰਨੀ ਰਹਿ ਰਹੇ ਅਨੁਮਾਨਤ 7,25,000 ਪਰਵਾਸੀਆਂ ਵਿਚ ਭਾਰਤੀਆਂ ਦੀ ਗਿਣਤੀ ਤੀਸਰੇ ਸਥਾਨ 'ਤੇ ਹੈ।

# ਜਨਮ ਅਧਿਕਾਰ ਨਾਗਰਿਕਤਾ ਖਤਮ ਕਰਨ ਦੇ ਆਦੇਸ਼ ਉਪਰ ਅਦਾਲਤ ਨੇ ਲਾਈ ਆਰਜੀ ਰੋਕ, ਟਰੰਪ ਕਰਨਗੇ ਅਪੀਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਉਪਰੰਤ ਉਸੇ ਦਿਨ ਸ਼ਾਮ ਵੇਲੇ ਡੋਨਾਲਡ ਟਰੰਪ ਵੱਲੋਂ ਜਨਮ ਅਧਿਕਾਰ ਨਾਗਰਿਕਤਾ ਖਤਮ ਕਰਨ ਲਈ ਜਾਰੀ ਕੀਤੇ ਗਏ ਆਦੇਸ਼ ਉਪਰ ਸਿਆਟਲ ਦੀ ਇਕ ਅਦਾਲਤ ਨੇ ਰੋਕ ਲਾ ਦਿੱਤੀ ਹੈ। ਅਦਾਲਤ ਦੇ ਇਸ ਫੈਸਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਆਪਣੇ ਵਲ ਸਥਿੱਤ ਦਫਤਰ ਵਿਚ ਟਰੰਪ ਨੇ ਕਿਹਾ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਟਰੰਪ ਨੇ ਇਹ ਵੀ ਕਿਹਾ ਕਿ ਮੈਨੂੰ ਇਸ ਫੈਸਲੇ 'ਤੇ ਕਈ ਹੈਰਾਨੀ ਨਹੀਂ ਹੋਈ ਹੈ। ਸਿਆਟਲ ਦੇ ਯੂ ਐਸ ਡਿਸਟ੍ਰਿਕਟ ਜੱਜ ਜੌਹਨ ਕੌਘਨੂਰ ਨੇ ਰਾਸ਼ਟਰਪਤੀ ਟਰੰਪ ਦੇ ਆਦੇਸ਼ ਨੂੰ ਖੁਲੇਆਮ ਗੈਰਸਵਿਧਾਨਕ ਕਰਾਰ ਦਿੱਤਾ ਹੈ। ਜੱਜ ਨੇ ਇਸ ਉਪਰ ਰੋਕ ਲਾਉਣ ਬਾਰੇ ਹੁਕਮ ਜਾਰੀ ਕਰਦਿਆਂ ਟਰੰਪ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਇਸ ਉਪਰ ਅਮਲ ਨਾ ਕੀਤਾ ਜਾਵੇ। ਇਸ ਦੇ ਜਵਾਬ ਵਿਚ ਡੈਮੋਕਰੈਟਿਕ ਪਾਰਟੀ ਦੀ ਸੱਤਾ ਵਾਲੇ 4 ਰਾਜਾਂ ਵਾਸ਼ਿੰਗਟਨ, ਇਲੀਨੋਇਸ, ਐਰੀਜ਼ੋਨਾ ਤੇ ਰੇਗੋਨ ਨੇ ਸਾਕਾਰਤਾਮਿਕ ਹੁੰਗਾਰਾ ਭਰਿਆ। ਜੱਜ ਕੌਘਨੂਰ ਦੀ ਨਿਯੁਕਤੀ ਰਿਪਬਲੀਕਨ ਰਾਸ਼ਟਰਪਤੀ ਰੋਨਾਲਡ ਰੀਗਨ ਦੁਆਰਾ ਕੀਤੀ ਗਈ ਸੀ। ਟਰੰਪ ਵੱਲੋਂ ਜਾਰੀ ਆਦੇਸ਼ ਨਾਲ ਅਮਰੀਕਾ ਵਿਚ ਪੈਦਾ ਹੋਣ ਵਾਲੇ ਉਨਾਂ ਬੱਚਿਆਂ ਨੂੰ ਖੁਦ-ਬਖੁਦ ਨਾਗਰਿਕਤਾ ਨਹੀਂ ਮਿਲੇਗੀ ਜਿਨਾਂ ਦੀ ਮਾਂ ਜਾਂ ਪਿਤਾ ਅਮਰੀਕੀ ਨਾਗਿਰਕ ਨਹੀਂ ਹੋਵੇਗਾ ਜਾਂ ਉਹ ਅਮਰੀਕਾ ਦੇ ਕਾਨੂੰਨੀ ਤੌਰ 'ਤੇ ਪੱਕੇ ਵਸਨੀਕ ਨਹੀਂ ਹੋਣਗੇ। ਇਹ ਆਦੇਸ਼ 19 ਫਰਵਰੀ ਤੋਂ ਲਾਗੂ ਹੋਵੇਗਾ। ਟਰੰਪ ਦੇ ਇਸ ਆਦੇਸ਼ ਦੇ ਅਲੋਚਕਾਂ ਦਾ ਕਹਿਣਾ ਹੈ ਕਿ ਇਹ ਆਦੇਸ਼ ਸਵਿਧਾਨ ਦੀ 14 ਵੀਂ ਸੋਧ ਦੀ ਉਲੰਘਣਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਰ ਉਹ ਵਿਅਕਤੀ ਜੋ ਅਮਰੀਕਾ ਵਿਚ ਪੈਦਾ ਹੋਇਆ ਹੈ, ਕੁੱਦਰਤੀ ਤੌਰ 'ਤੇ ਅਮਰੀਕੀ ਸ਼ਹਿਰੀ ਹੈ। 22 ਰਾਜਾਂ ਦੇ ਡੈਮੋਕਰੈਟਿਕ ਅਟਾਰਨੀ ਜਨਰਲਾਂ ਤੇ ਮਨੁੱਖੀ ਅਧਿਕਾਰਾਂ ਬਾਰੇ ਸਮੂੰਹਾਂ ਨੇ ਇਸ ਆਦੇਸ਼ ਵਿਰੁੱਧ ਪਟੀਸ਼ਨਾਂ ਦਾਇਰ ਕੀਤੀਆਂ ਹਨ। ਅਮਰੀਕਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਇਸ ਆਦੇਸ਼ ਵਿਰੁੱਧ ਰੈਲੀਆਂ ਵੀ ਕੱਢੀਆਂ ਗਈਆਂ ਹਨ।







# 'ਪੰਜਾਬ ਐਕਸਪ੍ਰੈਸ' ਅਖ਼ਬਾਰ ਦੇ ਮੁੱਖ ਸੰਪਾਦਕ ਰਹੇ ਸਤਿਨਾਮ ਸਿੰਘ ਰਟੈਂਡਾ ਦਾ ਦੇਹਾਂਤ

ਪੰਜਾਬੀ ਭਾਈਚਾਰੇ ਅੰਦਰ ਜਾਣ ਪਹਿਚਾਣੀ ਸਖਸੀਅਤ ਅਤੇ 'ਪੰਜਾਬ ਐਕਸਪ੍ਰੈਸ' ਅਖ਼ਬਾਰ ਦੇ ਮੁੱਖ ਸੰਪਾਦਕ ਰਹੇ ਸਤਿਨਾਮ ਸਿੰਘ ਰਟੈਂਡਾ ਜੀ ਜਨਵਰੀ 24, 2025 ਨੂੰ ਆਪਣੀ 68 ਸਾਲ ਦੀ ਉਮਰ ਬਿਤਾਕੇ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਸਤਨਾਮ ਸਿੰਘ ਰਟੈਂਡਾ ਜੀ ਆਪਣੇ ਪਰਿਵਾਰ ਦੇ ਉਜਵਲ ਭਵਿੱਖ ਲਈ ਤਕਰੀਬਨ 43 ਸਾਲ ਪਹਿਲਾ ਆਪਣੇ ਪਿੰਡ ਰਟੈਂਡਾ ਤੋਂ ਨਿਊਯਾਰਕ ਅਮਰੀਕਾ ਦੀ ਧਰਤੀ ਤੇ ਆਏ ਸਨ। ਇੱਥੇ ਉਹ ਪਹਿਲਾਂ ਯੈਲੋ ਟੈਕਸੀ ਫਿਰ ਵੱਡਾ ਟਰੱਕ ਚਲਾਉਣ ਦੇ ਨਾਲ ਨਾਲ ਅਖਬਾਰਾ ਲਈ ਵੀ ਲਿਖਦੇ ਰਹੇ। ਸਤਨਾਮ ਸਿੰਘ ਰਟੈਂਡਾ ਜੀ ਨੇ ਆਪਣਾ ਅਖ਼ਬਾਰ ਪੰਜਾਬ ਐਕਸਪ੍ਰੈਸ ਕਾਫ਼ੀ ਲੰਬਾ ਸਮਾ ਨਿਊਜਰਸੀ ਤੋ ਪ੍ਰਕਾਸ਼ਤ ਕੀਤਾ। ਰਟੈਂਡਾ ਜੀ ਨੂੰ ਅੱਖਾਂ ਦੀ ਨਿਗਾ ਜਾਣ ਕਾਰਨ ਅਖ਼ਬਾਰ ਬੰਦ ਕਰਨਾ ਪਿਆ ਪਰ ਸਮਾਜਿਕ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ। ਸਤਨਾਮ ਸਿੰਘ ਰਟੈਂਡਾ ਦੇ ਅੰਤਿਮ ਦਰਸ਼ਨ 10 ਤੋਂ 12 ਵਜੇ ਤੱਕ Lehrer Gibilisco Funral Home New Rahway Jersey ਵਿਖੇ ਅਤੇ ਸੰਸਕਾਰ 12.30 ਵਜੇ Rosehill Cemetery and Crematory Linden New Jercy ਵਿਖੇ 1 ਫ਼ਰਵਰੀ 2025 ਦਿਨ ਸ਼ਨਿਚਰਵਾਰ ਨੂੰ ਕੀਤਾ ਜਾਵੇਗਾ। ਸੰਸਕਾਰ ਤੋਂ ਬਾਅਦ ਸ੍ਰੀ ਅਖੰਡ ਪਾਠ ਦੇ ਭੋਗ ਅਤੇ ਅੰਤਮ ਅਰਦਾਸ 1.30 ਵਜੇ ਤੋਂ ਗੁਰਦੁਆਰਾ ਦਸਮੇਸ਼ ਦਰਬਾਰ ਕਾਰਟਰੇਟ ਨਿਊਜਰਸੀ ਵਿਖੇ ਹੋਵੇਗੀ। ਸਤਨਾਮ ਸਿੰਘ ਰਟੈਂਡਾ ਜੀ ਜਿਹਨਾ ਨੇ ਆਪਣੇ ਮਿਲਾਪੜੇ ਸੁਭਾਅ ਨਾਲ ਸੰਸਾਰ ਦੇ ਹਰ ਰਿਸ਼ਤੇ ਦੇ ਦਿਲ ਵਿੱਚ ਵੱਖਰੀ ਪਹਿਚਾਣ ਬਣਾਈ। ਆਪਣੀ 68 ਸਾਲ ਦੀ ਉਮਰ ਵਿੱਚ ਪਰਿਵਾਰਕ ਅਤੇ ਪੰਜਾਬ ਐਕਸਪ੍ਰੈਸ ਅਖਬਾਰ ਦੇ ਸੰਪਾਦਕ ਵਜੋਂ ਜਿੰਮੇਵਾਰੀ ਨਿਭਾਉਂਦਿਆਂ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕੀਤਾ ਪਰ ਸਚਾਈ ਦੇ ਸਿਧਾਂਤ ਨਾਲ ਕੋਈ ਸਮਝੋਤਾ ਨਹੀ ਕੀਤਾ। ਸਤਿਗੁਰੂ ਦੇ ਚਰਨਾ ਵਿੱਚ ਅਰਦਾਸ ਹੈ ਕਿ ਉਹਨਾ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ਦਿਆਂ ਪਿੱਛੇ ਪਰਿਵਾਰ ਅਤੇ ਯਾਰਾਂ ਦੋਸਤਾਂ ਨੂੰ ਆਪਣੇ ਸ਼ਬਦ ਦੀ ਤਾਕਤ ਬਖ਼ਸ਼ਸ਼ ਕਰਨ ਕਿ ਵਿਛੋੜੇ ਦੀ ਚੀਸ ਘੱਟ ਸਕੇ।

**– ਨਿਰਮਲ ਸਿੰਘ, ਨਿਊਯਾਰਕ**




# ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਨੇ ਸੰਤ ਨਿਰੰਜਨ ਦਾਸ ਜੀ ਦਾ ਮਨਾਇਆ ਜਨਮ ਦਿਹਾੜਾ

## ਸਮਾਜ ਦੀ ਪੀ ਐਚ ਡੀ ਬੇਟੀ ਡਾ. ਸੀਮਾ ਮਾਹੀ ਤੇ ਡਾ. ਐਨ ਮਰਫੀ ਦਾ ਸਨਮਾਨ



**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**–ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਸਰੀ ਵੈਨਕੂਵਰ ਵਲੋਂ ਇਕ ਵਿਸ਼ੇਸ਼ ਸਮਾਗਮ ਰਚਾ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ਼੍ਰੀਮਾਨ ਸੰਤ ਨਿਰੰਜਨ ਦਾਸ ਜੀ ਦਾ ਜਨਮ ਦਿਨ ਸਮੁੱਚੀ ਸਾਧ ਸੰਗਤ ਵਲੋਂ ਮਨਾਇਆ ਗਿਆ। ਇਸ ਤੋਂ ਪਹਿਲਾਂ ਸ਼੍ਰੀ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦੇ ਜਾਪ ਕੀਤੇ ਗਏ। ਜਿਸ ਵਿੱਚ ਪਾਠ ਦੀ ਸੇਵਾ ਸਤਿਕਾਰਯੋਗ ਰਾਮ ਪ੍ਰਕਾਸ਼ ਭੱਟੀ ਜੀ ਨੇ ਨਿਭਾਈ। ਸਰਬੱਤ ਸੰਗਤ ਨੇ ਸ੍ਰੀਮਾਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਲੰਬੀ ਉਮਰ ਤੰਦਰੁਸਤੀ ਅਤੇ ਸਮਾਜ ਦੀ ਸੇਵਾ ਦੀ ਕਾਮਨਾ ਕਰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਟਰੱਸਟ ਦੇ ਕਨਵੀਨਰ ਸ੍ਰੀਮਾਨ ਵਰਿੰਦਰ ਬੰਗੜ ਜੀ ਨੇ ਟਰੱਸਟ ਦੀਆਂ ਚੱਲ ਰਹੀਆਂ ਸੇਵਾਵਾਂ ਸਬੰਧੀ ਸੰਗਤ ਨੂੰ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਡਾ. ਐਨ ਮਰਫੀ ਅਤੇ ਡਾ. ਸੀਮਾ ਮਾਹੀ ਸਮਾਗਮ ਵਿੱਚ ਹਾਜ਼ਰ ਹੋਏ, ਜਿਨ੍ਹਾਂ ਨੂੰ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਦੇ ਸਮੂਹ ਅਹੁਦੇਦਾਰਾਂ ਵਲੋਂ ਵਿਸ਼ੇਸ਼ ਤੌਰ ਤੇ ਰਵਿਦਾਸੀਆ ਸਮਾਜ ਦੀਆਂ ਸੇਵਾਵਾਂ ਬਦਲੇ ਸਨਮਾਨ ਕੀਤਾ। ਇਸ ਮੌਕੇ ਕਨਵੀਨਰ ਵਰਿੰਦਰ ਬਿੱਟਾ ਜੀ ਨੇ ਦੱਸਿਆ ਕਿ ਡਾ. ਸੀਮਾ ਮਾਹੀ ਰਵਿਦਾਸੀਆ ਧਰਮ ਤੇ 2023 ਵਿੱਚ ਪੀਐਚਡੀ ਕਰਕੇ ਸਮਾਜ ਦਾ ਮਾਣ ਵਧਾਇਆ ਹੈ ਅਤੇ ਅੱਜਕੱਲ੍ਹ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਬਤੌਰ ਏ ਡਾਕਟਰੇਟ ਅਹੁਦੇ ਤੇ ਕਾਰਜਸ਼ੀਲ ਹੈ। ਡਾ. ਐਨ ਮਰਫੀ ਡੇਰਾ ਸੱਚਖੰਡ ਬੱਲਾਂ ਦੀ ਸ਼ਰਧਾਲੂ ਹੈ, ਜੋ 2005 ਵਿੱਚ ਇੱਕ ਹਫ਼ਤਾ ਸੱਚਖੰਡ ਬੱਲਾਂ ਵਿਖੇ ਬਿਤਾ ਕੇ ਸਮਾਜ ਦੀਆਂ ਸੇਵਾਵਾਂ ਤੋਂ ਜਾਗਰੂਕ ਹੋਈ ਅਤੇ ਮਹਾਂਪੁਰਸ਼ਾਂ ਦੇ ਮਹਾਨ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੀ ਸ਼ਰਧਾਲੂ ਬਣੀ। ਇਸ ਵਾਰ ਡਾ. ਐਨ ਮਰਫੀ ਫਿਰ ਦੁਬਾਰਾ ਫਰਵਰੀ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਮਨਾਉਣ ਲਈ ਡੇਰਾ ਸੱਚਖੰਡ ਬੱਲਾਂ ਅਤੇ ਕਾਂਸ਼ੀ ਬਨਾਰਸ ਆਪਣੀ ਹਾਜ਼ਰੀ ਭਰ ਰਹੀ ਹੈ । ਇਸ ਮੌਕੇ ਗਾਇਕ ਪੰਮਾ ਸੁੰਨੜ ਅਤੇ ਸ਼ਾਮ ਪੰਡੋਰੀ ਨੇ ਮਹਾਂਪੁਰਸ਼ਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਅੰਤ ਵਿੱਚ ਸਰਬੱਤ ਦੇ ਭਲੇ ਲਈ ਸ਼੍ਰੀਮਤੀ ਪੂਨਮ ਬੰਗੜ ਜੀ ਵਲੋਂ ਅਰਦਾਸ ਬੇਨਤੀ ਕੀਤੀ ਗਈ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop





ਦੇਸ਼ ਦੁਆਬਾ

**31 ਜਨਵਰੀ 'ਤੇ ਵਿਸ਼ੇਸ਼**

# ਦਲਿਤ ਚੇਤਨਾ ਅਤੇ ਮੀਡੀਆ

*ਮਹਿਮਾਨ ਸੰਪਾਦਕੀ*




मूकनायक



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਭਾਰਤੀ ਦਲਿਤ ਮੀਡੀਆ ਦੇ ਇਤਿਹਾਸ ਵਿਚ 31 ਜਨਵਰੀ 1920 ਇਕ ਮਹੱਤਵਪੂਰਨ ਦਿਨ ਹੈ, ਜਦੋਂ ਸਦੀਆਂ ਤੋਂ ਪੀੜਤ ਤੇ ਬੇਜ਼ਬਾਨ ਹੋਏ ਲੋਕਾਂ ਨੂੰ ਹਫਤਾਵਾਰੀ 'ਮੂਕ ਨਾਇਕ' ਅਖ਼ਬਾਰ ਸ਼ੁਰੂ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲਿਖਤੀ ਰੂਪ ਵਿਚ ਜ਼ੁਬਾਨ ਦਿੱਤੀ। 'ਮੂਕ ਨਾਇਕ' ਤੋਂ ਭਾਵ ਹੈ 'ਗੂੰਗਿਆਂ ਦਾ ਨੇਤਾ'। ਸੈਂਕੜੇ ਸਾਲਾਂ ਤੋਂ ਸ਼ਰੁਤੀਆਂ ਤੇ ਸਿਮ੍ਰਤੀਆਂ ਰਚਣ ਵਾਲਿਆਂ ਨੇ ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਅਛੂਤਾਂ ਦੀ ਜ਼ੁਬਾਨ (ਜੀਭ) ਕੱਟਣ ਵਾਲੇ ਫਤਵੇ ਜਾਰੀ ਕਰਕੇ ਉਨ੍ਹਾਂ ਨੂੰ ਸਦੀਵੀ ਤੌਰ ਤੇ ਗੂੰਗੇ ਬਣਾ ਦਿੱਤਾ ਸੀ। ਉਨ੍ਹਾਂ ਦੇ ਦੁੱਖਾਂ, ਦਰਦਾਂ ਅਤੇ ਪੀੜਾਂ ਨੂੰ 'ਮੂਕ ਨਾਇਕ' ਪੇਪਰ ਰਾਹੀਂ ਜ਼ੁਬਾਨ ਦੇਣ ਦਾ ਅਤੀ ਉਤਸ਼ਾਹੀ ਅਤੇ ਪ੍ਰੇਰਕ ਕਾਰਜ ਡਾ. ਅੰਬੇਡਕਰ ਨੇ 104 ਸਾਲ ਪਹਿਲਾਂ 31 ਜਨਵਰੀ 1920 ਨੂੰ ਆਰੰਭ ਕੀਤਾ ਸੀ। ਇਸ ਇਕ ਸਦੀ ਦੇ ਦੌਰਾਨ ਪ੍ਰੈਸ ਅਤੇ ਮੀਡੀਆ ਦੇ ਖੇਤਰ ਵਿਚ ਤਤਕਾਲੀਨ 'ਬਹਿਸ਼ਕ੍ਰਿਤ' ਸਮਾਜ ਨੇ ਕੀ ਖੱਟਿਆ, ਕੀ ਕਮਾਇਆ, ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਬਾਰੇ ਵਿਚਾਰ-ਚਰਚਾ ਇਕ ਵੱਖਰੇ ਖੋਜ ਕਾਰਜ ਦਾ ਵਿਸ਼ਾ ਹੈ, ਪਰ ਕਿਸੇ ਵੀ ਸਮਾਜ, ਸ਼੍ਰੇਣੀ ਅਤੇ ਵਰਗ ਦੇ ਬੌਧਿਕ ਵਿਕਾਸ, ਸਮਾਜਿਕ ਅਤੇ ਰਾਜਨੀਤਿਕ ਚੇਤਨਾ ਲਈ ਮੀਡੀਆ ਦੇ ਅਤੀ ਮਹੱਤਵਪੂਰਨ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਅਜੋਕੇ ਤਕਨੀਕੀ ਅਤੇ ਡਿਜ਼ੀਟਲ ਯੁੱਗ ਵਿਚ ਤਾਂ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਮੀਡੀਏ ਦਾ ਹੀ ਯੋਗਦਾਨ ਹੈ। ਦੁਨੀਆਂ ਭਰ ਦੇ ਸਿਆਸੀ ਮੈਦਾਨ ਵਿਚ ਅਖ਼ਬਾਰਾਂ, ਇਲੈਕਟ੍ਰਾਨਿਕ ਮੀਡੀਆ ਅਤੇ ਜਨ ਪ੍ਰਚਾਰ ਦੇ ਸਾਰੇ ਸਾਧਨ ਲੋਕ-ਮਤ ਘੜਨ ਵਿਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਮੀਡੀਆ ਕਿਸੇ ਵੀ ਸਮਾਜ ਅਤੇ ਦੇਸ਼ ਦੇ ਲੋਕਾਂ ਲਈ ਸਕਾਰਾਤਮਕ ਅਤੇ ਨਕਾਰਾਤਮਕ, ਦੋਨੋਂ ਪ੍ਰਕਾਰ ਦਾ ਰੋਲ ਅਦਾ ਕਰ ਸਕਦਾ ਹੈ। ਮੀਡੀਆ ਮਨੁੱਖੀ ਮਨ ਵਿਚ ਵਿਗਿਆਨਕ ਸੋਚ ਵੀ ਪੈਦਾ ਕਰ ਸਕਦਾ ਹੈ ਅਤੇ ਪੱਥਰ ਯੁੱਗ ਦੀਆਂ ਮਿਥਿਹਾਸਕ ਕਥਾ-ਕਹਾਣੀਆਂ ਦੁਆਰਾ ਲੋਕ-ਮਨਾਂ ਵਿਚ ਅੰਧ-ਵਿਸ਼ਵਾਸ ਪੈਦਾ ਕਰਕੇ ਉਨ੍ਹਾਂ ਨੂੰ ਅੰਧਕਾਰ-ਯੁੱਗ ਦੇ ਗੂੜ੍ਹੇ-ਕਾਲੇ ਹਨੇਰਿਆਂ ਵਿਚ ਵੀ ਧਕੇਲ ਸਕਦਾ ਹੈ।

31 ਜਨਵਰੀ ਸਾਡੇ ਸਮਾਜ ਲਈ ਇਸ ਕਰਕੇ ਇਤਿਹਾਸਕ ਮਹੱਤਤਾ ਰੱਖਦੀ ਹੈ ਕਿ ਡਾ. ਅੰਬੇਡਕਰ ਨੇ ਇਸ ਦਿਨ ਲਤਾੜੇ, ਪਿਛਾੜੇ ਤੇ ਦੁਰਕਾਰੇ ਲੋਕ-ਮਨਾਂ ਵਿਚ 'ਮੂਕ ਨਾਇਕ' ਪੱਤ੍ਰਿਕਾ ਰਾਹੀਂ ਜਨ-ਚੇਤਨਾ ਦੀ ਅਜਿਹੀ ਚਿੰਗਾਰੀ ਪੈਦਾ ਕੀਤੀ ਜੋ ਕੁਝ ਸਾਲਾਂ ਵਿਚ ਜ਼ੋਰ, ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਇਕ ਭਾਂਬੜ ਦਾ ਰੂਪ ਧਾਰਨ ਕਰ ਗਈ। ਡਾ. ਅੰਬੇਡਕਰ ਦਾ ਮੱਤ ਸੀ ਕਿ ਸਾਡਾ ਅੰਦੋਲਨ ਸਵੈ-ਮਾਣ ਅਤੇ ਸੁਤੰਤਰਤਾ ਪ੍ਰਾਪਤੀ ਲਈ ਹੈ ਅਤੇ ਇਸ ਦਾ ਮੂਲ ਮੰਤਵ ਸ਼ਕਤੀ, ਮਜ਼ਬੂਤੀ, ਸਮਾਨਤਾ ਅਤੇ ਭਾਇ-ੀਚਾਰਾ ਹੈ। ਕਾਲੇ ਸਮਿਆਂ ਵਿਚ ਰਚੇ ਸ਼ਾਸਤਰਾਂ, ਸਿਮ੍ਰਤੀਆਂ ਦੁਆਰਾ ਸ਼ਾਸਿਤ ਹੋਣ ਅਤੇ ਇਨ੍ਹਾਂ ਪ੍ਰਤੀ ਪ੍ਰਤੀਬੱਧ ਹੋਣ ਤੋਂ ਅਸੀਂ ਇਨਕਾਰ ਕਰਦੇ ਹਾਂ। (ਵਾਲਿਊਮ 17 (1), ਪੰਨਾ 24) ਇਸ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਪ੍ਰਬੱਲ ਇੱਛਾ ਸੀ ਕਿ ਆਪਣੇ ਸਵੈ-ਮਾਣ 'ਤੇ ਸੁਤੰਤਰਤਾ ਦੇ ਅੰਦੋਲਨ ਦਾ ਹਰ ਥਾਂ 'ਤੇ ਪ੍ਰਚਾਰ ਤੇ ਪਾਸਾਰ ਹੋਵੇ, ਇਸ ਉਦੇਸ਼ ਲਈ ਹਰ ਪ੍ਰਾਂਤ ਵਿਚ ਘੱਟੋ-ਘੱਟ ਸਾਡਾ ਇਕ ਅਖ਼ਬਾਰ ਤਾਂ ਹੋਣਾ ਹੀ ਚਾਹੀਦਾ ਹੈ, ਨਹੀਂ ਤਾਂ ਆਉਣ ਵਾਲੇ ਸਮਿਆਂ ਵਿਚ ਸਾਡੀ ਸਥਿਤੀ ਬੇਹੱਦ ਭਿਆਨਕ ਹੋਵੇਗੀ। (ਖੰਡ 28, ਪੰਨਾ 275)

ਅਛੂਤ ਸਮਾਜ ਵਿਚ ਚੇਤਨਾ ਪੈਦਾ ਕਰਨ ਲਈ ਡਾ. ਅੰਬੇਡਕਰ ਸਾਹਿਬ ਨੇ 1920 ਤੋਂ ਨਿਰੰਤਰ ਸਮੇਂ-ਸਮੇਂ ਤੇ ਚਾਰ ਅਖ਼ਬਾਰਾਂ ਮੂਕ ਨਾਇਕ (1920), ਬਹਿਸ਼ਕ੍ਰਿਤ ਭਾਰਤ (1927), ਜਨਤਾ (1930) ਅਤੇ ਇਸ ਉਪਰੰਤ 'ਪ੍ਰਬੁੱਧ ਭਾਰਤ' ਸ਼ੁਰੂ ਕੀਤੇ। ਰਾਜਨੀਤਿਕ ਸੁਤੰਤਰਤਾ ਅਤੇ ਸਮਾਜਿਕ ਇਨਸਾਫ ਲਈ ਪ੍ਰੈਸ ਅਤੇ ਅਖ਼ਬਾਰ ਦੀ ਮਹੱਤਤਾ ਨੂੰ ਸਵੀਕਾਰਦਿਆਂ 26 ਅਗਸਤ 1940 ਨੂੰ ਬੰਬਈ ਵਿਖੇ ਮਿਊਂਸੀਪਲ ਕਮੇਟੀ ਦੇ 'ਅਛੂਤ' ਕਾਮਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਆਪਣੇ ਪੂਰੇ ਅੰਦੋਲਨ ਦਾ ਸਾਰ ਆਪਣੇ ਅਖ਼ਬਾਰ ਵਿਚ ਹੈ ਅਤੇ ਇਹ ਅਖ਼ਬਾਰ ਪਿਛਲੇ 20-22 ਸਾਲਾਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੇ ਸਾਹਮਣੇ ਆਉਂਦਾ ਰਿਹਾ ਹੈ। ਪਹਿਲਾਂ 'ਮੂਕ ਨਾਇਕ', ਫਿਰ 'ਬਹਿਸ਼ਕ੍ਰਿਤ ਭਾਰਤ' ਅਤੇ ਅੱਜ 'ਜਨਤਾ' ਉਸਦੇ ਵੱਖੋ-ਵੱਖਰੇ ਰੂਪ ਹਨ। 'ਭਾਰਤ ਭੂਸ਼ਣ' ਛਾਪਾਖਾਨਾ 'ਜਨਤਾ' ਅਖ਼ਬਾਰ ਨੂੰ ਜਨਮ ਦਿੰਦਾ ਹੈ ਅਤੇ ਬਿੱਲੀ ਦੇ ਬੱਚਿਆਂ ਵਾਂਗ ਮੈਂ ਇਨ੍ਹਾਂ ਨੂੰ ਪਾਲਿਆ ਹੈ। (ਖੰਡ 38, ਪੰਨਾ 299)।

ਇਹ ਗੱਲ ਯਾਦ ਰੱਖਣ ਯੋਗ ਹੈ ਕਿ ਦਲਿਤ ਵਿਰੋਧੀ ਅਨਸਰਾਂ ਵੱਲੋਂ ਇਨ੍ਹਾਂ ਅਖ਼ਬਾਰਾਂ ਵਿਰੁੱਧ ਕੀਤੇ ਜਾਂਦੇ ਛੜਯੰਤਰਾਂ ਅਤੇ ਕਿਰਾਏ ਦੇ ਸਥਾਨ 'ਤੇ ਚੱਲ ਰਹੇ 'ਭਾਰਤ ਭੂਸ਼ਣ' ਪ੍ਰੈਸ ਨੂੰ ਅੱਗ ਲਾਏ ਜਾਣ ਕਾਰਨ ਡਾ. ਅੰਬੇਡਕਰ ਨੂੰ ਕਈ ਵਾਰ ਸਥਾਨ ਬਦਲਣੇ ਪਏ, ਪਰ ਉਨ੍ਹਾਂ ਨੇ ਅਖ਼ਬਾਰ ਨੂੰ ਪ੍ਰਕਾਸ਼ਿਤ ਕਰਨਾ ਜਾਰੀ ਰੱਖਿਆ। ਸਮਾਜਿਕ ਅਤੇ ਰਾਜਨੀਤਿਕ ਅੰਦੋਲਨ ਦੀ ਕਾਮਯਾਬੀ ਲਈ ਉਹ ਅਖ਼ਬਾਰ ਨੂੰ ਸਭ ਤੋਂ ਵੱਡਾ ਹਥਿਆਰ ਮੰਨਦੇ ਸਨ।

ਪੰਜਾਬ ਦੇ ਦਲਿਤ ਇਤਿਹਾਸ ਵਿਚ ਮੀਡੀਆ ਨੂੰ ਜਨ-ਚੇਤਨਾ ਪੈਦਾ ਕਰਨ ਦੇ ਇਕ ਅਹਿਮ ਸਾਧਨ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ। ਆਦਿ ਧਰਮ ਅੰਦੋਲਨ ਦੌਰਾਨ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀਆਂ ਨੇ 'ਆਦਿ ਡੰਕਾ' ਪੇਪਰ ਸ਼ੁਰੂ ਕੀਤਾ ਅਤੇ 1948 ਵਿਚ ਸ਼ਡਿਊਲਡ ਫੈਡਰੇਸ਼ਨ ਵੱਲੋਂ ਕੇ. ਸੀ. ਸੁਲੇਖ ਸਾਹਿਬ ਦੀ ਅਗਵਾਈ ਹੇਠ ਹਫਤਾਵਾਰੀ 'ਉਜਾਲਾ' ਅਖ਼ਬਾਰ ਦੀ ਸ਼ੁਰੂਆਤ ਹੋਈ। ਇਹ ਦੋਵੇਂ ਪੇਪਰ ਉਰਦੂ ਵਿਚ ਪ੍ਰਕਾਸ਼ਿਤ ਹੋਣ ਉਪਰੰਤ ਪੰਜਾਬੀ ਵਿਚ ਵੀ ਸ਼ੁਰੂ ਕੀਤੇ ਗਏ। 1958 ਵਿਚ ਲਾਹੌਰੀ ਰਾਮ ਬਾਲੀ ਜੀ ਨੇ ਹਿੰਦੀ ਵਿਚ 'ਭੀਮ ਪੱਤ੍ਰਿਕਾ' ਪੇਪਰ ਸ਼ੁਰੂ ਕੀਤਾ ਜੋ ਉਨ੍ਹਾਂ ਦੇ ਨਿਰਵਾਣ-ਪ੍ਰਾਪਤੀ, ਜੁਲਾਈ 1923 ਤੱਕ ਲਗਾਤਾਰ ਪ੍ਰਕਾਸ਼ਿਤ ਹੁੰਦਾ ਰਿਹਾ। 1970 ਵਿਚ ਮੰਗੂ ਰਾਮ ਜਸਪਾਲ ਹੋਰਾਂ ਨੇ 'ਰਵਿਦਾਸ ਪੱਤ੍ਰਿਕਾ' ਹਫਤਾਵਾਰੀ ਅਤੇ 80ਵਿਆਂ ਵਿਚ ਸੀ. ਐਲ. ਚੁੰਬਰ ਸਾਹਿਬ ਵੱਲੋਂ 'ਕੌਮੀ ਉਡਾਰੀਆਂ' ਮਾਸਿਕ ਮੈਗਜ਼ੀਨ ਆਰੰਭ ਕੀਤਾ ਗਿਆ। 1972-73 ਵਿਚ ਜਰਨੈਲ ਸਿੰਘ ਹੋਰਾਂ ਨੇ 'ਜਨਤਕ ਲਹਿਰ' ਪੰਦਰਵਾੜਾ ਸ਼ੁਰੂ ਕਰਕੇ ਇਸਨੂੰ 10 ਸਾਲ ਤੋਂ ਵੀ ਵੱਧ ਅਰਸੇ ਤੱਕ ਰੋਜ਼ਾਨਾ ਪੇਪਰ ਵਜੋਂ ਪ੍ਰਕਾਸ਼ਿਤ ਕੀਤਾ, ਜੋ ਦਲਿਤ ਮੀਡੀਏ ਦੇ ਇਤਿਹਾਸ ਵਿਚ ਇਕ ਵੱਡੀ ਪ੍ਰਾਪਤੀ ਸੀ। ਇਹ ਸਾਰੇ ਪੇਪਰ ਜਲੰਧਰ ਸ਼ਹਿਰ ਤੋਂ ਹੀ ਸ਼ੁਰੂ ਕੀਤੇ ਗਏ। 'ਬੇਗਮਪੁਰਾ ਸ਼ਹਿਰ', 'ਵਿਗਿਆਨਕ ਸੋਚ', 'ਬੁੱਧ ਧਰਮ ਪ੍ਰਚਾਰਕ', 'ਬਦਲਦਾ ਯੁੱਗ' ਆਦਿ ਪੱਤ੍ਰਿਕਾਵਾਂ ਦਾ ਵੀ ਆਪਣੇ-ਆਪਣੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹੈ। ਭਾਰਤ ਤੋਂ ਬਾਹਰ ਅਮਰੀਕਾ ਦੇ ਕੈਲੇਫੋਰਨੀਆ ਤੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਹਫਤਾਵਾਰੀ 'ਦੇਸ਼ ਦੁਆਬਾ' ਅਤੇ ਅੰਗਰੇਜ਼ੀ ਵਿਚ 'ਅੰਬੇਦਕਰ ਟਾਈਮਜ਼' ਦਾ ਇਕ ਅਹਿਮ ਅਤੇ ਨਿਵੇਕਲਾ ਸਥਾਨ ਹੈ। ਇਹ ਦੋਨੋਂ ਪੇਪਰ ਪ੍ਰੇਮ ਕੁਮਾਰ ਚੁੰਬਰ ਜੀ ਦੀ ਰਹਿਨੁਮਾਈ ਹੇਠ ਲਗਭਗ ਡੇਢ ਦਹਾਕਿਆਂ ਤੋਂ ਵੱਧ ਅਰਸੇ ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਹੇ ਹਨ। ਯੂ. ਕੇ. ਤੋਂ ਚੰਦੜ ਸਾਹਿਬ ਦੀ ਅਗਵਾਈ ਵਿਚ 'ਸਮਾਜ ਵੀਕਲੀ' ਪ੍ਰਕਾਸ਼ਿਤ ਹੋ ਰਿਹੈ। ਪੰਜਾਬੀ ਦਲਿਤ ਚੇਤਨਾ ਵਿਚ ਇਨ੍ਹਾਂ ਸਭ ਪੱਤਰ-ਪੱਤਰਕਾਵਾਂ ਨੇ ਵਿਸ਼ੇਸ਼ ਹਿੱਸਾ ਪਾਇਆ ਹੈ। ਪਰ ਦਲਿਤ ਚੇਤਨਾ ਵਿਚ ਇਨਕਲਾਬੀ ਪਰਿਵਰਤਨ ਲਈ ਕਿਸੇ ਰੋਜ਼ਾਨਾ ਪੇਪਰ ਦੀ ਘਾਟ ਬਹੁਤ ਰੜਕਦੀ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਕੈਲੀਫ਼ੋਰਨੀਆ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ 26 ਜਨਵਰੀ 2025, ਦਿਨ ਐਤਵਾਰ ਨੂੰ ਭਾਰਤ ਦੇ 76ਵੇਂ ਸੰਵਿਧਾਨ ਦਿਵਸ ਤੇ ਵਧਾਈ ਦਿੱਤੀ







ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਕੈਲੀਫ਼ੋਰਨੀਆ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ 26 ਜਨਵਰੀ 2025 ਦਿਨ ਐਤਵਾਰ ਨੂੰ ਭਾਰਤ ਦੇ 76ਵੇਂ ਸੰਵਿਧਾਨ ਦਿਵਸ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸੰਵਿਧਾਨ ਹੀ ਹੈ ਜਿਸ ਨਾਲ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਵਜੋਂ ਜਾਣਿਆ ਜਾਂਦਾ ਅਤੇ ਇਸ ਨੂੰ ਤਿਆਰ ਕਰਨ 'ਚ ਭਾਰਤ ਰਤਨ ਬਾਬਾਸਾਹਿਬ ਡਾਕਟਰ ਭੀਮ ਰਾਓ ਰਾਮਜੀ ਅੰਬੇਦਕਰ ਜੀ ਦੀ ਬਹੁਤ ਵੱਡੀ ਘਾਲਣਾ ਹੈ। ਡਾਕਟਰ ਅੰਬੇਦਕਰ ਨੇ ਆਪਣੀ ਸਿਹਤ ਨਾ ਠੀਕ ਹੋਣ ਦੇ ਬਾਵਜੂਦ ਭਾਰਤੀ ਸੰਵਿਧਾਨ ਨੂੰ ਮੁਕੰਮਲ ਕਰਕੇ ਛੱਡਿਆ। ਉਨ੍ਹਾਂ ਦੀ ਬਦੌਲਤ ਨਿਮਨ ਵਰਗਾਂ ਨੂੰ ਬਰਾਬਰੀ ਦੇ ਬਰਾਬਰ ਹੱਕ ਮਿਲੇ ਅਤੇ ਉਨ੍ਹਾਂ ਦੀ ਬਦੌਲਤ ਹੀ ਸਮੂਹ ਔਰਤ ਵਰਗ ਨੂੰ ਮਰਦ ਬਰਾਬਰ, ਬਰਾਬਰੀ ਦੇ ਹੱਕ ਮਿਲੇ। ਗੱਲ ਇਥੇ ਹੀ ਨਹੀਂ ਰੁਕਦੀ ਭਾਰਤ ਦੇਸ਼ ਅੱਜ ਡਾਕਟਰ ਭੀਮ ਰਾਓ ਰਾਮਜੀ ਅੰਬੇਦਕਰ ਜੀ ਦੀਆਂ ਬਹੁਤ ਸਾਰੀਆਂ ਘੜੀਆਂ ਸਕੀਮਾਂ ਤਹਿਤ ਹੀ ਚਲਦਾ ਹੈ। ਜੇਕਰ ਕੋਈ ਜਾਨਣਾ ਚਾਹੁੰਦਾ ਹੈ ਤਾਂ ਬਾਬਾਸਾਹਿਬ ਦੀਆਂ ਮਹਾਰਾਸ਼ਟਰ ਸਰਕਾਰ ਵਲੋਂ ਛਾਪੀਆਂ ਕਿਤਾਬਾਂ (ਵੌਲਿਊਮਜ) ਨੂੰ ਪੜ੍ਹ ਸਕਦੇ ਹੋ ਤੇ ਇਸ ਗੱਲ ਦਾ ਵੀ ਗਿਆਨ ਹੋ ਜਾਵੇਗਾ ਕਿ ਡਾਕਟਰ ਅੰਬੇਦਕਰ ਜੀ ਕਿਸੇ ਇਕ ਵਰਗ ਲਈ ਹੀ ਨਹੀਂ ਬਲਕਿ ਸਮੂਹ ਦੇਸ਼ਵਾਸੀਆਂ ਲਈ ਆਪਣਾ ਪੂਰੇ ਦਾ ਪੂਰਾ ਗਿਆਨ ਅਤੇ ਜੀਵਨ ਲਗਾ ਦਿੱਤਾ। ਅੱਜ ਦੇ ਦਿਨ ਸਭ ਨੂੰ ਮੁਬਾਰਕ ਹੋਵੇ।

ਇਸ ਦੇ ਨਾਲ ਹੀ ਅੰਮ੍ਰਿਤਸਰ ਵਿਖੇ ਵਾਪਰੀ ਘਟਨਾ ਦਾ ਸਖਤ ਵਿਰੋਧ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਕੈਲੀਫ਼ੋਰਨੀਆ ਦੇ ਚੇਅਰਮੈਨ ਸ਼੍ਰੀ ਵਿਨੋਦ ਕੁਮਾਰ, ਪ੍ਰਧਾਨ ਬੀਬੀ ਸੁਨੀਤਾ ਸਿੰਘ ਅਤੇ ਹੋਰ ਬਹੁਤ ਸਾਰੇ ਸਨਮਾਨਯੋਗ ਮੌਜੂਦਾ ਅਤੇ ਸਾਬਕਾ ਕਮੇਟੀ ਮੈਂਮਬਰਸ ਅਤੇ ਹੋਰ ਗੁਰੂਘਰ ਦੇ ਅਨਨ ਸੇਵਕ ਜਿਨ੍ਹਾਂ 'ਚ ਸ੍ਰਵਸ਼੍ਰੀ ਓ ਪੀ ਬਾਲੀ, ਰਮੇਸ਼ ਸੁਮਨ, ਸ਼ਸ਼ੀ ਪਾਲ, ਸ਼ਿੰਦਰ ਪਾਲ ਨਾਰਾਬੱਟ, ਹਰਬੰਸ ਕੱਲੂ, ਜਗਤਾਰ ਭਾਟੀਆ, ਮੇਜਰ ਸਿੰਘ ਭਾਟੀਆ, ਨਰੇਸ਼ ਕੁਮਾਰ, ਡਾਕਟਰ ਭਗਵਾਨ ਦਾਸ, ਸ਼ਲਿੰਦਰ ਭਾਟੀਆ ਅਤੇ ਹਰਮੇਸ਼ ਬੰਗੜ।

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਖੁਦਕੁੱਸ਼ੀ ਦੀ ਕੋਸ਼ਿਸ਼ ਦੇ ਮਾਮਲੇ ਵਿਚ ਮੌਕੇ 'ਤੇ ਪੁੱਜੇ 7 ਪੁਲਿਸ ਅਫਸਰਾਂ ਉਪਰ ਕੀਤੀ ਗੋਲੀਬਾਰੀ, ਸ਼ੱਕੀ ਮ੍ਰਿਤਕ ਹਾਲਤ ਵਿਚ ਮਿਲਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟੈਕਸਾਸ ਦੇ ਸ਼ਹਿਰ ਸੈਨ ਐਨਟੋਨੀ ਵਿਚ ਇਕ ਘਰ ਵਿਚ ਕਿਸੇ ਵਿਅਕਤੀ ਵੱਲੋਂ ਖੁਦਕੁੱਸ਼ੀ ਦੀ ਕੀਤੀ ਜਾ ਰਹੀ ਕੋਸ਼ਿਸ਼ ਦੀ ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੇ 7 ਪੁਲਿਸ ਅਫਸਰਾਂ ਉਪਰ ਗੋਲੀਬਾਰੀ ਕੀਤੇ ਜਾਣ ਦੀ ਖਬਰ ਹੈ।

ਸੈਨ ਐਨਟੋਨੀ ਪੁਲਿਸ ਮੁਖੀ ਬਿੱਲ ਮੈਕਮੈਨਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਟੋਨ ਕ ਖੇਤਰ ਦੇ ਇਕ ਘਰ ਵਿਚ ਕੁਝ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਸਨ। ਪੁਲਿਸ ਮੁਖੀ ਅਨੁਸਾਰ ਜਿਉਂ ਹੀ ਪਹਿਲਾ ਪੁਲਿਸ ਅਫਰਸ ਮੌਕੇ ਉਪਰ ਪੁੱਜਾ ਤਾਂ ਉਸ ਉਪਰ ਗੋਲੀ ਚਲਾਈ ਗਈ। ਇਸ ਉਪਰੰਤ 6 ਹੋਰ ਪੁਲਿਸ ਅਫਸਰ ਮੌਕੇ 'ਤੇ ਪੁੱਜੇ ਤਾਂ ਉਨਾਂ ਉਪਰ ਵੀ ਗੋਲੀਆਂ ਚਲਾਈਆਂ ਗਈਆਂ ਹਾਲਾਂ ਕਿ ਕੋਈ ਵੀ ਪੁਲਿਸ ਅਫਸਰ ਜਖਮੀ ਨਹੀਂ ਹੋਇਆ ਹੈ। ਪੁਲਿਸ ਮੁਖੀ ਅਨੁਸਾਰ ਇਕ ਸ਼ੱਕੀ ਵਿਅਕਤੀ ਨੇ ਆਪਣੇ ਆਪ ਨੂੰ ਘਰ ਵਿਚ ਬੰਦ ਕਰ ਲਿਆ ਸੀ। ਕਈ ਘੰਟਿਆਂ ਬਾਅਦ ਜਦੋਂ ਪੁਲਿਸ ਅਫਸਰ ਅੰਦਰ ਗਏ ਤਾਂ ਸ਼ੱਕੀ ਮਰ ਚੁੱਕਾ ਸੀ। ਉਨਾਂ ਕਿਹਾ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਉਸ ਨੇ ਖੁਦ ਨੂੰ ਆਪੇ ਗੋਲੀ ਮਾਰੀ ਹੈ ਜਾਂ ਪੁਲਿਸ ਅਫਸਰਾਂ ਵੱਲੋਂ ਚਲਾਈ ਗੋਲੀ ਨਾਲ ਮੌਤ ਹੋਈ ਹੈ। ਪੁਲਿਸ ਮੁਖੀ ਅਨੁਸਾਰ ਗੋਲੀਬਾਰੀ ਕਰਨ ਵਾਲੇ ਸ਼ੱਕੀ ਨੂੰ 18 ਜਨਵਰੀ ਨੂੰ ਹਮਲਾ ਕਰਨ ਤੇ ਨਸ਼ੇ ਵਿਚ ਗੱਡੀ ਚਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸ ਨੂੰ ਨਿੱਜੀ ਮਚਲਕਾ ਭਰਨ 'ਤੇ ਰਿਹਾਅ ਕੀਤਾ ਗਿਆ ਸੀ। ਪੁਲਿਸ ਨੇ ਮ੍ਰਿਤਕ ਸ਼ੱਕੀ ਦਾ ਨਾਂ ਜਾਰੀ ਨਹੀਂ ਕੀਤਾ ਹੈ।


# ਅਮਰੀਕਾ ਦੇ ਇਕ ਸਕੂਲ ਵਿਚ ਵਿਦਿਆਰਥੀ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਵਿਦਿਆਰਥਣ ਦੀ ਮੌਤ ਤੇ 2 ਹੋਰ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਟੇਨੇਸੀ ਰਾਜ ਦੇ ਸ਼ਹਿਰ ਨੈਸ਼ਵਿਲੇ ਦੇ ਇਕ ਸਕੂਲ ਵਿਚ ਇਕ 17 ਸਾਲਾ ਵਿਦਿਆਰਥੀ ਵੱਲੋਂ ਕੀਤੀ ਗੋਲੀਬਾਰੀ ਵਿੱਚ ਇਕ ਵਿਦਿਆਰਥਣ ਦੀ ਮੌਤ ਹੋਣ ਤੇ 2 ਹੋਰ ਵਿਦਿਆਰਥੀਆਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਮੈਟਰੋ ਨੈਸ਼ਵਿਲੇ ਪੁਲਿਸ ਦੇ ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਸਵੇਰੇ 11.09 ਵਜੇ ਐਨਟੀ ਕ ਹਾਈ ਸਕੂਲ ਵਿਚ ਵਾਪਰੀ। ਵਿਦਿਆਰਥੀ ਜਿਸ ਦੀ ਪਛਾਣ ਸੋਲੋਮੋਨ ਹੈਂਡਰਸਨ ਵਜੋਂ ਹੋਈ ਹੈ, ਨੇ ਪਿਸਤੌਲ ਵਿਚੋਂ ਕਈ ਗੋਲੀਆਂ ਚਲਾਈਆਂ।

ਪੁਲਿਸ ਅਨੁਸਾਰ ਸੋਲੋਮੋਨ ਨੇ ਆਪਣੀ ਸਾਥੀ ਵਿਦਿਆਰਥੀਆਂ ਉਪਰ ਗੋਲੀਆਂ ਚਲਾਉਣ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ ਤੇ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਜਖਮੀ ਹੋਏ ਵਿਦਿਆਰਥੀ ਦੇ ਬਾਂਹ 'ਤੇ ਗੋਲੀ ਵੱਜੀ ਹੈ ਤੇ ਉਸ ਦੀ ਹਾਲਤ ਸਥਿਰ ਹੈ।

ਪੁਲਿਸ ਅਨੁਸਾਰ ਇਸ ਘਟਨਾ ਵਿਚ ਇਕ ਤੀਸਰਾ ਵਿਦਿਆਰਥੀ ਵੀ ਜ਼ਖਮੀ ਹੋਇਆ ਹੈ ਪਰੰਤੂ ਉਹ ਗੋਲੀ ਵੱਜਣ ਨਾਲ ਜਖਮੀ ਨਹੀਂ ਹੋਇਆ। ਪੁਲਿਸ ਨੇ ਮ੍ਰਿਤਕ ਵਿਦਿਆਰਥਣ ਤੇ ਜਖਮੀ ਵਿਦਿਆਰਥੀਆਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਸਕੂਲ ਨੂੰ ਇਸ ਹਫਤੇ ਦੇ ਬਾਕੀ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ। ਨਵੇਂ ਸਾਲ 2025 ਵਿਚ ਕਿਸੇ ਸਕੂਲ ਵਿੱਚ ਹੋਈ ਗੋਲੀਬਾਰੀ ਦੀ ਇਹ ਪਹਿਲੀ ਘਟਨਾ ਹੈ। ਪਿਛਲੇ ਸਾਲ ਅਮਰੀਕਾ ਦੇ ਸਕੂਲਾਂ ਵਿਚ ਗੋਲੀਬਾਰੀ ਦੀਆਂ 83 ਘਟਨਾਵਾਂ ਵਾਪਰੀਆਂ ਸਨ।

# ਨਿਊ ਜਰਸੀ ਵਿਚ ਬਿਨਾਂ ਦਸਤਾਵੇਜ਼ ਲੋਕਾਂ ਦੀ ਗ੍ਰਿਫਤਾਰੀ ਉਪਰੰਤ ਦਹਿਸ਼ਤ ਦਾ ਮਾਹੌਲ- ਮੇਅਰ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊ ਜਰਸੀ ਦੇ ਮੇਅਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬੀਤੇ ਦਿਨ ਸੰਘੀ ਏਜੰਟਾਂ ਦੁਆਰਾ ਬਹੁਤ ਸਾਰੇ ਲੋਕਾਂ ਨੂੰ ਹਿਰਾਸਤ ਵਿਚ ਲੈਣ ਉਪਰੰਤ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਹੈ ਜਦ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਅਯੋਜਿਤ ਕਾਰਵਾਈ ਸੀ। ਨਿਊਆਰਕ ਦੇ ਮੇਅਰ ਰਸ ਬਰਾਕਾ ਨੇ ਕਿਹਾ ਹੈ ਕਿ ਸੰਘੀ ਏਜੰਟਾਂ ਨੇ ਇਕ ਸਥਾਨਕ ਕਾਰੋਬਾਰੀ ਅਦਾਰੇ ਉਪਰ ਛਾਪਾ ਮਾਰਿਆ ਤੇ ਬਿਨਾਂ ਦਸਤਾਵੇਜ ਲੋਕਾਂ ਦੇ ਨਾਲ ਨਾਲ ਅਮਰੀਕੀ ਸ਼ਹਿਰੀਆਂ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸੰਘੀ ਏਜੰਟਾਂ ਨੇ ਬਿਨਾਂ ਵਾਰੰਟ ਵਿਖਾਇਆਂ ਇਹ ਕਾਰਵਾਈ ਕੀਤੀ ਹੈ ਤੇ ਅਜਿਹਾ ਕਰਕੇ ਉਨਾਂ ਨੇ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੈ। ਮੇਅਰ ਅਨੁਸਾਰ ਹਿਰਾਸਤ ਵਿਚ ਲਏ ਲੋਕਾਂ ਵਿਚ ਇਕ ਅਮਰੀਕੀ ਫੌਜ ਦਾ ਸਾਬਕਾ ਜਵਾਨ ਵੀ ਸ਼ਾਮਿਲ ਹੈ ਜਿਸ ਦੇ ਫੌਜ ਦੇ ਦਸਤਾਵੇਜ਼ਾਂ ਦੀ ਯੋਗਤਾ ਅੱਗੇ ਸਵਾਲੀਆ ਚਿਨ ਲਾ ਕੇ ਉਸ ਦਾ ਅਪਮਾਨ ਕੀਤਾ ਗਿਆ ਹੈ। ਇਮੀਗ੍ਰੇਸ਼ਨ ਪ੍ਰਬੰਧਕ ਜੂਲੀਆ ਰਟਿਜ਼ ਤੇ ਨਿਊਆਰਕ ਦੇ ਇਕ ਸਥਾਨਕ ਪ੍ਰਵਾਸ ਹੱਕਾਂ ਬਾਰੇ ਸਮੂੰਹ ਨੇ ਕਿਹਾ ਹੈ ਕਿ ਛਾਪੇ ਦੌਰਾਨ ਏਜੰਟਾਂ ਦੁਆਰਾ ਕੁਲ 8 ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ ਤੇ 3 ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਇਕ ਬੁਲਾਰੇ ਨੇ ਇਕ ਅਮਰੀਕੀ ਸ਼ਹਿਰੀ ਨੂੰ ਹਿਰਾਸਤ ਵਿਚ ਲੈਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਸਬੰਧੀ ਅਗਲੀ ਜਾਂਚ ਪੜਤਾਲ ਬਾਰੇ ਕੁਝ ਨਹੀਂ ਕਿਹਾ ਹੈ। ਬੁਲਾਰੇ ਨੇ ਕਿਹਾ ਹੈ ਕਿ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕਾਰਵਾਈ ਦੌਰਾਨ ਉਨਾਂ ਦਾ ਸਾਹਮਣਾ ਅਮਰੀਕੀ ਸ਼ਹਿਰੀਆਂ ਨਾਲ ਵੀ ਹੋ ਸਕਦਾ ਹੈ ਤੇ ਉਹ ਉਨਾਂ ਨੂੰ ਆਪਣੀ ਪਛਾਣ ਦੱਸਣ ਲਈ ਕਹਿ ਸਕਦੇ ਹਨ ਜਿਵੇਂ ਕਿ ਨਿਊਆਰਕ, ਨਿਊਜਰਸੀ ਵਿਚ ਇਕ ਕੰਮ ਵਾਲੇ ਸਥਾਨ 'ਤੇ ਛਾਪੇ ਦੌਰਾਨ ਹੋਇਆ ਹੈ।

# ਭਾਰਤੀ ਮੂਲ ਦੇ ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੋਨੈਕਟੀਕਟ ਰਾਜ ਵਿਚ ਨਿਊ ਹੈਵਨ ਵਿਖੇ ਇਕ ਭਾਰਤੀ ਮੂਲ ਦੇ 26 ਸਾਲਾ ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਦੁਪਹਿਰ ਬਾਅਦ 4 ਵਜੇ ਦੇ ਆਸ ਪਾਸ ਘਟਨਾ ਸਥਾਨ 'ਤੇ ਪੁੱਜੇ। ਮੌਕੇ ਉਪਰ ਇਕ ਵਿਅਕਤੀ ਜ਼ਖਮੀ ਹਾਲਤ ਵਿਚ ਮਿਲਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਰਵੀਤੇਜਾ ਕੋਆਡਾ ਵਜੋਂ ਹੋਈ ਹੈ। ਪੁਲਿਸ ਅਨੁਸਾਰ ਕੋਆਡਾ ਚੀਨ ਦੇ ਇਕ ਰੈਸਟੋਰੈਂਟ ਵਿੱਚ ਡਰਾਈਵਰ ਵਜੋਂ ਕੰਮ ਕਰਦਾ ਸੀ ਤੇ ਉਸ ਨੂੰ ਗੋਲੀ ਉਸ ਵੇਲੇ ਮਾਰੀ ਗਈ ਜਦੋਂ ਉਹ ਕਿਸੇ ਗਾਹਕ ਨੂੰ ਭੋਜਨ ਦੇਣ ਗਿਆ ਸੀ।

ਗੋਲੀ ਮਾਰਨ ਉਪਰੰਤ ਉਸ ਦੀ ਕਾਰ ਵੀ ਚੋਰੀ ਹੋ ਗਈ ਪਰੰਤੂ ਪੁਲਿਸ ਨੇ ਕਾਰ ਨੂੰ ਬਰਾਮਦ ਕਰ ਲਿਆ ਹੈ। ਮਾਮਲੇ ਦੀ ਨਿਊ ਹੈਵਨ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ। ਪੁਲਿਸ ਅਨੁਸਾਰ ਅਜੇ ਤੱਕ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਗਿਆ ਹੈ ਤੇ ਉਸ ਨੇ ਮਾਮਲਾ ਸੁਲਝਾਉਣ ਲਈ ਮੌਕੇ 'ਤੇ ਮੌਜੂਦ ਲੋਕਾਂ ਨੂੰ ਮੱਦਦ ਦੀ ਅਪੀਲ ਕੀਤੀ ਹੈ। ਭਾਰਤ ਦੇ ਕੌਂਸਲੇਟ ਜਨਰਲ ਨਿਊਯਾਰਕ ਨੇ ਕੋਆਡਾ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਹ ਪਰਿਵਾਰ ਦੇ ਸੰਪਰਕ ਵਿਚ ਹੈ। ਕੋਆਡਾ ਮੂਲ ਰੂਪ ਵਿਚ ਤੇਲੰਗਾਨਾ ਦਾ ਰਹਿਣ ਵਾਲਾ ਸੀ ਤੇ ਉਹ 2022 ਵਿਚ ਅਮਰੀਕਾ ਆਇਆ ਸੀ ਜਿਥੇ ਉਹ ਮਾਸਟਰ ਡਿਗਰੀ ਕਰ ਰਿਹਾ ਸੀ।



# ਨਬਾਲਗ ਨਾਲ ਨਜਾਇਜ਼ ਸਬੰਧਾਂ ਦੇ ਮਾਮਲੇ ਵਿਚ ਭਾਰਤੀ ਨੂੰ 30 ਸਾਲ ਕੈਦ ਤੇ 50 ਹਜਾਰ ਡਾਲਰ ਜੁਰਮਾਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ ਐਸ ਡਿਸਟ੍ਰਿਕਟ ਜੱਜ ਜੌਹਨ ਆਰ ਐਡਮਜ ਵੱਲੋਂ ਨਬਾਲਗ ਨਾਲ ਨਜਾਇਜ਼ ਸਬੰਧ ਬਣਾਉਣ ਤੇ ਆਪਣੇ ਕੋਲ ਜਿਨਸੀ ਸ਼ੋਸ਼ਣ ਸਮਗਰੀ ਰਖਣ ਦੇ ਮਾਮਲੇ ਵਿਚ ਸੋਮਈਆ ਰੁਦਰਾ ਨਾਮੀ 42 ਸਾਲਾ ਭਾਰਤੀ ਨੂੰ 30 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਸੋਮਈਆ ਵਾਈਟਹਾਲ, ਪੈਨਸਿਲਵਾਨੀਆ ਦਾ ਰਹਿਣ ਹੈ। ਇਹ ਐਲਾਨ ਅਮਰੀਕੀ ਨਿਆਂ ਵਿਭਾਗ ਦੁਆਰਾ ਕੀਤਾ ਗਿਆ ਹੈ।

ਜੱਜ ਨੇ ਕੈਦ ਕੱਟਣ ਉਪਰੰਤ ਉਸ ਉਪਰ 10 ਸਾਲ ਲਈ ਨਿਗਰਾਨੀ ਰਖਣ ਦਾ ਆਦੇਸ਼ ਵੀ ਦਿੱਤਾ ਹੈ। ਇਸ ਤੋਂ ਇਲਾਵਾ 50 ਹਜਾਰ ਡਾਲਰ ਜੁਰਮਾਨਾ ਤੇ 17 ਹਜਾਰ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਹੈ। ਅਦਾਲਤੀ ਦਸਤਾਵੇਜ਼ ਅਨੁਸਾਰ 2023 ਵਿਚ ਰੁਦਰਾ ਦੀ 'ਕਿਸ ਕਿਸ' ਨਾਮੀ ਐਪ ਉਪਰ 14 ਸਾਲਾ ਲੜਕੀ ਨਾਲ ਜਾਣ ਪਛਾਣ ਹੋਈ ਸੀ। ਇਸ ਤੋਂ ਬਾਅਦ ਉਹ ਲੜਕੀ ਨਾਲ ਵੀਡੀਓ ਫੋਨ ਰਾਹੀਂ ਗੱਲਬਾਤ ਕਰਦਾ ਰਿਹਾ ਤੇ ਫੋਨ ਉਪਰ ਸੁਨੇਹੇ ਭੇਜਦਾ ਰਿਹਾ। ਨਵੰਬਰ 2023 ਦੇ ਆਖਰ ਵਿਚ ਉਹ ਲੜਕੀ ਨੂੰ ਨਿੱਜੀ ਤੌਰ 'ਤੇ ਮਿਲਣ ਲਈ ਪੈਨਸਿਲਵਾਨੀਆ ਤੋਂ ਓਹੀਓ ਗਿਆ।

ਉਸ ਨੇ ਮੰਨਿਆ ਕਿ ਉਹ ਲੜਕੀ ਨੂੰ ਹੋਟਲ ਵਿਚ ਲੈ ਕੇ ਗਿਆ ਜਿਥੇ ਉਸ ਨੇ ਉਸ ਨਾਲ ਨਜਾਇਜ਼ ਸਰੀਰਕ ਸਬੰਧ ਬਣਾਏ। ਲੜਕੀ ਦੇ ਪਰਿਵਾਰ ਵੱਲੋਂ ਕੀਤੀ ਸ਼ਿਕਾਇਤ ਤੋਂ ਬਾਅਦ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੁਆਰਾ ਮਾਮਲੇ ਦੀ ਜਾਂਚ ਪੜਤਾਲ ਉਪਰੰਤ ਰੁਦਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

# ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬਿਨਾਂ ਨੋਟਿਸ ਦਿੱਤੇ ਸੰਘੀ ਏਜੰਸੀਆਂ ਦੇ ਦਰਜਨ ਤੋਂ ਵੱਧ ਇੰਸਪੈਕਟਰ ਜਨਰਲ ਦੀ ਛੁੱਟੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਖ ਵੱਖ ਸੰਘੀ ਏਜੰਸੀਆਂ ਦੇ ਦਰਜਨ ਤੋਂ ਵਧ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਲ 17 ਇੰਸਪੈਕਟਰ ਜਨਰਲ ਦੀ ਬਿਨਾਂ ਕੋਈ ਨੋਟਿਸ ਦਿੱਤੇ ਛੁੱਟੀ ਕੀਤੀ ਗਈ ਹੈ ਜਦ ਕਿ ਸੰਘੀ ਕਾਨੂੰਨ ਅਨੁਸਾਰ ਕਿਸੇ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਹਟਾਉਣ ਲਈ ਅਮਰੀਕੀ ਕਾਂਗਰਸ ਨੂੰ 30 ਦਿਨਾ ਦਾ ਨੋਟਿਸ ਦੇਣਾ ਜਰੂਰੀ ਹੁੰਦਾ ਹੈ। ਏਜੰਸੀ ਵਿਚ ਇੰਸਪੈਕਟਰ ਜਨਰਲ ਆਜਾਦ ਪਹਿਰੇਦਾਰ ਹੁੰਦਾ ਹੈ ਜੋ ਗਲਤ ਕੰਮਾਂ ਉਪਰ ਨਜਰ ਰੱਖਦਾ ਹੈ ਤੇ ਬਰਬਾਦੀ, ਘਪਲਾ ਤੇ ਦੁਰਵਰਤੋਂ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ। ਪੈਂਟਾਗਨ, ਵਿਦੇਸ਼ ਵਿਭਾਗ, ਸਾਬਕਾ ਸੈਨਿਕ ਮਾਮਲੇ ਤੇ ਗ੍ਰਹਿ ਵਿਭਾਗ ਵਿਚੋਂ ਵੀ ਇੰਸਪੈਕਟਰ ਜਨਰਲ ਦੀ ਛਾਂਟੀ ਕੀਤੀ ਗਈ ਹੈ ਜੋ ਸਮੁੰਦਰੀ ਸੈਨਾ ਸਬੰਧੀ ਤੇਲ ਤੇ ਗੈਸ ਪਟਿਆਂ ਦੇ ਨਾਲ ਨਾਲ ਭਾਰਤੀ ਮਾਮਲਿਆਂ ਨੂੰ ਵੀ ਵੇਖਦੇ ਹਨ। ਇਹ ਜਾਣਕਾਰੀ ਛਾਂਟੀ ਕੀਤੇ ਇਕ ਇੰਸਪੈਕਟਰ ਜਨਰਲ ਨੇ ਹਾਲਾਤ ਦੀ ਸੰਵੇਦਣਸ਼ੀਲਤਾ ਕਾਰਨ ਆਪਣਾ ਨਾਂ ਗੁਪਤ ਰਖਣ ਦੀ ਸ਼ਰਤ 'ਤੇ ਦਿੱਤੀ ਹੈ। ਇਸ ਅਧਿਕਾਰੀ ਨੇ ਕਿਹਾ ਕਿ ਅਜਿਹਾ ਵਾਪਰਨ ਦੀ ਆਸ ਕੀਤੀ ਜਾਂਦੀ ਸੀ ਪਰੰਤੂ ਇਹ ਕਦਮ ਬਹੁਤ ਖਤਰਨਾਕ ਹੈ। ਵਾਸ਼ਿੰਗਟਨ ਪੋਸਟ ਜਿਸ ਨੇ ਸਭ ਤੋਂ ਪਹਿਲਾਂ ਅਧਿਕਾਰੀਆਂ ਨੂੰ ਬਰਖਾਸਤ ਕੀਤੇ ਜਾਣ ਦੀ ਰਿਪੋਰਟ ਛਾਪੀ ਹੈ, ਨੇ ਕਿਹਾ ਹੈ ਕਿ ਕੱਢੇ ਗਏ ਅਧਿਕਾਰੀਆਂ ਵਿਚੋਂ ਜਿਆਦਾਤਰ ਟਰੰਪ ਦੁਆਰਾ ਆਪਣੇ ਪਹਿਲੇ ਕਾਰਜਕਾਲ 2017 ਤੋਂ 2021 ਦਰਮਿਆਨ ਨਿਯੁਕਤ ਕੀਤੇ ਗਏ ਸਨ।

ਸੈਨਟ ਜੁਡੀਸ਼ੀਅਰੀ ਚੇਅਰਮੈਨ ਚੁਕ ਗਰਾਸਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇੰਸਪੈਕਟਰ ਜਨਰਲ ਨੂੰ ਕੱਢਣ ਦਾ ਕੋਈ ਚੰਗਾ ਮਕਸਦ ਹੋ ਸਕਦਾ ਹੈ ਪਰੰਤੂ ਉਹ ਚਹੰਦੇ ਹਨ ਕਿ ਰਾਸ਼ਟਰਪਤੀ ਟਰੰਪ ਇਸ ਸਬੰਧੀ ਹੋਰ ਸਪੱਸ਼ਟੀਕਰਨ ਦੇਣ। ਉਨਾਂ ਕਿਹਾ ਕਿ ਕਾਨੂੰਨ ਅਨੁਸਾਰ ਅਧਿਕਾਰੀਆਂ ਨੂੰ ਕੱਢਣ ਲਈ ਕਾਂਗਰਸ ਨੂੰ ਵਿਸਥਾਰਿਤ ਨੋਟਿਸ ਭੇਜਣਾ ਹੁੰਦਾ ਹੈ ਜੋ ਨਹੀਂ ਭੇਜਿਆ ਗਿਆ।

# ਰਾਸ਼ਟਰਪਤੀ ਟਰੰਪ ਨੂੰ ਸੋਸ਼ਲ ਮੀਡੀਆ ਉਪਰ ਜਾਨੋਂ ਮਾਰਨ ਦੀ ਧਮਕੀਆਂ ਦੇਣ ਵਾਲਾ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੋਸ਼ਲ ਮੀਡੀਆ ਉਪਰ ਕਥਿੱਤ ਤੌਰ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਫਲੋਰਿਡਾ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਵੈਸਟ ਪਾਮ ਬੀਚ ਪੁਲਿਸ ਵਿਭਾਗ ਦੇ ਮੁਖੀ ਟੋਨੀ ਅਰਾਜੋ ਨੇ ਕਿਹਾ ਹੈ ਕਿ 46 ਸਾਲਾ ਸ਼ਾਨਨ ਐਟਕਿਨਸ ਨੂੰ ਟਰੰਪ ਨੂੰ ਧਮਕੀਆਂ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਨਾਂ ਕਿਹਾ ਕਿ ਕੁਝ ਦਿਨ ਪਹਿਲਾਂ ਐਫ ਬੀ ਆਈ ਨੂੰ ਕੀਚੋਬੀ, ਫਲੋਰਿਡਾ ਵਾਸੀ ਇਕ ਵਿਅਕਤੀ ਨੇ ਸੂਹ ਦਿੱਤੀ ਸੀ ਕਿ ਐਟਕਿਨਸ ਸੋਸ਼ਲ ਮੀਡਆ ਉਪਰ ਰਾਸ਼ਟਰਪਤੀ ਨੂੰ ਜਾਨੋ ਮਾਰਨ ਲਈ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਪੋਸਟਾਂ ਪਾ ਰਿਹਾ ਹੈ। ਪੁਲਿਸ ਮੁਖੀ ਨੇ ਕਿਹਾ ਕਿ ਪਾਮ ਬੀਚ ਡੀਟੈਕਟਿਵ ਵਿਭਾਗ ਨੇ ਜਾਂਚ ਪੜਤਾਲ ਕੀਤੀ ਤਾਂ ਐਟਕਿਨਸ ਦੁਆਰਾ ਪਾਈਆਂ ਕਈ ਪੋਸਟਾਂ ਮਿਲੀਆਂ ਜਿਨਾਂ ਵਿਚ ਟਰੰਪ ਨੂੰ ਖਤਮ ਕਰਨ ਦੀ ਧਮਕੀ ਦਿੱਤੀ ਗਈ ਸੀ।

# ਅਲੀਗੜ੍ਹ 'ਚ ਡਾ. ਅੰਬੇਡਕਰ ਦੀ ਮੂਰਤੀ ਨੂੰ ਹਟਾਉਣ ਨੂੰ ਲੈ ਕੇ ਹੰਗਾਮਾ

**ਅਲੀਗੜ੍ਹ–** ਦੋ ਦਿਨ ਪਹਿਲਾਂ ਸਰਕਾਰੀ ਜ਼ਮੀਨ 'ਤੇ ਬਿਨਾਂ ਮਨਜ਼ੂਰੀ ਤੋਂ ਲਗਾਏ ਗਏ ਡਾ: ਭੀਮ ਰਾ ਅੰਬੇਡਕਰ ਦੇ ਬੁੱਤ ਨੂੰ ਹਟਾਉਣ ਨੂੰ ਲੈ ਕੇ ਮੰਗਲਵਾਰ ਸ਼ਾਮ ਨੂੰ ਭਾਰੀ ਹੰਗਾਮਾ ਹੋਇਆ । ਬੁੱਤ ਚੁੱਕਦੇ ਹੀ ਲੋਕ ਭੜਕ ਗਏ। ਪਥਰਾਅ ਅਤੇ ਗੋਲੀਬਾਰੀ ਕਰਕੇ ਪੁਲਿਸ ਨੂੰ ਭਜਾ ਦਿੱਤਾ ਗਿਆ। ਪੁਲਿਸ ਅਤੇ ਆਮ ਲੋਕਾਂ ਦੇ ਕਈ ਵਾਹਨਾਂ ਦੀ ਭੰਨਤੋੜ ਕੀਤੀ ਗਈ। ਛੇ ਗੱਡੀਆਂ ਸਾੜ ਦਿੱਤੀਆਂ। ਪੁਲਿਸ ਨੇ ਹੰਝੂ ਗੈਸ ਦੇ ਗੋਲੇ ਛੱਡੇ ਅਤੇ ਹਲਕੀ ਤਾਕਤ ਦੀ ਵਰਤੋਂ ਕਰਦਿਆਂ ਭੀੜ ਨੂੰ ਖਿੰਡਾਇਆ। ਪਥਰਾਅ 'ਚ ਛੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ ਹਨ।

**14 ਨਾਮੀ ਅਤੇ 150-200 ਅਣਪਛਾਤੇ ਖਿਲਾਫ ਮਾਮਲਾ ਦਰਜ**

ਮੁਖੀ ਅਤੇ ਸਾਬਕਾ ਮੁਖੀ ਸਮੇਤ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਿਸ ਨੇ ਗੋਲੀਬਾਰੀ ਅਤੇ ਤਾਕਤ ਦੀ ਵਰਤੋਂ ਕਰਨ ਤੋਂ ਸਾਫ਼ ਇਨਕਾਰ ਕੀਤਾ ਹੈ। ਮੁਲਜ਼ਮਾਂ ਦੀ ਭਾਲ ਵਿੱਚ ਕਈ ਥਾਣਿਆਂ ਦੀ ਪੁਲੀਸ ਦੇਰ ਰਾਤ ਤੱਕ ਪਿੰਡ ਵਿੱਚ ਡੇਰਾ ਲਾ ਕੇ ਬੈਠੀ ਰਹੀ।

**ਬਘੇਲ ਭਾਈਚਾਰੇ ਦੇ ਲੋਕਾਂ ਨੇ ਕੀਤਾ ਵਿਰੋਧ**

ਦੋ ਦਿਨ ਪਹਿਲਾਂ ਪਿੰਡ ਇਬਰਾਹੀਮਪੁਰ (ਭੀਮਪੁਰ) ਵਿੱਚ ਬਘੇਲ ਬਰਾਦਰੀ ਦੇ ਲੋਕ ਪਿੰਡ ਦੀ ਸੁਸਾਇਟੀ ਦੀ ਜ਼ਮੀਨ 'ਤੇ ਮੰਦਰ ਬਣਵਾ ਰਹੇ ਸਨ। ਅਨੁਸੂਚਿਤ ਜਾਤੀ ਦੇ ਲੋਕਾਂ ਦੀ ਸ਼ਿਕਾਇਤ 'ਤੇ ਅਧਿਕਾਰੀਆਂ ਨੇ ਉਸਾਰੀ ਬੰਦ ਕਰਵਾ ਦਿੱਤੀ। ਐਤਵਾਰ ਰਾਤ ਨੂੰ ਅਨੁਸੂਚਿਤ ਜਾਤੀ ਦੇ ਲੋਕਾਂ ਨੇ ਇਕ ਹੋਰ ਖਾਲੀ ਥਾਂ 'ਤੇ ਡਾ: ਅੰਬੇਡਕਰ ਦਾ ਬੁੱਤ ਸਥਾਪਿਤ ਕਰ ਦਿੱਤਾ । ਬਘੇਲ ਭਾਈਚਾਰੇ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ।

ਦੋਵਾਂ ਧਿਰਾਂ ਵਿੱਚ ਟਕਰਾਅ ਦੇ ਡਰ ਕਾਰਨ ਪੁਲੀਸ ਮੌਕੇ 'ਤੇ ਪੁੱਜ ਗਈ। ਸੋਮਵਾਰ ਨੂੰ ਵੀ ਦਿਨ ਭਰ ਦੀ ਗੱਲਬਾਤ ਤੋਂ ਬਾਅਦ ਅਨੁਸੂਚਿਤ ਜਾਤੀ ਦੇ ਲੋਕ ਮੂਰਤੀ ਦੇ ਕੋਲ ਹੀ ਬੈਠੇ ਰਹੇ। ਅਕ-ਉਂਟੈਂਟ ਦੀਪਿਕਾ ਵਰਸ਼ਨੇ ਨੇ ਬਿਨਾਂ ਇਜਾਜ਼ਤ ਮੂਰਤੀ ਲਗਾਉਣ ਦਾ ਮਾਮਲਾ ਦਰਜ ਕਰਵਾਇਆ ਹੈ। ਮੰਗਲਵਾਰ ਨੂੰ ਸਾਬਕਾ ਮੁਖੀ ਛਤਰਪਾਲ, ਮੌਜੂਦਾ ਮੁਖੀ ਆਸ਼ਾ ਲੋਧੀ ਅਤੇ ਉਸ ਦੇ ਪਤੀ ਨਿਰਦੇਸ਼ ਲੋਧੀ ਨੂੰ ਹਿਰਾਸਤ 'ਚ ਲੈ ਲਿਆ ਗਿਆ।

**ਪਿੰਡ ਇਬਰਾਹੀਮਪੁਰ (ਭੀਮਪੁਰ) ਵਿੱਚ ਪਥਰਾਅ ਦੌਰਾਨ ਨੁਕਸਾਨੇ ਗਏ ਪੁਲੀਸ ਦੀ ਕਾਰ ਦੇ ਸ਼ੀਸ਼ੇ**

ਅਧਿਕਾਰੀਆਂ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਿੱਟਾ ਨਹੀਂ ਨਿਕਲਿਆ। ਪੁਲਸ ਨੇ ਮੰਗਲਵਾਰ ਸ਼ਾਮ ਕਰੀਬ 7 ਵਜੇ ਮੂਰਤੀ ਨੂੰ ਚੁੱਕ ਲਿਆ। ਇਸ ਤੋਂ ਨਾਰਾਜ਼ ਲੋਕ ਹਮਲਾਵਰ ਬਣ ਗਏ। ਪੁਲਿਸ ਵਾਲਿਆਂ ਨੇ ਭੱਜ ਕੇ ਆਪਣੀ ਜਾਨ ਬਚਾਈ। ਐਸਐਸਪੀ ਸੰਜੀਵ ਸੁਮਨ, ਐਸਪੀ ਸਿਟੀ ਮ੍ਰਿਗਾਂਕ ਸ਼ੇਖਰ ਪਾਠਕ ਭਾਰੀ ਪੁਲੀਸ ਫੋਰਸ ਨਾਲ ਪੁੱਜੇ।

**ਸਥਿਤੀ ਹੁਣ ਕਾਬੂ 'ਚ- ਐੱਸਐੱਸਪੀ**

ਐਸਐਸਪੀ ਅਨੁਸਾਰ ਸਥਿਤੀ ਕਾਬੂ ਹੇਠ ਹੈ। ਕੁਝ ਲੋਕਾਂ ਨੇ ਪਥਰਾਅ ਵੀ ਕੀਤਾ ਸੀ। ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਡੀਐਮ ਸੰਜੀਵ ਰੰਜਨ ਦਾ ਕਹਿਣਾ ਹੈ ਕਿ ਸਰਕਾਰੀ ਜ਼ਮੀਨ 'ਤੇ ਮੂਰਤੀ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਤਰ੍ਹਾਂ ਲੋਕਾਂ ਨੂੰ ਮੂਰਤੀ ਨਾ ਲਗਾਉਣ ਲਈ ਸਮਝਾਇਆ ਗਿਆ। ਸ਼ਾਂਤੀ ਬਣਾਈ ਰੱਖਣ ਲਈ ਪੁਲਿਸ ਤਾਇਨਾਤ ਕੀਤੀ ਗਈ ਸੀ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਦੁਆਰਿਆਂ ਵਿਚ ਇਮੀਗ੍ਰੇਸ਼ਨ ਵਿਭਾਗ ਦੇ ਛਾਪਿਆਂ ਤੋਂ ਸਿੱਖ ਭਾਈਚਾਰੇ ਵੱਲੋਂ ਇਨਕਾਰ

**ਨਿਊ ਯਾਰਕ–** ਸਿੱਖ ਭਾਈਚਾਰੇ ਦੇ ਆਗੂਆਂ ਨੇ ਅਮਰੀਕਾ ਵਿਚ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਇਮੀਗ੍ਰੇਸ਼ਨ ਵਿਭਾਗ ਵੱਲੋਂ ਕੁਝ ਗੁਰਦੁਆਰਿਆਂ ਵਿਚ ਛਾਪੇ ਮਾਰੇ ਜਾਣ ਸਬੰਧੀ ਭਾਰਤੀ ਮੀਡੀਆ ਵਿਚ ਛਪੀਆਂ ਖ਼ਬਰਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਈਚਾਰੇ ਨੇ ਕਿਹਾ ਕਿ ਅਜਿਹੀ ਕਿਸੇ ਮੁਹਿੰਮ ਤਹਿਤ ਗੁਰਦੁਆਰਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਦੇ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਐਤਵਾਰ ਨੂੰ ਆਮ ਵਾਂਗ ਗੁਰਦੁਆਰੇ ’ਚ ਪਾਠ ਤੇ ਕੀਰਤਨ ਕੀਤਾ ਗਿਆ ਤੇ ਇਸ ਦੌਰਾਨ ਕਿਸੇ ਨੇ ਕੋਈ ਦਖ਼ਲ ਨਹੀਂ ਦਿੱਤਾ। ਸਿੱਖ ਕਲਚਰਲ ਸੁਸਾਇਟੀ ਨਾਲ ਜੁੜੇ ਤੇ ਸਾਹਿਲੀ ਉੱਤਰਪੂਰਬ ਦੀ ਨੁਮਾਇੰਦਗੀ ਕਰਦੇ ਨਿੱਝਰ ਨੇ ਕਿਹਾ ਕਿ ਪੁਲੀਸ ਜਾਂ ਕਿਸੇ ਹੋਰ ਏਜੰਸੀ ਨੇ ਨਿਊ ਯਾਰਕ ਤੇ ਨਿਊ ਜਰਸੀ ਦੇ ਕਿਸੇ ਗੁਰਦੁਆਰੇ ਵਿਚ ਛਾਪੇ ਨਹੀਂ ਮਾਰੇ। ਨਿੱਝਰ, ਜੋ ਗੁਰਦੁਆਰੇ ਦੀ ਪਬਲਿਕ ਤੇ ਮੀਡੀਆ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਭਾਰਤੀ ਮੀਡੀਆ ਵਿਚ ਛਪੀਆਂ ਖ਼ਬਰਾਂ ਗ਼ਲਤ ਰਿਪੋਰਟਿੰਗ ਜਾਂ ਫਿਰ ਕਿਸੇ ਗ਼ਲਤਫ਼ਹਿਮੀ ਦਾ ਨਤੀਜਾ ਹਨ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਇਮੀਗ੍ਰੇਸ਼ਨ ਜਾਂ ਹੋਰ ਏਜੰਸੀਆਂ ਵੱਲੋਂ ਗੁਰਦੁਆਰਿਆਂ ’ਤੇ ਛਾਪੇਮਾਰੀ ਜਾਂ ਗੇੜੀਆਂ ਦੀਆਂ ਰਿਪੋਰਟਾਂ ਨੂੰ ਰੱਦ ਕੀਤਾ। ਸਿੰਘ ਨੇ ਕਿਹਾ ਕਿ ਨਿਊ ਯਾਰਕ ਤੇ ਨਿਊ ਜਰਸੀ ਵਿਚ ਸਿੱਖ ਭਾਈਚਾਰੇ ਦੇ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਸਣੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਨਿੱਘੇ ਸਬੰਧ ਹਨ। ਨਿੱਝਰ ਨੇ ਕਿਹਾ ਕਿ ਗੁਰਦੁਆਰਿਆਂ ਦੇ ਸਰਕਾਰੀ ਏਜੰਸੀਆਂ ਨਾਲ ਚੰਗੇ ਰਿਸ਼ਤੇ ਹਨ ਅਤੇ ਭਾਈਚਾਰੇ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਲਈ ਉਹ ਗੁਰਦੁਆਰੇ ਦੇ ਸੱਦੇ ਉੱਤੇ ਨਿਯਮਤ ਬੈਠਕਾਂ ਵੀ ਕਰਦੇ ਹਨ। ਕਾਬਿਲੇਗੌਰ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਉਹ ਪਾਲਿਸੀ ਰੱਦ ਕਰ ਦਿੱਤੀ ਸੀ, ਜਿਸ ਤਹਿਤ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਗਿਰਜਾਘਰਾਂ ਜਾਂ ਸਕੂਲਾਂ ਵਿਚ ਦਾਖ਼ਲ ਹੋ ਕੇ ਗ੍ਰਿਫ਼ਤਾਰੀ ਕਰਨ ਦੀ ਮਨਾਹੀ ਸੀ। ਹੋਮਲੈਂਡ ਸਕਿ ਰਿਟੀ ਵਿਭਾਗ ਨੇ ਕਿਹਾ, “ਅਪਰਾਧੀ ਹੁਣ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕੀ ਸਕੂਲਾਂ ਤੇ ਗਿਰਜਾਘਰਾਂ ਵਿਚ ਨਹੀਂ ਲੁਕ ਸਕਣਗੇ।’ ਹੁਕਮਾਂ ਵਿਚ ਭਾਵੇਂ ਸਿਰਫ਼ ਗਿਰਜਾਘਰਾਂ ਦਾ ਜ਼ਿਕਰ ਸੀ, ਪਰ ਹੋਰਨਾਂ ਧਰਮਾਂ ਦੇ ਪ੍ਰਤੀਨਿਧਾਂ ਨੇ ਉਪਰੋਕਤ ਹੁਕਮਾਂ ਦੇ ਵਿਆਪਕ ਅਸਰ ਬਾਰੇ ਫ਼ਿਕਰ ਜਾਹਿਰ ਕੀਤਾ ਹੈ।

ਡੋਨਲਡ ਟਰੰਪ ਵੱਲੋਂ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਦੇ ਕੁਝ ਘੰਟਿਆਂ ਦੇ ਅੰਦਰ ਹੀ ਗ੍ਰਹਿ ਸੁਰੱਖਿਆ ਵਿਭਾਗ ਦੇ ਕਾਰਜਕਾਰੀ ਸਕੱਤਰ ਬੈਂਜਾਮਿਨ ਹਫਮੈਨ ਨੇ ਇੱਕ ਨਿਰਦੇਸ਼ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਅਤੇ ਕਸਟਮਜ਼ ਤੇ ਸਰਹੱਦੀ ਸੁਰੱਖਿਆ (ਸੀਬੀਪੀ) ਲਾਗੂ ਕਰਨ ਵਾਲੀਆਂ ਕਾਰਵਾਈਆਂ ਲਈ ਜੋਅ ਬਾਇਡਨ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ



ਕਰ ਦਿੱਤਾ, ਜੋ ਅਖੌਤੀ ‘ਸੰਵੇਦਨਸ਼ੀਲ’ ਖੇਤਰਾਂ ਵਿੱਚ ਜਾਂ ਉਨ੍ਹਾਂ ਨੇੜੇ ਕਾਨੂੰਨ ਲਾਗੂ ਕਰਨ ਸਬੰਧੀ ਰੁਕਾਵਟਾਂ ਪੈਦਾ ਕਰਦੇ ਹਨ। ਇਨ੍ਹਾਂ ‘ਸੰਵੇਦਨਸ਼ੀਲ’ ਖੇਤਰਾਂ ਵਿੱਚ ਗੁਰਦੁਆਰੇ ਅਤੇ ਚਰਚ ਵਰਗੇ ਧਾਰਮਿਕ ਸਥਾਨ ਵੀ ਸ਼ਾਮਲ ਹਨ।

ਸਿੱਖ ਅਮੈਰਿਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਦੀ ਐਗਜ਼ੈਕਟਿਵ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਇਕ ਬਿਆਨ ਵਿਚ ਕਿਹਾ, “ਅਸੀਂ ਹੋਮਲੈਂਡ ਸਿਕਿਉਰਿਟੀ ਵਿਭਾਗ ਦੇ ਸੰਵੇਦਨਸ਼ੀਲ ਖੇਤਰਾਂ ਲਈ ਸੁਰੱਖਿਆ ਨੂੰ ਖਤਮ ਕਰਨ ਅਤੇ ਫਿਰ ਗੁਰਦੁਆਰਿਆਂ ਵਰਗੇ ਪੂਜਾ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੇ ਫੈਸਲੇ ਤੋਂ ਬਹੁਤ ਚਿੰਤਤ ਹਾਂ।” ਬੀਬੀ ਗਿੱਲ ਨੇ ਕਿਹਾ ਕਿ ਗੁਰਦੁਆਰੇ ਸਿਰਫ਼ ਪੂਜਾ ਸਥਾਨ ਨਹੀਂ ਹਨ; ਸਗੋਂ ਇਹ ਅਹਿਮ ਭਾਈਚਾਰਕ ਕੇਂਦਰ ਹਨ ਜੋ ਸਿੱਖਾਂ ਅਤੇ ਵਿਆਪਕ ਭਾਈਚਾਰੇ ਨੂੰ ਸਹਾਇਤਾ, ਪੋਸ਼ਣ ਅਤੇ ਅਧਿਆਤਮਿਕ ਸਹਾਰਾ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ, “ਇਨ੍ਹਾਂ ਥਾਵਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਕਾਰਵਾਈਆਂ ਲਈ ਨਿਸ਼ਾਨਾ ਬਣਾਉਣਾ ਸਾਡੇ ਧਰਮ ਦੀ ਪਵਿੱਤਰਤਾ ਲਈ ਖ਼ਤਰਾ ਹੈ ਅਤੇ ਅਜਿਹਾ ਦੇਸ਼ ਭਰ ਦੇ ਪਰਵਾਸੀ ਭਾਈਚਾਰਿਆਂ ਨੂੰ ਇੱਕ ਡਰਾਉਣਾ ਸੁਨੇਹਾ ਭੇਜਦਾ ਹੈ।”

ਇਸੇ ਤਰ੍ਹਾਂ ਸਿੱਖ ਕੁਲੀਸ਼ਨ ਨੇ ਕਿਹਾ, “ਟਰੰਪ ਪ੍ਰਸ਼ਾਸਨ ਦਾ ‘ਸੁਰੱਖਿਅਤ ਖੇਤਰਾਂ’ (ਜਿਨ੍ਹਾਂ ਵਿੱਚ ਹਸਪਤਾਲ, ਸਕੂਲ, ਸਮਾਜ ਸੇਵਾ ਪ੍ਰਦਾਤਾ, ਅਤੇ ਹੋਰ ਵੀ ਸ਼ਾਮਲ ਸਨ) ‘ਤੇ ਨੀਤੀ ਨੂੰ ਰੱਦ ਕਰਨ ਦਾ ਫੈਸਲਾ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਏਜੰਟਾਂ ਲਈ ਰਾਹ ਖੋਲ੍ਹਦਾ ਹੈ ਜੋ ਗੁਰਦੁਆਰਿਆਂ ‘ਤੇ ਨਿਗਰਾਨੀ, ਜਾਂਚ, ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀ ਕਰਦੇ ਹਨ।”

‘ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ’ (ਐਸਏਐ-ਲਡੀਐੱਫ) ਨੇ ਇੱਕ ਬਿਆਨ ਵਿੱਚ ‘ਸੰਵੇਦ-ਨਸ਼ੀਲ ਖੇਤਰਾਂ’ ਨੂੰ ਨਿਰਧਾਰਤ ਕਰਨ ਵਾਲੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰਨ ਦੇ ਹੁਕਮਾਂ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਸੰਸਥਾ ਦੀ ਕਾਰਜਕਾਰੀ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਕਿਹਾ, ‘ਅਸੀਂ ਗ੍ਰਹਿ ਸੁਰ-ੱਖਿਆ ਵਿਭਾਗ ਦੇ ਸੰਵੇਦਨਸ਼ੀਲ ਖੇਤਰਾਂ ਲਈ ਸੁਰੱਖਿਆ ਖਤਮ ਕਰਨ ਅਤੇ ਫਿਰ ਗੁਰਦੁਆਰਿਆਂ ਵਰਗੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੇ ਫੈਸਲੇ ਤੋਂ ਬਹੁਤ ਚਿੰਤਤ ਹਾਂ।’ ਉਨ੍ਹਾਂ ਕਿਹਾ ਕਿ ਗੁਰਦੁਆਰੇ ਸਿਰਫ਼ ਪੂਜਾ ਸਥਾਨ ਨਹੀਂ, ਸਗੋਂ ਇਹ ਅਹਿਮ ਭਾਈਚਾਰਕ ਕੇਂਦਰ ਹਨ। ਅਜਿਹੀਆਂ ਕਾਰਵਾਈਆਂ ਧਰਮ ਦੀ ਪਵਿੱਤਰਤਾ ਲਈ ਖ਼ਤਰਾ ਹਨ।

### ਕਈ ਮੁਲਕਾਂ ਦੀ ਸਹਾਇਤਾ ਰੋਕੀ

ਅਮਰੀਕੀ ਵਿਦੇਸ਼ ਮੰਤਰਾਲੇ ਨੇ ਯੂਕਰੇਨ ਸਣੇ ਹੋਰਨਾਂ ਮੁਲਕਾਂ ਨੂੰ ਮਿਲਦੀ ਮੌਜੂਦਾ ਵਿੱਤੀ ਸਹਾਇਤਾ ਤੇ ਨਵੀਂ ਏਡ ’ਤੇ ਰੋਕ ਲਾ ਦਿੱਤੀ ਹੈ।

ਮੰਤਰਾਲੇ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜਾਰੀ ਹੁਕਮਾਂ ’ਤੇ ਰੋਕ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਮੰਤਰਾਲੇ ਦੇ ਵਿਦੇਸ਼ੀ ਏਡ ਬਿਊਰੋ ਵੱਲੋਂ ਜਾਰੀ ਹੁਕਮਾਂ ਵਿਚ ਇਜ਼ਰਾਈਲ ਤੇ ਮਿਸਰ ਨੂੰ ਉਪਰੋਕਤ ਹੁਕਮਾਂ ਤੋਂ ਛੋਟ ਦਿੱਤੀ ਗਈ ਹੈ। ਹੁਕਮਾਂ ਵਿਚ ਕਿਸੇ ਹੋਰ ਮੁਲਕ ਦਾ ਜ਼ਿਕਰ ਨਹੀਂ ਹੈ। ਚੇਤੇ ਰਹੇ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਹਲਫ਼ਦਾਰੀ ਸਮਾਗਮ ਤੋਂ ਫੌਰੀ ਮਗਰੋਂ ਦਫ਼ਤਰੀ ਕੰਮਕਾਜ ਸੰਭਾਲਦਿਆਂ ਹੀ ਆਪਣੀ ਵਿਦੇਸ਼ ਨੀਤੀ ਤਹਿਤ ਅਮਰੀਕਾ ਵੱਲੋਂ ਹੋਰਨਾਂ ਮੁਲਕਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ ’ਤੇ 90 ਦਿਨਾਂ ਦੀ ਰੋਕ ਲਾਉਣ ਦੇ ਹੁਕਮ ਦਿੱਤੇ ਸਨ।

## ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਨਵੇਂ ਬਣੇ ਚੇਅਰਮੈਨ ਜਸਵਿੰਦਰ ਸਿੰਘ ਬਿੱਲਾ ਅਤੇ ਪ੍ਰਧਾਨ ਪਰਮਜੀਤ ਕਮਾਮ



ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸਹਿਯੋਗੀਆਂ ਵੱਲੋਂ ਸਰਬਸੰਮਤੀ ਨਾਲ ਨਵੀਂ ਕਮੇਟੀ ਬਣਾਉਣ ਦਾ ਫੈਸਲਾ। ਤਸਵੀਰ ਵਿਚ ਚੇਅਰਮੈਨ ਜਸਵਿੰਦਰ ਸਿੰਘ ਬਿੱਲਾ ਪ੍ਰਧਾਨ ਪਰਮਜੀਤ ਕਮਾਮ।

*(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 13 ‘ਤੇ)*






# ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ ਡਾ. ਬੀ. ਆਰ. ਅੰਬੇਦਕਰ ਦੇ ਬੁੱਤ ਨਾਲ ਛੇੜਛਾੜ ਕਰਨ ਦੀ ਨਿੰਦਾ


ਚੇਅਰਮੈਨ ਪਿੰਦਰ ਪਾਲ

ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ 26 ਜਨਵਰੀ ਨੂੰ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਡਾ. ਬੀ. ਆਰ. ਅੰਬੇਦਕਰ ਦੇ ਬੁੱਤ ਨਾਲ ਛੇੜਛਾੜ ਕਰਨ ਵਾਲੇ ਸ਼ਰਾਰਤੀ ਅਨਸਰ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਇਹ ਵੀ ਬਹੁਤ ਜ਼ਰੂਰੀ ਹੈ ਕਿ ਇਸ ਘਿਨਾਉਣੀ ਹਰਕਤ ਕਰਨ ਪਿੱਛੇ ਕਿਸ ਦਾ ਹੱਥ ਹੈ, ਇਸ 'ਤੇ ਬਰੀਕੀ ਨਾਲ ਜਾਂਚ ਕੀਤੀ ਜਾਵੇ ਤਾਂ ਕਿ ਸਮਾਜਿਕ ਭਾਈਚਾਰੇ ਵਿਚ ਝਗੜੇ ਪੈਦਾ ਕਰਨ ਵਾਲਿਆਂ ਦਾ ਪਤਾ ਲੱਗ ਸਕੇ। ਬਾਬਾ ਸਾਹਿਬ ਨੂੰ ਭਾਰਤ ਹੀ ਨਹੀਂ ਅੱਜ ਸਾਰੀ ਦੁਨੀਆਂ ਨਮਨ ਕਰਦੀ ਹੈ।


ਪ੍ਰਧਾਨ ਰਾਜ ਕੁਮਾਰ



file picture




file picture

ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ, ਯੂ.ਐਸ.ਏ. ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਅਜਿਹੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਲੋਕ ਬਾਬਾ ਸਾਹਿਬ ਵਿਰੁੱਧ ਕਿਵੇਂ ਨਫ਼ਰਤ ਵੀ ਕਰਦੇ ਸਨ, ਜੋ ਮਨੁੱਖਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਅਤੇ ਭਾਰਤ ਦੇ ਵਿਕਾਸ ਵਿੱਚ ਸਹਾਇਤਾ ਕਰਦੇ ਸਨ। ਆਸ ਕਰਦੇ ਹਾਂ ਕਿ ਪੰਜਾਬ ਸਰਕਾਰ ਦੋਸ਼ੀ ਵਿਰੁੱਧ ਬਣਦੀ ਕਾਰਵਾਈ ਜਲਦੀ ਤੋਂ ਜਲਦੀ ਕਰੇਗੀ।

# ਪੰਜਾਬ ਸਰਕਾਰ ਅੰਬੇਡਕਰ ਦੇ ਬੁੱਤ ਦੇ ਅਪਮਾਨ ਲਈ ਮੁਆਫ਼ੀ ਮੰਗੇ: ਖੜਗੇ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪੰਜਾਬ ਦੇ ਅੰਮ੍ਰਿਤਸਰ ਵਿੱਚ ਸੰਵਿਧਾਨ ਦੇ ਨਿਰਮਾਤਾ ਡਾ. ਬੀਆਰ ਅੰਬੇਡਕਰ ਦੇ ਬੁੱਤ ਦੇ ਅਪਮਾਨ ਦੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਿਨਾਂ ਸ਼ਰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਇਕ ਬਿਆਨ ਵਿੱਚ ਅਪਰਾਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਅਤੇ ਕਿਹਾ ਕਿ ਅਜਿਹਾ ਕਰਨ ਵਿੱਚ ਅਸਫ਼ਲ ਰਹਿਣ 'ਤੇ ਕੇਂਦਰ ਅਤੇ ਪੰਜਾਬ ਦੋਵੇਂ ਸਰਕਾਰਾਂ ਵੱਲੋਂ ਇਸ ਤਰ੍ਹਾਂ ਦੀ ਕਾਰਵਾਈ ਨੂੰ ਉਤਸ਼ਾਹਿਤ ਕੀਤੇ ਜਾਣ ਦੇ ਤੁਲ ਮੰਨਿਆ ਜਾਵੇਗਾ। ਖੜਗੇ ਨੇ ਇਕ ਬਿਆਨ ਵਿੱਚ ਕਿਹਾ ਕਿ ਕਾਂਗਰਸ ਪਾਰਟੀ ਅੰਮ੍ਰਿਤਸਰ ਵਿੱਚ ਡਾ. ਅੰਬੇਡਕਰ ਦੇ ਬੁੱਤ ਦੀ ਦੇਖਭਾਲ ਦੀ ਘਾੜ ਅਤੇ ਭੰਨਤੋੜ ਲਈ ਪੰਜਾਬ ਸਰਕਾਰ ਕੋਲੋਂ ਤੁਰੰਤ ਤੇ ਬਿਨਾਂ ਸ਼ਰਤ ਮੁਆਫ਼ੀ ਦੀ ਮੰਗ ਕਰਦੀ ਹੈ।



### ਦੁਬਈ ਤੋਂ ਪਰਤਿਆ ਸੀ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲਾ

ਗਣਤੰਤਰ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੌਗਿਰਦੇ ਨੇੜੇ ਬਣੀ ਹੈਰੀਟੇਜ ਸਟਰੀਟ ਵਿੱਚ ਡਾ। ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਨੌਜਵਾਨ ਆਕਾਸ਼ ਦੇ ਧਰਮਕੋਟ ਨਾਲ ਪਿਛੋਕੜ ਦੇ ਖੁਲਾਸੇ ਤੋਂ ਬਾਅਦ ਸਥਾਨਕ ਪੁਲੀਸ ਪ੍ਰਸ਼ਾਸਨ ਉਸ ਦਾ ਪੁਲੀਸ ਰਿਕਾਰਡ ਘੋਖਣ ਲੱਗ ਪਿਆ ਹੈ। ਸਥਾਨਕ ਥਾਣੇ ਦੇ ਮੁਖੀ ਜਤਿੰਦਰ ਸਿੰਘ ਨੇ ਅੱਜ ਮੁਲਜ਼ਮ ਆਕਾਸ਼ ਦੇ ਘਰ ਜਾ ਕੇ ਪਰਿਵਾਰ ਤੋਂ ਪੁੱਛ-ਪੜਤਾਲ ਕੀਤੀ। ਪੁਲੀਸ ਦੇ ਖੁਫ਼ੀਆ ਵਿੰਗ ਨੇ ਵੀ ਸਾਰੇ ਵੇਰਵੇ ਪ੍ਰਾਪਤ ਕਰਕੇ ਸਰਕਾਰ ਨੂੰ ਭੇਜ ਦਿੱਤੇ ਹਨ। ਜਾਣਕਾਰੀ ਮੁਤਾਬਕ ਇਹ ਨੌਜਵਾਨ ਇੱਥੋਂ ਦੀ ਚੁੱਘਾ ਬਸਤੀ ਦਾ ਰਹਿਣ ਵਾਲਾ ਹੈ ਅਤੇ ਇਹ ਚਾਰ ਭੈਣ-ਭਰਾ ਹਨ। ਉਕਤ ਨੌਜਵਾਨ ਆਕਾਸ਼ ਦੇ ਨਾਨਕੇ ਬੁੱਘੀਪੁਰਾ ਮੋਗਾ ਵਿੱਚ ਹਨ। ਇਸ ਲਈ ਉਹ ਜ਼ਿਆਦਾਤਰ ਆਪਣੀ ਨਾਨੀ ਪਾਸ ਹੀ ਰਹਿੰਦਾ ਰਿਹਾ ਹੈ। ਇਹ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਰੋਜ਼ੀ-ਰੋਟੀ ਲਈ ਦੁਬਈ ਚਲਾ ਗਿਆ ਸੀ। ਕੁਝ ਸਮਾਂ ਪਹਿਲਾਂ ਹੀ ਦੁਬਈ ਤੋਂ ਪਰਤ ਕੇ ਅੰਮ੍ਰਿਤਸਰ ਵਿੱਚ ਕਿਰਾਏ ਦੇ ਮਕਾਨ 'ਚ ਰਹਿ ਰਿਹਾ ਸੀ। ਉਹ ਦੁਬਈ ਜਾਣ ਤੋਂ ਪਹਿਲਾਂ ਕਲੀਨ ਸ਼ੇਵ ਸੀ। ਉਹ ਚਾਰ ਮਹੀਨੇ ਪਹਿਲਾਂ ਹੀ ਸਿੱਖੀ ਬਾਣੇ ਵਿਚ ਪਰਤਿਆ ਸੀ। ਉਸ ਦੇ ਪਿਤਾ ਮਜ਼ਦੂਰੀ ਕਰਦੇ ਹਨ ਅਤੇ ਮਾਤਾ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਹੈ। ਭੈਣ ਦਾ ਵਿਆਹ ਤੋਂ ਬਾਅਦ ਤਲਾਕ ਹੋ ਗਿਆ ਸੀ ਅਤੇ ਅੱਜ ਕੱਲ੍ਹ ਉਹ ਦੁਬਈ ਰਹਿ ਰਹੀ ਹੈ। ਪਰਿਵਾਰ ਗਰੀਬ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਪਰਿਵਾਰ ਨੂੰ ਬੀਤੇ ਦੀ ਘਟਨਾ ਦਾ ਸੋਸ਼ਲ ਮੀਡੀਆ ਤੇ ਖ਼ਬਰਾਂ ਤੋਂ ਬਾਅਦ ਲੱਗਾ ਹੈ। ਉਸਦੀ ਮਾਤਾ ਮੁਤਾਬਕ ਚਾਰ ਸਾਲ ਪਹਿਲਾਂ ਦੁਬਈ ਜਾਣ ਤੋਂ ਬਾਅਦ ਆਕਾਸ਼ ਉਨ੍ਹਾਂ ਨੂੰ ਕਦੇ ਵੀ ਨਹੀਂ ਮਿਲਿਆ। ਉਸ ਦੇ ਅਜਿਹਾ ਕਰਨ ਦੇ ਮਕਸਦ ਤੋਂ ਵੀ ਪਰਿਵਾਰ ਪੂਰੀ ਤਰ੍ਹਾਂ ਅਣਜਾਣ ਹੈ।

### ਗਣਤੰਤਰ ਦਿਵਸ 'ਤੇ ਅੰਮ੍ਰਿਤਸਰ ਵਿੱਚ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਭੰਨਤੋੜ ਇੱਕ ਸਾਜ਼ਿਸ਼ – ਕੈਂਥ

ਚੰਡੀਗੜ੍ਹ– ਇੱਕ ਵਿਅਕਤੀ ਨੇ ਡਾ. ਬੀ.ਆਰ. ਅੰਬੇਡਕਰ ਦੇ ਜੀਵਨ-ਆਕਾਰ ਦੇ ਬੁੱਤ 'ਤੇ ਚੜ੍ਹ ਕੇ, ਹਥੌੜੇ ਨਾਲ ਵਾਰ ਕਰਕੇ, ਅਤੇ ਬੁੱਤ ਦੇ ਕੋਲ ਸਥਿਤ ਸੰਵਿਧਾਨ ਪੁਸਤਕ ਦੀ ਮੂਰਤੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਕੇ ਭੰਨਤੋੜ ਕਰਨ ਦੀ ਘਟਨਾ ਨੂੰ ਅੰਜਾਮ ਦੇਣਾ ਇਕ ਵੱਡੀ ਸਾਜ਼ਿਸ਼ ਦਾ ਸੰਕੇਤ ਹੈ ਇਸ ਘਟਨਾ ਦੀ ਨਿੰਦਾ ਕਰਦਿਆਂ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਜਾਰੀ ਪ੍ਰੈੱਸ ਨੋਟ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪੰਜਾਬ 'ਚ ਅਮਨ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਸਾਬਿਤ ਹੋ ਰਹੀ ਹੈ। ਇਹ ਘਟਨਾ ਗਣਤੰਤਰ ਦਿਵਸ 'ਤੇ ਵਾਪਰੀ ਜਦੋਂ ਹੈਰੀਟੇਜ ਸਟਰੀਟ 'ਤੇ ਸਥਿਤ 'ਭਾਰਤੀ ਸੰਵਿਧਾਨ ਦੇ ਪਿਤਾ' ਦੀ ਮੂਰਤੀ ਨੂੰ ਮਾਲਾ ਪਾਉਣ ਲਈ ਇੱਕ ਐਕਸਟੈਂਸ਼ਨ ਪੌੜੀ ਰੱਖੀ ਗਈ ਸੀ।

ਇਸ ਵਿਅਕਤੀ ਨੇ ਬੁੱਤ 'ਤੇ ਚੜ੍ਹਿਆ ਅਤੇ ਹਥੌੜੇ ਨਾਲ ਕਈ ਵਾਰ ਵਾਰ ਮਾਰ ਕੇ ਭੰਨਤੋੜ ਕੀਤੀ,ਉਸਨੇ ਸੰਵਿਧਾਨ ਪੁਸਤਕ ਨੂੰ ਵੀ ਨੁਕਸਾਨ ਪਹੁੰਚਾਇਆ, ਜੋ ਕਿ ਮੂਰਤੀ ਦਾ ਇੱਕ ਅਨਿੱਖੜਵਾਂ ਅੰਗ ਹੈ। ਸਰਦਾਰ ਕੈਂਥ ਨੇ ਕਿਹਾ ਕਿ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਅਤੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ, ਪੰਜਾਬ ਦੇ ਦਲਿਤ ਆਗੂ ਨੇ ਕਿਹਾ ਕਿ ਇਹ ਇੱਕ ਘਿਨਾਉਣਾ ਕੰਮ ਹੈ ਜਿਸਨੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ "ਮੈਂ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਅਤੇ ਇਸ ਸ਼ਰਮਨਾਕ ਘਟਨਾ ਦੇ ਪਿੱਛੇ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਪੂਰੀ ਜਾਂਚ ਦੀ ਮੰਗ ਕਰਦਾ ਹਾਂ"।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਦਿੱਲੀ ਚੋਣਾਂ- ਕੇਜਰੀਵਾਲ ਨੂੰ ਮਹਿੰਗਾ ਪਿਆ ਯਮੁਨਾ ਦੇ ਪਾਣੀ ਵਿੱਚ ਜ਼ਹਿਰ ਘੋਲਣ ਦਾ ਬਿਆਨ

## ਚੋਣ ਕਮਿਸ਼ਨ ਨੇ ਕੇਜਰੀਵਾਲ ਨੂੰ ਯਮੁਨਾ ਦੇ ਪਾਣੀ ਵਿੱਚ ਜ਼ਹਿਰ ਘੋਲਣ ਦੇ ਦਾਅਵਿਆਂ ਸਬੰਧੀ ਸਬੂਤ ਦੇਣ ਨੂੰ ਕਿਹਾ

**ਨਵੀਂ ਦਿੱਲੀ-** ਚੋਣ ਕਮਿਸ਼ਨ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਿਹਾ ਕਿ ਉਹ ਗੁਆਂਢੀ ਸੂਬੇ ਹਰਿਆਣਾ ਵੱਲੋਂ ਯਮੁਨਾ ਨਦੀ ਦੇ ਪਾਣੀ ਵਿੱਚ ਜ਼ਹਿਰ ਘੋਲਣ ਦੇ ਆਪਣੇ ਦਾਅਵਿਆਂ ਸਬੰਧੀ ਬੁੱਧਵਾਰ ਰਾਤ 8 ਵਜੇ ਤੱਕ ਸਬੂਤ ਪੇਸ਼ ਕਰਨ। ਇਸ ਨੇ ਉਨ੍ਹਾਂ ਨੂੰ ਕਾਨੂੰਨ ਪ੍ਰਬੰਧਾਂ ਦੀ ਯਾਦ ਦਿਵਾਈ, ਜਿਸ ਤਹਿਤ ਕੌਮੀ ਏਕਤਾ ਅਤੇ ਜਨਤਕ ਸਦਭਾਵਨਾ ਖ਼ਿਲਾਫ਼ 'ਸ਼ਰਾਰਤੀ' ਬਿਆਨਾਂ ਲਈ ਤਿੰਨ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਚੋਣ ਕਮਿਸ਼ਨ ਨੇ ਕੇਜਰੀਵਾਲ ਨੂੰ ਉਨ੍ਹਾਂ ਦੇ ਦਾਅਵੇ ਦਾ ਵੇਰਵਾ ਸਾਂਝਾ ਕਰਨ ਲਈ ਵੀ ਕਿਹਾ ਕਿ ਦਿੱਲੀ ਜਲ ਬੋਰਡ ਦੇ ਇੰਜਨੀਅਰਾਂ ਨੇ ਅਸਲ ਵਿੱਚ ਇਸ ਦਾ ਪਤਾ ਲਗਾਇਆ ਅਤੇ ਸਮੇਂ 'ਤੇ ਇਸ ਨੂੰ ਰੋਕ ਦਿੱਤਾ।

ਭਾਜਪਾ ਅਤੇ ਕਾਂਗਰਸ ਦੋਹਾਂ ਨੇ ਯਮੁਨਾ ਨਦੀ ਵਿੱਚ ਜ਼ਹਿਰ ਮਿਲਾਉਣ ਦਾ ਦੋਸ਼ ਲਗਾਉਣ 'ਤੇ ਕੇਜਰੀਵਾਲ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਵੀ ਦੋਸ਼ ਲਗਾਇਆ ਸੀ ਕਿ ਹਰਿਆਣਾ ਵੱਲੋਂ ਦਿੱਲੀ ਨੂੰ ਸਪਲਾਈ ਕੀਤੇ ਜਾ ਰਹੇ ਪਾਣੀ ਵਿੱਚ ਅਮੋਨੀਆ ਦਾ ਪੱਧਰ ਵਧਣ ਨਾਲ ਕੌਮੀ ਰਾਜਧਾਨੀ ਵਿੱਚ ਜਲ ਸਪਲਾਈ ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਸਕਦੀ ਹੈ। ਚੋਣ ਕਮਿਸ਼ਨ ਇਸ ਮੁੱਦੇ 'ਤੇ ਹਰਿਆਣਾ ਸਕਰਾਰ ਤੋਂ ਤੱਥਾਂ 'ਤੇ ਆਧਾਰਿਤ ਰਿਪੋਰਟ ਆਉਣ ਦਾ ਇੰਤਜ਼ਾਰ ਵੀ ਕਰ ਰਿਹਾ ਹੈ।

### ਕੇਜਰੀਵਾਲ ਦੇ 'ਯਮੁਨਾ ਵਿੱਚ ਜ਼ਹਿਰ' ਵਾਲੇ ਬਿਆਨ 'ਤੇ ਭਾਜਪਾ ਵੱਲੋਂ ਵਿਰੋਧ ਪ੍ਰਦਰਸ਼ਨ



ਚੰਡੀਗੜ੍ਹ- ਭਾਰਤੀ ਜਨਤਾ ਪਾਰਟੀ ਦੀ ਹਰਿਆਣਾ ਇਕਾਈ ਨੇ ਅੱਜ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਸੂਬੇ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ। ਕੇਜਰੀਵਾਲ ਨੇ ਇਕ ਟਿੱਪਣੀ ਵਿੱਚ ਕਿਹਾ ਸੀ ਕਿ ਭਾਜਪਾ ਯਮੁਨਾ ਵਿੱਚ ਜ਼ਹਿਰ ਘੋਲ ਰਹੀ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਅਜਿਹੇ ਵਿਅਕਤੀ ਨੂੰ ਸਿਆਸਤ ਵਿੱਚ ਰਹਿਣ ਦਾ ਕੋਈ ਅਧਿਕਾਰੀ ਨਹੀਂ ਹੈ।

ਕਰਨਾਲ, ਸੋਨੀਪਤ ਅਤੇ ਪੰਚਕੂਲਾ ਸਣੇ ਸੂਬਿਆਂ ਵਿੱਚ ਕਈ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਹੋਏ। ਭਾਜਪਾ ਕਾਰਕੁਨਾਂ ਨੇ ਪ੍ਰਦਰਸ਼ਨ ਦੌਰਾਨ ਕੇਜਰੀਵਾਲ ਦਾ ਪੁਤਲਾ ਸਾੜਿਆ। 'ਆਪ' ਨੇ ਸੋਮਵਾਰ ਨੂੰ ਹਰਿਆਣਾ ਵਿੱਚ ਸੱਤਾਧਾਰੀ ਭਾਜਪਾ 'ਤੇ ਜਾਣਬੁੱਝ ਕੇ ਉਦਯੋਗਿਕ ਕਚਰੇ ਨੂੰ ਯਮੁਨਾ ਵਿੱਚ ਵਹਾਉਣ ਦਾ ਦੋਸ਼ ਲਗਾਇਆ ਸੀ। ਕੇਜਰੀਵਾਲ ਨੇ ਦੋਸ਼ ਲਗਾਇਆ ਸੀ ਕਿ ਭਾਜਪਾ ਨਦੀ ਵਿੱਚ ਜ਼ਹਿਰ ਘੋਲ ਕੇ ਲੋਕਾਂ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਉੱਧਰ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ 'ਆਪ' ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ। ਸੈਣੀ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ 'ਤੇ ਵੀ ਨਿਸ਼ਾਨਾ ਸੇਧਦਿਆਂ ਕਿਹਾ ਸੀ ਕਿ ਬੇਬੁਨਿਆਦ ਤੇ ਦੂਜਿਆਂ 'ਤੇ ਦੋਸ਼ ਲਗਾਉਣਾ ਕੇਜਰੀਵਾਲ ਦੀ ਆਦਤ ਬਣ ਗਈ ਹੈ। ਸੈਣੀ ਨੇ ਕਿਹਾ ਸੀ ਕਿ ਕੇਜਰੀਵਾਲ ਨੂੰ ਤੁਰੰਤ ਹਰਿਆਣਾ ਤੇ ਦਿੱਲੀ ਦੇ ਲੋਕਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ, ਨਹੀਂ ਤਾਂ ਉਹ ਉਨ੍ਹਾਂ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨਗੇ।

ਪੰਚਕੂਲਾ ਵਿੱਚ ਸੂਬੇ ਦੇ ਕੁਝ ਮੰਤਰੀਆਂ ਸਣੇ ਕਈ ਭਾਜਪਾ ਆਗੂਆਂ ਨੇ ਅੱਜ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਹਰਿਆਣਾ ਦੇ ਮੰਤਰੀ ਰਣਬੀਰ ਗੰਗਵਾ ਨੇ ਪੰਚਕੂਲ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦਾ ਸੂਬਾ ਦਿੱਲੀ ਨੂੰ ਪੂਰਾ ਜਾਂ ਫਿਰ ਉਸ ਤੋਂ ਜ਼ਿਆਦਾ ਪਾਣੀ ਦਿੰਦਾ ਹੈ। ਗੰਗਵਾ ਨੇ ਕੇਜਰੀਵਾਲ ਦੇ ਦੋਸ਼ਾਂ 'ਤੇ ਕਿਹਾ, "ਅਸੀਂ ਆਪਣੀਆਂ ਨਦੀਆਂ ਦੀ ਪੂਜਾ ਕਰਦੇ ਹਾਂ। ਯਮੁਨਾ ਸਾਡੇ ਲਈ ਪਵਿੱਤਰ ਹੈ। ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਵਾਸਤੇ ਕੇਜਰੀਵਾਲ ਬੇਬੁਨਿਆਦ ਦੋਸ਼ ਲਗਾ ਰਹੇ ਹਨ।" ਹਰਿਆਣਾ ਦੇ ਇਕ ਹੋਰ ਮੰਤਰੀ ਵਿਪੁਲ ਗੋਇਲ ਨੇ ਕੇਜਰੀਵਾਲ 'ਤੇ ਉਨ੍ਹਾਂ ਦੇ 'ਯਮੁਨਾ ਵਿੱਚ ਜ਼ਹਿਰ' ਦੇ ਦਾਅਵਿਆਂ ਲਈ ਨਿਸ਼ਾਨਾ ਸੇਧਿਆ। ਗੋਇਲ ਨੇ ਕਿਹਾ, "ਅਜਿਹੇ ਵਿਅਕਤੀ ਨੂੰ ਸਿਆਸਤ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।"

ਹਰਿਆਣਾ ਸਰਕਾਰ ਦੇ ਮੰਤਰੀ ਅਨਿਲ ਵਿੱਜ ਨੇ ਵੀ 'ਆਪ' ਸੁਪਰੀਮੋ 'ਤੇ ਨਿਸ਼ਾਨਾ ਸੇਧਿਆ। ਵਿੱਜ ਨੇ ਕਿਹਾ, "ਕੇਜਰੀਵਾਲ ਆਪਣੇ ਝੂਠੇ ਵਾਅਦਿਆਂ ਰਾਹੀਂ ਦੇਸ਼ ਵਿੱਚ ਜ਼ਹਿਰ ਫੈਲਾ ਰਹੇ ਹਨ। ਉਨ੍ਹਾਂ 10 ਸਾਲਾਂ ਤੱਕ ਦਿੱਲੀ 'ਤੇ ਰਾਜ ਕੀਤਾ, ਫਿਰ ਵੀ ਓਹ ਯਮੁਨਾ ਨੂੰ ਸਾਫ਼ ਨਹੀਂ ਕਰ ਸਕੇ ਅਤੇ ਦੂਜਿਆਂ 'ਤੇ ਦੋਸ਼ ਲਗਾ ਰਹੇ ਹਨ।"

ਭਾਜਪਾ ਦੀ ਹਰਿਆਣਾ ਇਕਾਈ ਨੇ 'ਐਕਸ' ਉੱਤੇ ਪਾਈ ਇਕ ਪੋਸਟ ਵਿੱਚ ਕਿਹਾ, "ਅਸਲ ਵਿੱਚ ਇਹ ਲੋਕ ਦਿੱਲੀ ਦੀ ਜਨਤਾ ਨੂੰ ਮੂੰਹ ਦਿਖਾਉਣ ਲਾਇਕ ਨਹੀਂ ਹਨ ਕਿਉਂਕਿ 2020 ਦੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਗਏ ਇਕ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ ਹੈ।" ਭਾਜਪਾ ਦੀ ਹਰਿਆਣਾ ਇਕਾਈ ਨੇ ਇਕ ਹੋਰ ਪੋਸਟ ਵਿੱਚ ਕਿਹਾ, "ਦਿੱਲੀ ਦੀ ਹਵਾ ਤੇ ਪਾਣੀ 'ਚ ਜ਼ਹਿਰ ਘੋਲਣ ਵਾਲੇ ਕੇਜਰੀਵਾਲ ਇਕ ਵਾਰ ਮੁੜ ਤੋਂ ਝੂਠ ਬੋਲ ਰਹੇ ਹਨ।" ਭਾਜਪਾ ਵੱਲੋਂ ਕੇਜਰੀਵਾਲ ਨੂੰ 'ਫ਼ਰਜ਼ੀਵਾਲ' ਕਹਿੰਦੇ ਹੋਏ ਪੋਸਟ ਵਿੱਚ ਇਹ ਵੀ ਕਿਹਾ ਗਿਆ, "ਅੱਜ ਤੁਸੀਂ ਹਰਿਆਣਾ ਦੇ ਲੋਕਾਂ 'ਤੇ ਦੋਸ਼ ਲਗਾ ਰਹੇ ਹੋ, ਜਿੱਥੇ ਤੁਸੀਂ ਪੈਦਾ ਹੋਏ ਹੋ। ਕੁਝ ਸ਼ਰਮ ਕਰੋ ਕੇਜਰੀਵਾਲ।"

# ਮੋਦੀ ਦੇ ਫਰਵਰੀ 'ਚ ਵ੍ਹਾਈਟ ਹਾਊਸ ਆਉਣ ਦੀ ਸੰਭਾਵਨਾ: ਟਰੰਪ

**ਵਾਸ਼ਿੰਗਟਨ-** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੈਰ-ਕਾਨੂੰਨੀ ਪਰਵਾਸੀਆਂ ਬਾਰੇ 'ਜੋ ਸਹੀ ਹੈ' ਉਹ ਉਹੀ ਕਰਨਗੇ ਅਤੇ ਇਸ ਗੱਲ ਨੂੰ ਮੁੱਖ ਰੱਖਦਿਆਂ ਭਾਰਤ ਨਾਲ ਗੱਲਬਾਤ ਚੱਲ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਬੀਤੇ ਦਿਨ ਫਲੋਰਿਡਾ ਤੋਂ ਸੰਯੁਕਤ ਬੇਸ ਐਂਡਰਿਊਜ਼ 'ਤੇ ਵਾਪਸ ਜਾਣ ਸਮੇਂ ਏਅਰ ਫੋਰਸ ਵਨ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਫਰਵਰੀ ਵਿੱਚ ਵ੍ਹਾਈਟ ਹਾਊਸ ਆਉਣ ਦੀ ਸੰਭਾਵਨਾ ਹੈ।



ਵੱਖਰੇ ਤੌਰ 'ਤੇ ਦੋਵਾਂ ਨੇਤਾਵਾਂ ਵਿਚਕਾਰ ਫੋਨ ਕਾਲ ਦੇ ਰੀਡਆਊਟ ਵਿੱਚ ਵ੍ਹਾਈਟ ਹਾਊਸ ਨੇ ਕਿਹਾ ਕਿ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਅਤੇ ਨਿਰਪੱਖ ਦੁਵੱਲੇ ਵਪਾਰਕ ਸਬੰਧਾਂ, ਡੂੰਘੇ ਭਾਰਤ-ਅਮਰੀਕਾ ਸਹਿਯੋਗ ਵੱਲ ਕਦਮ ਵਧਾਉਣ ਬਾਰੇ ਵਿਚਾਰ ਚਰਚਾ ਕੀਤੀ। ਬੀਤੇ ਦਿਨ ਟਰੰਪ ਫਲੋਰੀਡਾ ਦੇ ਰਿਟ੍ਰੀਟ 'ਤੇ ਹਾਊਸ ਰਿਪਬਲਿਕਨਾਂ ਨਾਲ ਗੱਲਬਾਤ ਕਰ ਰਹੇ ਸਨ। ਇਸੇ ਦੌਰਾਨ ਵ੍ਹਾਈਟ ਹਾਊਸ ਨੇ ਕਿਹਾ ਕਿ ਆਪਣੀ ਫੋਨ ਕਾਲ ਦੌਰਾਨ ਦੋਵਾਂ ਨੇਤਾਵਾਂ ਨੇ ਮੋਦੀ ਦੇ ਅਮਰੀਕਾ ਦੌਰੇ ਦੀ ਯੋਜਨਾ 'ਤੇ ਵੀ ਚਰਚਾ ਕੀਤੀ। ਏਅਰ ਫੋਰਸ ਵਨ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਹ (ਮੋਦੀ) ਗੈਰ-ਕਾਨੂੰਨੀ ਪਰਵਾਸੀਆਂ ਨੂੰ ਲੈਣ ਲਈ ਸਹਿਮਤ ਹੋਏ ਸਨ। ਟਰੰਪ ਨੇ ਕਿਹਾ, "ਉਹ (ਮੋਦੀ) ਉਹੀ ਕਰਨਗੇ ਜੋ ਸਹੀ ਹੈ। ਅਸੀਂ ਚਰਚਾ ਕਰ ਰਹੇ ਹਾਂ।" ਪ੍ਰਧਾਨ ਮੰਤਰੀ ਮੋਦੀ ਨਾਲ ਫੋਨ 'ਤੇ ਹੋਈ ਗੱਲਬਾਤ ਬਾਰੇ ਟਰੰਪ ਨੇ ਕਿਹਾ, 'ਮੈਂ ਅੱਜ ਸਵੇਰੇ (ਸੋਮਵਾਰ ਨੂੰ) ਉਨ੍ਹਾਂ ਨਾਲ ਲੰਮੀ ਗੱਲਬਾਤ ਕੀਤੀ। ਉਹ ਸੰਭਵ ਹੈ ਕਿ ਅਗਲੇ ਮਹੀਨੇ ਫਰਵਰੀ 'ਚ ਵ੍ਹਾਈਟ ਹਾਊਸ ਆਉਣਗੇ। ਭਾਰਤ ਨਾਲ ਸਾਡੇ ਬਹੁਤ ਚੰਗੇ ਸਬੰਧ ਹਨ।' ਟਰੰਪ ਨੇ ਦੱਸਿਆ ਕਿ ਮੋਦੀ ਨਾਲ ਗੱਲਬਾਤ ਦੌਰਾਨ ਸਾਰੇ ਵਿਸ਼ਿਆਂ 'ਤੇ ਚਰਚਾ ਹੋਈ। ਟਰੰਪ ਨੇ ਭਾਰਤ ਨੂੰ ਅਮਰੀਕਾ 'ਚ ਬਣੇ ਸੁਰੱਖਿਆ ਉਪਕਰਨਾਂ ਦੀ ਖਰੀਦ ਵਧਾਉਣ ਅਤੇ ਢੁੱਕਵੇਂ ਦੁਵੱਲੇ ਵਪਾਰ ਸਬੰਧਾਂ ਦੀ ਦਿਸ਼ਾ 'ਚ ਅੱਗੇ ਵਧਣ ਦੀ ਅਪੀਲ ਕੀਤੀ। ਮੋਦੀ ਤੇ ਟਰੰਪ ਨੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਅਤੇ ਹਿੰਦ-ਪ੍ਰਸ਼ਾਂਤ 'ਕੁਆਡ' ਭਾਈਵਾਲੀ ਮਜ਼ਬੂਤ ਕਰਨ ਦੀ ਆਪਣੀ ਪ੍ਰਤੀਬੱਧਤਾ 'ਤੇ ਜ਼ੋਰ ਦਿੱਤਾ।

### ਚੀਨ, ਭਾਰਤ ਤੇ ਬ੍ਰਾਜ਼ੀਲ ਉੱਚ ਟੈਕਸ ਵਾਲੇ ਮੁਲਕਾਂ 'ਚ ਸ਼ਾਮਲ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਉਨ੍ਹਾਂ ਮੁਲਕਾਂ 'ਤੇ ਟੈਕਸ ਲਾਉਣਗੇ ਜੋ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾਂ ਚੀਨ, ਭਾਰਤ ਤੇ ਬ੍ਰਾਜ਼ੀਲ ਨੂੰ ਉੱਚ ਟੈਕਸ ਵਾਲੇ ਮੁਲਕਾਂ ਵਿੱਚ ਸ਼ਾਮਲ ਕੀਤਾ। ਟਰੰਪ ਨੇ ਚੀਨੀ ਐਪ 'ਡੀਪਸੀਕ' ਦੇ ਅਚਾਨਕ ਉਭਾਰ ਨੂੰ ਮਸਨੂਈ ਬੌਧਿਕਤਾ (ਏਆਈ) ਵਿਕਸਿਤ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਲਈ 'ਚਿਤਾਵਨੀ' ਕਰਾਰ ਦਿੱਤਾ। ਡੋਨਲਡ ਟਰੰਪ ਨੇ ਫਲੋਰੀਡਾ 'ਚ ਹਾਊਸ ਰਿਪਬਲਿਕਨਾਂ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, 'ਅਸੀਂ ਉਨ੍ਹਾਂ ਬਾਹਰੀ ਮੁਲਕਾਂ ਤੇ ਬਾਹਰੀ ਲੋਕਾਂ 'ਤੇ ਟੈਕਸ ਲਾਉਣ ਜਾ ਰਹੇ ਹਾਂ ਜੋ ਅਸਲ 'ਚ ਸਾਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਉਨ੍ਹਾਂ ਦਾ ਇਰਾਦਾ ਬੇਸ਼ੱਕ ਸਾਨੂੰ ਨੁਕਸਾਨ ਪਹੁੰਚਾਉਣਾ ਹੈ ਪਰ ਉਹ ਖਾਸ ਤੌਰ 'ਤੇ ਆਪਣੇ ਦੇਸ਼ ਨੂੰ ਚੰਗਾ ਬਣਾਉਣਾ ਚਾਹੁੰਦੇ ਹਨ।' ਉਨ੍ਹਾਂ ਕਿਹਾ, 'ਦੇਖੋ ਦੂਜੇ ਕੀ ਕਰਦੇ ਹਨ। ਚੀਨ ਬਹੁਤ ਜ਼ਿਆਦਾ ਟੈਕਸ ਲੈਂਦਾ ਹੈ ਅਤੇ ਭਾਰਤ, ਬ੍ਰਾਜ਼ੀਲ ਤੇ ਕਈ ਹੋਰ ਮੁਲਕਾਂ 'ਚ ਵੀ ਇਹੀ ਸਥਿਤੀ ਹੈ। ਇਸ ਲਈ ਅਸੀਂ ਹੁਣ ਅਜਿਹਾ ਹੋਰ ਨਹੀਂ ਹੋਣ ਦੇਵਾਂਗੇ ਅਤੇ ਅਸੀਂ ਅਮਰੀਕਾ ਨੂੰ ਸਭ ਤੋਂ ਅੱਗੇ ਲਿਜਾਵਾਂਗੇ।' ਉਨ੍ਹਾਂ ਕਿਹਾ ਕਿ ਅਮਰੀਕਾ ਇੱਕ ਬਹੁਤ ਹੀ ਨਿਰਪੱਖ ਪ੍ਰਣਾਲੀ ਸਥਾਪਤ ਕਰੇਗਾ ਜਿਸ ਨਾਲ ਸਾਡੇ ਖਜ਼ਾਨੇ 'ਚ ਧਨ ਆਵੇਗਾ ਅਤੇ ਅਮਰੀਕਾ ਮੁੜ ਬਹੁਤ ਖੁਸ਼ਹਾਲ ਹੋ ਜਾਵੇਗਾ। ਟਰੰਪ ਨੇ ਕੰਪਨੀਆਂ ਨੂੰ ਕਿਹਾ ਕਿ ਜੇ ਉਹ ਟੈਕਸ ਤੋਂ ਬਚਣਾ ਚਾਹੁੰਦੀਆਂ ਹਨ ਤਾਂ ਉਹ ਅਮਰੀਕਾ ਆ ਕੇ ਨਿਰਮਾਣ ਇਕਾਈਆਂ ਸਥਾਪਤ ਕਰਨ। ਇਸੇ ਦੌਰਾਨ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਚੀਨੀ ਐਪ 'ਡੀਪਸੀਕ' ਦਾ ਅਚਾਨਕ ਉਭਾਰ ਹੋਣਾ ਮਸਨੂਈ ਬੌਧਿਕਤਾ ਵਿਕਸਿਤ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਲਈ 'ਇੱਕ ਚਿਤਾਵਨੀ ਹੋਣੀ ਚਾਹੀਦੀ ਹੈ' ਕਿਉਂਕਿ ਉਨ੍ਹਾਂ ਨੂੰ ਜਿੱਤਣ ਲਈ ਮੁਕਾਬਲੇ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਟਰੰਪ ਨੇ ਇਹ ਵੀ ਕਿਹਾ ਕਿ 'ਡੀਪਸੀਕ' ਇੱਕ ਸਕਾਰਾਤਮਕ ਵਿਕਾਸ ਹੈ ਕਿਉਂਕਿ ਇਹ ਸਸਤਾ ਹੈ।

# ਰਾਸ਼ਟਰਪਤੀ ਦੇ ਸੰਬੋਧਨ ਨਾਲ 31 ਨੂੰ ਸ਼ੁਰੂ ਹੋਵੇਗਾ ਬਜਟ ਇਜਲਾਸ

**ਨਵੀਂ ਦਿੱਲੀ-** ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ 31 ਜਨਵਰੀ ਨੂੰ ਲੋਕ ਸਭਾ ਤੇ ਰਾਜ ਸਭਾ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਨ ਨਾਲ ਬਜਟ ਇਜਲਾਸ ਦੀ ਸ਼ੁਰੂਆਤ ਹੋਵੇਗੀ। ਰਾਸ਼ਟਰਪਤੀ ਮੁਰਮੂ 31 ਜਨਵਰੀ ਨੂੰ ਲੋਕ ਸਭਾ ਚੈਂਬਰ ਵਿੱਚ ਇਕੱਠੇ ਹੋਏ ਸੰਸਦ ਦੇ ਦੋਵੇਂ ਸਦਨਾਂ ਨੂੰ ਸੰਬੋਧਨ ਕਰਨਗੇ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ 1 ਫਰਵਰੀ ਨੂੰ ਆਮ ਬਜਟ ਪੇਸ਼ ਕਰਨਗੇ। ਵਿੱਤ ਮੰਤਰੀ 31 ਜਨਵਰੀ ਨੂੰ ਆਰਥਿਕ ਸਰਵੇਖਣ ਵੀ ਪੇਸ਼ ਕਰਨਗੇ।

ਲੋਕ ਸਭਾ ਨੇ ਫਿਲਹਾਲ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਚਰਚਾ ਲਈ ਦੋ ਦਿਨ (3-4 ਫਰਵਰੀ) ਨਿਰਧਾਰਤ ਕੀਤੇ ਹਨ, ਜਦਕਿ ਰਾਜ ਸਭਾ ਨੇ ਬਹਿਸ ਲਈ ਤਿੰਨ ਦਿਨ ਨਿਰਧਾਰਤ ਕੀਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਫਰਵਰੀ ਨੂੰ ਰਾਜ ਸਭਾ ਵਿੱਚ ਬਹਿਸ ਦਾ ਜਵਾਬ ਦੇਣਗੇ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਬਜਟ ਸੈਸ਼ਨ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ 30 ਜਨਵਰੀ ਨੂੰ ਸੰਸਦ ਵਿੱਚ ਸਰਬ ਪਾਰਟੀ ਮੀਟਿੰਗ ਸੱਦੀ ਹੈ।

ਬਜਟ ਸੈਸ਼ਨ ਦੇ ਪਹਿਲੇ ਹਿੱਸੇ ਵਿੱਚ 31 ਜਨਵਰੀ ਤੋਂ 13 ਫਰਵਰੀ ਤੱਕ ਨੌਂ ਬੈਠਕਾਂ ਹੋਣਗੀਆਂ। ਉਪਰੰਤ 13 ਫਰਵਰੀ ਨੂੰ ਬਜਟ ਤਜਵੀਜ਼ਾਂ ਦੀ ਜਾਂਚ ਲਈ ਸੰਸਦ ਛੁੱਟੀ ਕਰੇਗੀ ਅਤੇ ਵੱਖ-ਵੱਖ ਮੰਤਰਾਲਿਆਂ ਦੀਆਂ ਗਰਾਂਟਾਂ ਦੀਆਂ ਮੰਗਾਂ 'ਤੇ ਚਰਚਾ ਕਰਨ ਤੇ ਬਜਟ ਪ੍ਰਕਿਰਿਆ ਨੂੰ ਪੂਰਾ ਕਰਨ ਲਈ 10 ਮਾਰਚ ਤੋਂ ਦੁਬਾਰਾ ਬੈਠਕ ਹੋਵੇਗੀ। ਬਜਟ ਸੈਸ਼ਨ 4 ਅਪਰੈਲ ਨੂੰ ਸਮਾਪਤ ਹੋਵੇਗਾ। ਪੂਰੇ ਬਜਟ ਸੈਸ਼ਨ ਦੌਰਾਨ 27 ਬੈਠਕਾਂ ਹੋਣਗੀਆਂ।





# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street Union City CA 94587



ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਲਈ ਆਪਣਾ ਦਸ਼ਵੰਧ ਕੱਢੋ ਤਾਂ ਜੋ ਕਿ ਆਪਾਂ-ਆਪਣੇ ਸੁਪਨੇ ਪੂਰੇ ਕਰ ਸਕੀਏ। ਗੁਰੂ ਘਰ ਦਾ ਪ੍ਰੋਗਰਾਮ ਹਰ ਇਕ ਦੂਸਰੇ ਐਤਵਾਰ ਅਤੇ ਚੋਥੇ ਐਤਵਾਰ ਪੱਕਾ ਤਹਿ ਕੀਤਾ ਹੈ। ਸੰਗਤ ਨੂੰ ਬੇਨਤੀ ਹੈ ਕਿ ਆਪ ਪ੍ਰੋਗਰਾਮ ਤੇ ਪਹੁੰਚੋ ਅਤੇ ਗੁਰੁਘਰ ਦੀ ਇਮਾਰਤ ਬਣਦੀ ਦੇਖੋ ਅਤੇ ਆਪਣਾ ਯੋਗਦਾਨ ਪਾਓ।



## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਯੂਨੀਅਨ ਸਿਟੀ ਵਿਖੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ














ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਯੂਨੀਅਨ ਸਿਟੀ ਵਿਖੇ ਹਫਤਾਵਾਰੀ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਤੇ 26 ਜਨਵਰੀ ਦਾ ਦਿਨ ਵੀ ਮਨਾਇਆ, ਜਿਸ ਵਿਚ ਪ੍ਰੋਗਰਾਮ ਦੀ ਸਟੇਜ ਦੀ ਸੇਵਾ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਵੱਲੋਂ ਨਿਭਾਈ ਗਈ। ਪ੍ਰਧਾਨ ਤਰਲੋਚਨ ਸਿੰਘ ਬੱਧਣ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਬਾਬਾ ਜੀ ਦੇ ਜੀਵਨ ਬਾਰੇ ਦੱਸਿਆ, ਨਾਲ ਹੀ 26 ਜਨਵਰੀ 1950 ਨੂੰ ਜੋ ਭਾਰਤ ਦਾ ਸੰਵਿਧਾਨ ਲਾਗੂ ਹੋਇਆ, ਉਸ ਬਾਰੇ ਦੱਸਿਆ ਤਾਂ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਾਨੂੰ ਕਿਸ ਤਰ੍ਹਾਂ ਸੰਵਿਧਾਨਕ ਹੱਕ ਲੈ ਕੇ ਦਿੱਤੇ। ਬਾਕੀ ਗੁਰੂ ਘਰ ਦੀ ਬਿਲਡਿੰਗ ਦਾ ਜੋ ਕੰਮ ਚੱਲ ਰਿਹਾ ਹੈ, ਉਸ ਦੀ ਜਾਣਕਾਰੀ ਦਿੱਤੀ ਅਤੇ ਸਾਰੀ ਸੰਗਤ ਨੂੰ ਮਾਇਆ ਦਾ ਦਾਨ ਵੱਧ ਤੋਂ ਵੱਧ ਕਰਨ ਦੀ ਅਪੀਲ ਕੀਤੀ। ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਸਾਰੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਹਰਮੇਸ਼ ਬੱਧਣ ਨੇ ਵੀ 26 ਜਨਵਰੀ ਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੱਸਿਆ ਕਿ ਕਿਵੇਂ ਬਾਬਾ ਸਾਹਿਬ ਜੀ ਨੇ ਸਾਨੂੰ ਸੰਵਿਧਾਨਕ ਹੱਕ ਲੈ ਕੇ ਦਿੱਤੇ। ਕੈਸ਼ੀਅਰ ਮਨਦੀਪ ਰਾਏ ਤੇ ਸੋਹਣ ਸਿੰਘ ਢਾਂਡਾ ਨੇ ਸੇਵਾ ਕੀਤੀ। ਵਾਈਸ ਚੇਅਰਮੈਨ ਰਾਮ ਲੁਭਾਇਆ ਜੀ ਵੀ ਹਾਜ਼ਰ ਹੋਏ। ਸਾਰੀ ਸੰਗਤ ਨੂੰ ਬੇਨਤੀ ਹੈ ਕਿ ਬਿਲਡਿੰਗ ਵਾਸਤੇ ਮਾਇਆ ਦਾ ਦਾਨ ਵੱਧ ਤੋਂ ਵੱਧ ਕਰੋ ਜੀ। ਸੁਖਮਨੀ ਸਾਹਿਬ ਦਾ ਪਾਠ ਭਾਈ ਵਿਜੇ ਸਿੰਘ ਜੀ ਨੇ ਕੀਤਾ ਤੇ ਉਪਰੰਤ ਭਾਈ ਵਿਜੇ ਸਿੰਘ ਤੇ ਜਥੇ ਨੇ ਕੀਰਤਨ ਕੀਤਾ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

**For langar Sewa please contact any of the committee members**

| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |

# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸਹਿਯੋਗੀਆਂ ਵੱਲੋਂ ਸਰਬਸੰਮਤੀ ਨਾਲ ਨਵੀਂ ਕਮੇਟੀ ਬਣਾਉਣ ਦਾ ਫੈਸਲਾ

**ਨਿਊਯਾਰਕ**–ਬੀਤੀ 26 ਜਨਵਰੀ ਦਿਨ ਐਤਵਾਰ ਨੂੰ ਗਣਤੰਤਰ ਦਿਹਾੜੇ ਤੇ ਨਿਊਯਾਰਕ ਵਿਖੇ ਇਕ ਨਵੇਂ ਇਤਿਹਾਸ ਦੀ ਸਿਰਜਣਾ ਹੋਈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸਹਿਯੋਗੀਆਂ ਵੱਲੋਂ ਏਕੇ ਦਾ ਇੱਕ ਹੋਰ ਮੀਲ ਪੱਥਰ ਸਥਾਪਤ ਕੀਤਾ ਗਿਆ। ਯਾਦ ਰਹੇ ਕਿ ਨਿਊਯਾਰਕ ਸਿਟੀ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਈਸਟ ਕੋਸਟ ਦਾ ਇਕੋ ਵਾਹਿਦ ਵੱਡਾ ਗੁਰੂ ਘਰ ਹੈ। ਪਿਛਲੇ ਸਮਿਆਂ ਵਿੱਚ ਇਹ ਗੁਰਦੁਆਰਾ ਕਾਫ਼ੀ ਵਿਵਾਦਾਂ ਵਿੱਚ ਰਿਹਾ। ਲੜਾਈ ਝਗੜੇ ਕਾਰਨ ਸੰਗਤ ਦੋ ਧੜਿਆਂ ਵਿੱਚ ਵੰਡੀ ਗਈ ਸੀ, ਗੁਰੂ ਮਹਾਰਾਜ ਨੇ ਐਸੀ ਕੀਤੀ ਕਿ ਪਿਛਲੇ ਸਾਲ 2024 ਵਿੱਚ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਦੀ ਪ੍ਰਧਾਨਗੀ ਵਾਲੀ ਸਮੁੱਚੀ ਕਮੇਟੀ ਨੇ ਭਾਈਚਾਰੇ ਦੇ ਮੋਹਤਵਾਰ ਮੈਂਬਰਾਂ ਨੂੰ ਬੁਲਾ ਕੇ ਇੱਕ ਸਾਂਝੀ ਮੀਟਿੰਗ ਬੁਲਾਈ ਅਤੇ ਭਾਈਚਾਰੇ ਵਿੱਚ ਪਏ ਵਖਰੇਵੇਂ ਨੂੰ ਖਤਮ ਕਰਨ ਲਈ ਸਰਬਸੰਮਤੀ ਨਾਲ ਨਵੀਂ ਕਮੇਟੀ ਬਣਾਉਣ ਦਾ ਫੈਸਲਾ ਲਿਆ। ਕਾਫ਼ੀ ਮੀਟਿੰਗਾਂ ਤੇ ਗੱਲਬਾਤ ਕਰਨ ਤੋਂ ਬਾਅਦ ਸਹਿਮਤੀ ਹੋਈ ਕਿ ਦੋਹਾਂ ਧਿਰਾਂ ਦੀ ਇੱਕ ਸਾਂਝੀ ਕਮੇਟੀ ਬਣਾਈ ਜਾਵੇ ਅਤੇ ਇੱਕ-ਇੱਕ ਸਾਲ ਲਈ ਪ੍ਰਧਾਨ ਅਤੇ ਦੂਜੇ ਅਹੁਦੇ ਬਦਲੇ ਜਾਣ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਗੁਰੂ ਘਰ ਦੇ ਸੰਵਿਧਾਨ ਮੁਤਾਬਕ ਕਮੇਟੀ ਦੀ ਮਿਆਦ ਦੋ ਸਾਲ ਦੀ ਹੁੰਦੀ ਹੈ। ਇਸੇ ਤਰ੍ਹਾਂ ਇੱਕ ਇਕਰਾਰਨਾਮਾ ਵੀ ਲਿਖਿਆ ਗਿਆ ਜਿਸ ਵਿੱਚ ਇਹ ਸ਼ਰਤ ਰੱਖੀ ਗਈ ਸੀ। ਨਵੀਂ ਸਾਂਝੀ ਕਮੇਟੀ ਨੇ ਜਨਵਰੀ 28, 2024 ਨੂੰ ਆਪਣਾ ਕਾਰਜ ਪ੍ਰਬੰਧ ਸ਼ੁਰੂ ਕੀਤਾ ਸੀ, ਇਸ ਸਰਬਸੰਮਤੀ ਵਾਲੀ ਕਮੇਟੀ ਦੇ ਪ੍ਰਧਾਨ ਸ੍ਰੀ ਜਸਵਿੰਦਰ ਸਿੰਘ ਬਿੱਲਾ, ਚੇਅਰਮੈਨ ਪਰਮਜੀਤ ਕਮਾਮ, ਜਨਰਲ ਸੈਕਟਰੀ ਬਲਵਿੰਦਰ ਭੌਰਾ, ਜੁਆਇੰਟ ਸੈਕਟਰੀ ਚਰਨਜੀਤ ਸਿੰਘ ਝੱਲੀ ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਰਾਮ ਲੱਡੂ, ਵਾਈਸ ਪ੍ਰਧਾਨ ਪਰਮਜੀਤ ਫਿਲੌਰ, ਪਬਲਿਕ ਰਿਲੇਸਨ ਸੈਕਟਰੀ ਤਵਿਦਰ ਸਿੰਘ ਬੈਂਸ, ਹੈਡ ਕੈਸ਼ੀਅਰ ਮਨੋਹਰ ਕਲੇਰ, ਜੁਆਇੰਟ ਕੈਸ਼ੀਅਰ ਕਿਰਪਾਲ ਸਿੰਘ ਡੱਲੀ ਤੇ ਲੰਗਰ ਇੰਚਾਰਜ ਗੁਰਨਾਮ ਸਿੰਘ ਵਿਰਦੀ ਸਮੇਤ ਟਰੱਸਟ ਮੈਂਬਰ ਸੂਰਜ ਪ੍ਰਕਾਸ਼, ਸਤਨਾਮ ਸਿੰਘ, ਬੂਟਾ ਰਾਮ, ਸੁਖਵਿੰਦਰ ਸਿੰਘ ਵਿਰਦੀ, ਮਹਿੰਦਰ ਰਾਮ, ਲਖਵੀਰ ਕਟਾਰੀਆ, ਬਲਜਿੰਦਰ ਕੁਮਾਰ, ਰਮੇਸ਼ ਮਹੇ, ਅਸ਼ਵਨੀ ਦਾਦਰਾ ਅਤੇ ਅਵਤਾਰ ਭਾਟੀਆ ਸ਼ਾਮਲ ਸਨ। ਇਸ ਸਰਬ-ਸੰਮਤੀ ਨਾਲ ਸੰਗਤ ਅਤੇ ਨਿਊਯਾਰਕ ਦੇ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ। 26 ਜਨਵਰੀ ਵਾਲੇ ਦਿਨ ਇਸੇ ਕਮੇਟੀ ਨੇ ਸਾਲ ਪੂਰਾ ਕਰਨ ਉਪਰੰਤ ਇਕਰਾਰਨਾਮੇ ਦਾ ਸਤਿਕਾਰ ਕਰਦਿਆਂ ਆਪਣੇ ਅਹੁਦੇ ਬਦਲੇ, ਪ੍ਰਧਾਨ ਹੁਣ ਚੇਅਰਮੈਨ ਅਤੇ ਚੇਅਰਮੈਨ ਪ੍ਰਧਾਨ ਵਜੋਂ ਸੇਵਾ ਨਿਭਾਏਗਾ, ਕ੍ਰਮਵਾਰ ਸੈਕਟਰੀ, ਕੈਸ਼ੀਅਰ ਵੀ ਸੇਵਾ ਬਦਲਣਗੇ। ਸੋ ਅੱਜ ਸਮੂਹ ਸਾਬਕਾ ਮੈਬਰਜ਼ ਅਤੇ ਮੌਜੂਦਾ ਪ੍ਰਬੰਧਕੀ ਕਮੇਟੀ ਨੇ ਇਸ ਇਤਿਹਾਸਕ ਰਸਮ ਨੂੰ ਬੜੇ ਹੀ ਪ੍ਰਭਾਵਸ਼ਾਲੀ ਅਤੇ ਸ਼ਰਧਾਭਾਵ ਨਾਲ ਨਿਭਾਇਆ।

ਇਹ ਸਾਰਾ ਸਿਹਰਾ ਸਾਬਕਾ ਪ੍ਰਧਾਨ ਅਸ਼ੋਕ ਮਾਹੀ ਦੀ ਪ੍ਰਧਾਨਗੀ ਵਾਲੀ ਕਮੇਟੀ ਨੂੰ ਜਾਂਦਾ ਹੈ। ਇਸ ਮੌਕੇ ਜਿੱਥੇ ਨਵੇਂ ਤੇ ਪੁਰਾਣੇ ਮੈਂਬਰਾਂ ਨੇ ਵਧਾਈ ਦਿੱਤੀ ਉੱਥੇ ਬੇਗਮਪੁਰਾ ਕਲਚਰਲ ਸੁਸਾਇਟੀ ਦੇ ਚੇਅਰਮੈਨ ਪਿੰਦਰ ਪਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ, ਡਾਕਟਰ ਬੀ. ਆਰ. ਕਲੱਬ ਯੂ.ਐਸ.ਏ, ਵਰਡਵਾਈਡ ਬਸਪਾ ਸਪੋਰਟਰ ਗਰੁੱਪ ਵਲੋਂ ਹਰਜਿੰਦਰ ਖੋਥੜਾਂ ਨੇ ਵੀ ਵਧਾਈ ਦਿੱਤੀ। ਕੁੱਲ ਮਿਲਾ ਕੇ ਸਾਰਾ ਪ੍ਰੋਗਰਾਮ ਵਾਹਿਗੁਰੂ ਦੀ ਕ੍ਰਿਪਾ ਸਦਕਾ ਨਿਰਵਿਘਨ ਸੰਪੂਰਨ ਹੋਇਆ। ਅੰਤ ਵਿੱਚ ਸਟੇਜ ਸਕੱਤਰ ਬਲਵਿੰਦਰ ਭੌਰਾ ਨੇ ਆਈਆਂ ਸੰਗਤਾਂ ਦਾ ਕੋਟਿਨ ਕੋਟ ਧੰਨਵਾਦ ਕੀਤਾ।

ਇਸ ਮੌਕੇ ਜਿਨ੍ਹਾਂ ਸਹਿਯੋਗੀਆਂ ਨੇ ਵਿਸ਼ੇਸ਼ ਤੌਰ ਹਾਜ਼ਰੀ ਭਰੀ ਉਨ੍ਹਾਂ 'ਚ ਨਿਰਮਲ ਮੋਰੋਂ, ਮੱਖਣ ਸਿੰਘ ਫਰਾਲਾ, ਚੂਹੜ ਸਿੰਘ ਸਿੱਧੂ, ਸਾਬਕਾ ਸਕੱਤਰ ਸੂਬੇਦਾਰ ਖੁਸੀਆ ਸਿੰਘ, ਝਲਮਣ ਦਾਸ, ਸ਼ਿੰਦਾ ਝਿੱਕਾ, ਹਰਬਲਾਸ ਲਾਲੀ, ਹਰਮੇਸ਼ ਸਿੰਘ ਬਸਰਾ, ਸੁਰਜੀਤ ਚੰਦੜ, ਜਸਵਿੰਦਰ ਮਹੇ, ਮੁਖਤਿਆਰ ਬੰਟੀ, ਗਿਆਨੀ ਓਂਕਾਰ ਸਿੰਘ, ਨੀਲਮ ਕਮਾਰ ਬੱਧਣ, ਕੌਲ ਬਰਾਦਰਜ਼ ਮਿਊਜ਼ਿਕ, ਬਿਸੰਬਰ ਦਾਸ, ਦੁਰਗਾ ਦਾਸ, ਪਰਮਜੀਤ ਮੰਗਾ, ਅਮਰਿੰਦਰ ਮਾਹੀ, ਤਰਸੇਮ ਲਾਲ ਭੀਮਾ, ਬਲਵੀਰ ਸਿੰਘ ਫਿਲਾਡਿਲਫੀਆ, ਹਰਪ੍ਰੀਤ ਸੁਮਨ, ਹਰਬਲਾਸ ਬਾਸ਼ਾ, ਰਾਜੀਵ ਲਾਲ ਦੀਪਾ ਆਦਿ ਨੇ ਹਾਜ਼ਰੀ ਲਵਾਈ।

**ਰਿਪੋਰਟ ਅਤੇ ਤਸਵੀਰਾਂ– ਬਲਵਿੰਦਰ ਭੌਰਾ**



ਪ੍ਰਧਾਨ ਅਤੇ ਹੁਣ ਚੇਅਰਮੈਨ: ਜਸਵਿੰਦਰ ਸਿੰਘ ਬਿੱਲਾ



ਚੇਅਰਮੈਨ ਤੇ ਹੁਣ ਪ੍ਰਧਾਨ ਪਰਮਜੀਤ ਕਮਾਮ



ਸਾਬਕਾ ਪ੍ਰਧਾਨ: ਅਸ਼ੋਕ ਮਾਹੀ



ਸਾਬਕਾ ਚੇਅਰਮੈਨ: ਬਲਵੀਰ ਚੌਹਾਨ



ਪਿੰਦਰ ਪਾਲ, ਚੇਅਰਮੈਨ ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ



ਬਲਵਿੰਦਰ ਭੌਰਾ (ਜਰਨਲਿਸਟ ਅਤੇ ਪ੍ਰਸਿੱਧ ਗੀਤਕਾਰ)



ਪ੍ਰਸ਼ੋਤਮ ਲਾਲ ਜੱਖੂ (ਰਿਟਾਇਰਡ ਪੁਲਿਸ ਇੰਸਪੈਕਟਰ)



ਸੋਹਣ ਲਾਲ ਝਿੱਕਾ, ਸਹਿਯੋਗੀ ਮੈਂਬਰ





# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਟੀਆ ਪਰਿਵਾਰ ਵੱਲੋਂ ਭਾਈ ਰਤਨ ਸਿੰਘ ਭਾਟੀਆ ਅਤੇ ਮਾਤਾ ਗੁਰਮੀਤ ਕੌਰ ਦੀ ਮਿੱਠੀ ਯਾਦ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ

ਪਿਟਸਬਰਗ- ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਬੀਤੇ ਐਤਵਾਰ ਭਾਈ ਕਸ਼ਮੀਰੀ ਭਾਟੀਆ, ਬੀਬੀ ਕਮਲਜੀਤ ਕੌਰ ਭਾਟੀਆ ਅਤੇ ਸਮੂਹ ਪਰਿਵਾਰ ਵੱਲੋਂ ਆਪਣੇ ਸਵਰਗੀ ਮਾਤਾ ਪਿਤਾ ਭਾਈ ਰਤਨ ਸਿੰਘ ਭਾਟੀਆ ਅਤੇ ਮਾਤਾ ੀ ਗੁਰਮੀਤ ਕੌਰ ਦੀ ਮਿੱਠੀ ਯਾਦ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕਰਵਾਈ ਗਈ। ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ, ਬੀਬੀ ਕਮਲਜੀਤ ਕੌਰ ਭਾਟੀਆ ਅਤੇ ਬੇਟੀ ਮੰਨਤ ਕੌਰ ਆਦਿ ਨੇ ਸ਼ਬਦ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਸ੍ਰੀ ਓ ਪੀ ਬਾਲੀ ਅਤੇ ਸ੍ਰੀਮਤੀ ਜੀਨਾ ਭਾਟੀਆ ਨੇ ਮਰਹੂਮ ਭਾਈ ਰਤਨ ਸਿੰਘ ਭਾਟੀਆ ਅਤੇ ਮਰਹੂਮ ਮਾਤਾ ਗੁਰਮੀਤ ਕੌਰ ਨੂੰ ਦਿਲੋਂ ਸ਼ਰਧਾਂਜਲੀ ਦਿੰਦਿਆਂ ਉਹਨਾਂ ਦੇ ਆਪਣੇ ਪਰਿਵਾਰ ਪ੍ਰਤੀ ਘਾਲਣਾਵਾਂ ਦਾ ਵਰਣਨ ਕੀਤਾ। ਭਾਈ ਬਲਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਵਾਹਿਗੁਰੂ ਸਮੂਹ ਭਾਟੀਆ ਪਰਿਵਾਰ ਨੂੰ ਚੜ੍ਹਦੀਕਲਾ ਵਿੱਚ ਰੱਖੇ। ਇਸ ਮੌਕੇ ਸ੍ਰੀ ਨਰੇਸ ਕੁਮਾਰ ਸਵੈਨ ਨੇ ਸਟੇਜ ਦੀ ਸੇਵਾ ਨਿਭਾਈ। ਚੇਅਰਮੈਨ ਸ੍ਰੀ ਵਿਨੋਦ ਕੁਮਾਰ ਨੇ ਪਾਠ ਅਤੇ ਲੰਗਰ ਦੀ ਸੇਵਾ ਲਈ ਭਾਟੀਆ ਪਰਿਵਾਰ ਦਾ ਕਮੇਟੀ ਵੱਲੋਂ ਧੰਨਵਾਦ ਕੀਤਾ।












ਤਸਵੀਰਾਂ- ਦੇਸ਼ ਦੁਆਬਾ










# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਟੀਆ ਪਰਿਵਾਰ ਵੱਲੋਂ ਭਾਈ ਰਤਨ ਸਿੰਘ ਭਾਟੀਆ ਅਤੇ ਮਾਤਾ ਗੁਰਮੀਤ ਕੌਰ ਦੀ ਮਿੱਠੀ ਯਾਦ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ















ਤਸਵੀਰਾਂ- ਦੇਸ਼ ਦੁਆਬਾ











# ਭਾਰਤ ਨੇ 76ਵਾਂ ਗਣਤੰਤਰ ਦਿਵਸ ਮਨਾਇਆ, ਫੌਜੀ ਤਾਕਤ ਦਾ ਕੀਤਾ ਮੁਜ਼ਾਹਰਾ

**ਨਵੀ ਦਿੱਲੀ–** ਭਾਰਤ ਨੇ ਐਤਵਾਰ ਨੂੰ ਆਪਣਾ 76ਵਾਂ ਗਣਤੰਤਰ ਦਿਵਸ ਆਪਣੀ ਫੌਜੀ ਸ਼ਕਤੀ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਮਨਾਇਆ। ਕਰਤਵਿਆ ਪਥ ’ਤੇ ਕੱਢੀ ਰਵਾਇਤੀ ਪਰੇਡ ਵਿੱਚ ਮਾਰਚਿੰਗ ਟੁਕੜੀਆਂ, ਮਿਜ਼ਾਈਲਾਂ ਅਤੇ ਸਵਦੇਸ਼ੀ ਹਥਿਆਰ ਪ੍ਰਣਾਲੀਆਂ ਵੀ ਸ਼ਾਮਲ ਸਨ। ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬਿਆਂਤੋ ਗਣਤੰਤਰ ਦਿਵਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪਰੇਡ ਦੀ ਸ਼ੁਰੂਆਤ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਸਲਾਮੀ ਲੈਣ ਨਾਲ ਹੋਈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਮੁਰਮੂ ਤੇ ਉਨ੍ਹਾਂ ਦੇ ਇੰਡੋਨੇਸ਼ਿਆਈ ਹਮਰੁਤਬਾ ਸੁਬਿਆਂਤੋ ਭਾਰਤੀ ਰਾਸ਼ਟਰਪਤੀ ਦੇ ਅੰਗ ਰੱਖਿਅਕਾਂ ਦੀ ਨਿਗਰਾਨੀ ਵਿਚ ‘ਰਵਾਇਤੀ ਬੱਗੀ’ ਵਿੱਚ ਕਰਤਵਿਆ ਪਥ ’ਤੇ ਪਹੁੰਚੇ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਈ ਹੋਰ ਕੇਂਦਰੀ ਮੰਤਰੀ, ਦੇਸ਼ ਦੇ ਸਿਖਰਲੇ ਫੌਜੀ ਅਧਿਕਾਰੀ, ਵਿਦੇਸ਼ੀ ਡਿਪਲੋਮੈਟ ਤੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਕਰਤਵਿਆ ਪਥ ਦੇ ਦੋਵੇਂ ਪਾਸੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ। ਤਿੰਨਾਂ ਸੈਨਾਵਾਂ ਦੀ ਸਾਂਝੀ ਝਾਕੀ ਵਿਚ ਹਥਿਆਰਬੰਦ ਬਲਾਂ ਦਰਮਿਆਨ ‘ਇਕਜੁੱਟਤਾ’ ਨੂੰ ਦਰਸਾਇਆ ਗਿਆ। ਝਾਕੀ ਵਿਚ ਅਰਜੁਨ ਜੰਗੀ ਟੈਂਕ, ਤੇਜਸ ਲੜਾਕੂ ਜਹਾਜ਼ ਤੇ ਐਡਵਾਂਸਡ ਲਾਈਟ ਹੈਲੀਕਾਪਟਰ ਨਾਲ ਜ਼ਮੀਨ, ਪਾਣੀ ਅਤੇ ਹਵਾ ਵਿੱਚ ਇੱਕ ਸਮਕਾਲੀ ਕਾਰਵਾਈ ਦਾ ਪ੍ਰਦਰਸ਼ਨ ਕੀਤਾ। ਇਸ ਝਾਕੀ ਦਾ ਥੀਮ ‘ਸਸ਼ਕਤ ਤੇ ਸੁਰ-ਖਿਅਤ ਭਾਰਤ’ ਸੀ।



ਪਹਿਲੀ ਫੌਜ ਦੀ ਟੁਕੜੀ ਜਿਸਨੇ ਸਵਾਰ ਕਾਲਮ ਦੀ ਅਗਵਾਈ ਕੀਤੀ, ਉਹ 61 ਕੈਵਲਰੀ ਸੀ, ਜਿਸਦੀ ਅਗਵਾਈ ਲੈਫਟੀਨੈਂਟ ਅਹਾਨ ਕੁਮਾਰ ਕਰ ਰਹੇ ਸਨ। 1953 ਵਿੱਚ ਬਣਾਈ ਗਈ, 61 ਕੈਵਲਰੀ ਦੁਨੀਆ ਦੀ ਇੱਕੋ ਇੱਕ ਸਰਗਰਮ ਘੋੜਸਵਾਰ ਰੈਜੀਮੈਂਟ ਹੈ। ਇਸ ਤੋਂ ਬਾਅਦ ਨੌਂ ਮਸ਼ੀਨੀ ਕਾਲਮ ਅਤੇ ਨੌਂ ਮਾਰਚਿੰਗ ਟੁਕੜੀਆਂ ਸਨ। ਟੈਂਕ ਟੀ-90 ਭੀਸ਼ਮ, ਨਾਗ ਮਿਜ਼ਾਈਲ ਸਿਸਟਮ, ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ, ਪਿਨਾਕਾ ਮਲਟੀ-ਲਾਂਚਰ ਰਾਕੇਟ ਸਿਸਟਮ, ਅਗਨੀਬਾਨ ਮਲਟੀ-ਬੈਰਲ ਰਾਕੇਟ ਲਾਂਚਰ, ਆਕਾਸ਼ ਹਥਿਆਰ ਪ੍ਰਣਾਲੀ, ਏਕੀਕ੍ਰਿਤ ਜੰਗੀ ਨਿਗਰਾਨੀ ਪ੍ਰਣਾਲੀ ਅਤੇ ਆਲ-ਟੇਰੇਨ ਵਾਹਨ ਚੇਤਕ ਮਕੈਨਾਈਜ਼ਡ ਕਾਲਮਾਂ ਦੀਆਂ ਝਾਕੀਆਂ ਮੁੱਖ ਪ੍ਰਦਰਸ਼ਨਾਂ ਵਿੱਚੋਂ ਸਨ। ਫੌਜ ਦੇ ਮਾਰਚਿੰਗ ਦਲਾਂ ਵਿੱਚ ਬ੍ਰਿਗੇਡ ਆਫ਼ ਦ ਗਾਰਡਜ਼, ਜਾਟ ਰੈਜੀਮੈਂਟ, ਗੜ੍ਹਵਾਲ ਰਾਈਫਲਜ਼, ਮਹਾਰ ਰੈਜੀਮੈਂਟ, ਜੰਮੂ ਅਤੇ ਕਸ਼ਮੀਰ ਰਾਈਫਲਜ਼ ਰੈਜੀਮੈਂਟ ਅਤੇ ਕੋਰ ਆਫ਼ ਸਿਗਨਲ ਸ਼ਾਮਲ ਸਨ। ਭਾਰਤੀ ਜਲ ਸੈਨਾ ਦੇ ਦਲ ਵਿੱਚ ਲੈਫਟੀਨੈਂਟ ਕਮਾਂਡਰ ਸਾਹਿਲ ਆਹਲੂਵਾਲੀਆ ਦੀ ਅਗਵਾਈ ਵਿੱਚ ਕੰਟੀਨੈਂਟ ਕਮਾਂਡਰ ਅਤੇ ਲੈਫਟੀਨੈਂਟ ਕਮਾਂਡਰ ਇੰਦਰੇਸ਼ ਚੌਧਰੀ, ਲੈਫਟੀਨੈਂਟ ਕਮਾਂਡਰ ਕਾਜਲ ਅਨਿਲ ਭਰਾਨੀ ਅਤੇ ਲੈਫਟੀਨੈਂਟ ਦੇਵੇਂਦਰ ਦੀ ਅਗਵਾਈ ਵਿੱਚ 144 ਕਰਮਚਾਰੀ ਸ਼ਾਮਲ ਸਨ। ਇਸ ਤੋਂ ਬਾਅਦ ਜਲ ਸੈਨਾ ਦੀ ਝਾਕੀ ਪੇਸ਼ ਕੀਤੀ ਗਈ, ਜਿਸ ਵਿੱਚ ਇੱਕ ਮਜ਼ਬੂਤ ‘ਆਤਮਨਿਰਭਰ’ ਜਲ ਸੈਨਾ ਨੂੰ ਦਰਸਾਇਆ ਗਿਆ ਸੀ, ਜੋ ਭਾਰਤ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਕਰਨ ਦੇ ਸਮਰੱਥ ਸੀ। ਇਸ ਝਾਕੀ ਵਿੱਚ ਨਵੇਂ-ਕਮਿਸ਼ਨ ਕੀਤੇ ਗਏ ਸਵਦੇਸ਼ੀ ਫਰੰਟਲਾਈਨ ਅਤਿ-ਆਧੁਨਿਕ ਲੜਾਕੂ ਜਹਾਜ਼ਾਂ, ਜਿਨ੍ਹਾਂ ਵਿੱਚ ਵਿਨਾਸ਼ਕਾਰੀ ਆਈਐਨਐਸ ਸੂਰਤ, ਫ੍ਰੀਗੇਟ ਆਈਐਨਐਸ ਨੀਲਗਿਰੀ ਅਤੇ ਪਣਡੁੱਬੀ ਆਈਐਨਐਸ ਵਾਘਸ਼ੀਰ ਸ਼ਾਮਲ ਸਨ, ਨੂੰ ਪ੍ਰਦਰਸ਼ਿਤ ਕੀਤਾ ਗਿਆ, ਜੋ ਕਿ ਸਵਦੇਸ਼ੀ ਜੰਗੀ ਜਹਾਜ਼ ਦੇ ਡਿਜ਼ਾਈਨ ਅਤੇ ਨਿਰਮਾਣ ਵਿੱਚ ਭਾਰਤ ਦੀ ਤੇਜ਼ ਪ੍ਰਗਤੀ ਨੂੰ ਉਜਾਗਰ ਕਰਦਾ ਹੈ। ਇਸ ਝਾਕੀ ਵਿੱਚ ਇੱਕ ਮਜ਼ਬੂਤ ਅਤੇ ਸਵੈ-ਨਿਰਭਰ ਰੱਖਿਆ ਵਾਤਾਵਰਣ ਪ੍ਰਣਾਲੀ ਬਣਾਉਣ ਲਈ ਭਾਰਤੀ ਜਲ ਸੈਨਾ ਦੀ ਵਚਨਬੱਧਤਾ ਨੂੰ ਦਰਸਾਇਆ ਗਿਆ। ਭਾਰਤੀ ਹਵਾਈ ਸੈਨਾ (ਆਈਏਐਫ) ਦੀ ਟੁਕੜੀ ਵਿੱਚ ਸਕੁਐਡਰਨ ਲੀਡਰ ਮਹਿੰਦਰ ਸਿੰਘ ਗਰਤੀ ਦੀ ਅਗਵਾਈ ਵਿੱਚ ਚਾਰ ਅਧਿਕਾਰੀ ਅਤੇ 144 ਕਰਮਚਾਰੀ ਸ਼ਾਮਲ ਸਨ। ਇਸ ਤੋਂ ਬਾਅਦ ‘ਬਾਜ਼ ਫਾਰਮੇਸ਼ਨ’ ਵਿੱਚ ਤਿੰਨ ਮਿਗ-29 ਜਹਾਜ਼ਾਂ ਵੱਲੋਂ ਫਲਾਈ-ਪਾਸਟ ਕੀਤਾ ਗਿਆ। ਖੇਡਾਂ ਵਿੱਚ ਭਾਰਤ ਨੂੰ ਮਾਣ ਦਿਵਾਉਣ ਵਾਲੇ ਕਈ ਸਾਬਕਾ ਸੈਨਿਕ ਵੀ ਪਰੇਡ ਦਾ ਹਿੱਸਾ ਸਨ। ਪਰੇਡ ਵਿੱਚ ਮਹਿਲਾ ਸ਼ਕਤੀ ਦੀ ਨੁਮਾਇੰਦਗੀ ਕਰਨ ਵਾਲੀਆਂ ਸਾਬਕਾ ਮਹਿਲਾ ਅਧਿਕਾਰੀ – ਲੈਫਟੀਨੈਂਟ ਕਰਨਲ ਰਵਿੰਦਰਜੀਤ ਰੰਧਾਵਾ, ਲੈਫਟੀਨੈਂਟ ਕਮਾਂਡਰ ਮਨੀ ਅਗਰਵਾਲ ਅਤੇ ਫਲਾਈਟ ਲੈਫਟੀਨੈਂਟ ਰੁਚੀ ਸਾਹਾ ਸਨ। ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਨੇ ਆਪਣੀ ਝਾਕੀ ਵਿੱਚ ਸੰਗਠਨ ਵੱਲੋਂ ਵਿਕਸਤ ਕੀਤੇ ਗਏ ਕਈ ਘਰੇਲੂ ਮਹੱਤਵਪੂਰਨ ਪ੍ਰਣਾਲੀਆਂ ਅਤੇ ਤਕਨਾਲੋਜੀਆਂ ਨੂੰ ਪ੍ਰਦਰਸ਼ਿਤ ਕੀਤਾ। ਡੀਆਰਡੀਓ ਦੀ ‘ਰਕਸ਼ਾ ਕਵਚ – ਮਲਟੀ-ਡੋਮੇਨ ਖਤਰਿਆਂ ਵਿਰੁੱਧ ਮਲਟੀ-ਲੇਅਰ ਪ੍ਰੋਟੈਕਸ਼ਨ’ ਥੀਮ ਵਾਲੀ ਝਾਕੀ ਵਿੱਚ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ, ਏਅਰਬੋਰਨ ਸ਼ੁਰੂਆਤੀ ਚੇਤਾਵਨੀ ਅਤੇ ਨਿਯੰਤਰਣ ਪ੍ਰਣਾਲੀ, 155 ਮਮ/52-ਕੈਲੀਬਰ ਐਡਵਾਂਸਡ ਟੋਏਡ ਆਰਟਿਲਰੀ ਗਨ ਸਿਸਟਮ ਅਤੇ ਡਰੋਨ ਡਿਟੈਕਟ, ਡੈਟਰ ਐਂਡ ਡਿਸਟ੍ਰੋਏ ਸਿਸਟਮ ਸ਼ਾਮਲ ਸਨ। ਗਣਤੰਤਰ ਦਿਵਸ ਪਰੇਡ ਵਿਚ ਪਹਿਲੀ ਵਾਰ ਸਵਦੇਸ਼ੀ ਤੌਰ ’ਤੇ ਵਿਕਸਤ ਪ੍ਰਲਯ ਮਿਜ਼ਾਈਲ ਪ੍ਰਣਾਲੀ ਦਾ ਪ੍ਰਦਰਸ਼ਨ ਕੀਤਾ ਗਿਆ ਸੀ।

ਇੰਡੋਨੇਸ਼ੀਆ ਤੋਂ 352 ਮੈਂਬਰੀ ਮਾਰਚਿੰਗ ਅਤੇ ਬੈਂਡ ਟੁਕੜੀ ਨੇ ਵੀ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ। ਇਹ ਪਹਿਲੀ ਵਾਰ ਸੀ ਜਦੋਂ ਕਿਸੇ ਇੰਡੋਨੇਸ਼ਿਆਈ ਮਾਰਚਿੰਗ ਅਤੇ ਬੈਂਡ ਟੁਕੜੀ ਨੇ ਦੇਸ਼ ਤੋਂ ਬਾਹਰ ਕਿਸੇ ਕੌਮੀ ਪਰੇਡ ਵਿੱਚ ਹਿੱਸਾ ਲਿਆ। ਕਰਤਵਿਆ ਪਥ ’ਤੇ ਮਾਰਚ ਕਰਨ ਵਾਲੀਆਂ ਟੁਕੜੀਆਂ ਵਿੱਚ ਕੇਂਦਰੀ ਰਿਜ਼ਰਵ ਪੁਲੀਸ ਫੋਰਸ (ਛ੍ਰਫਾਂ) ਦੀ 148 ਮੈਂਬਰੀ ਆਲ-ਮਹਿਲਾ ਮਾਰਚਿੰਗ ਟੁਕੜੀ ਸ਼ਾਮਲ ਸੀ, ਜਿਸਦੀ ਅਗਵਾਈ ਸਹਾਇਕ ਕਮਾਂਡੈਂਟ ਐਸ਼ਵਰਿਆ ਜੋਏ ਐਮ ਨੇ ਕੀਤੀ। ਅਸਾਮ ਰਾਈਫਲਜ਼ ਟੁਕੜੀ ਦੀ ਅਗਵਾਈ 29 ਅਸਾਮ ਰਾਈਫਲਜ਼ ਦੇ ਕੈਪਟਨ ਕਰਨਵੀਰ ਸਿੰਘ ਕੁੰਭਵਤ ਨੇ ਕੀਤੀ। ਇਸ ਵਿੱਚ ਦੇਸ਼ ਭਰ ’ਚੋਂ ਭਰਤੀ ਕੀਤੇ ਗਏ ਸਿਪਾਹੀ ਸ਼ਾਮਲ ਸਨ। ਸੀਮਾ ਸੁਰੱਖਿਆ ਬਲ (ਭ੍ਾਂ) ਦੀ ਊਠ ਟੁਕੜੀ ਡਿਪਟੀ ਕਮਾਂਡੈਂਟ ਮਨੋਹਰ ਸਿੰਘ ਖੀਚੀ ਦੀ ਕਮਾਨ ਹੇਠ ਸੀ। ਨੈਸ਼ਨਲ ਕੈਡੇਟ ਕੋਰ (NCC) ਦੀ ਆਲ-ਗਰਲਜ਼ ਮਾਰਚਿੰਗ ਟੁਕੜੀ ਦੀ ਅਗਵਾਈ ਜੰਮੂ ਕਸ਼ਮੀਰ ਅਤੇ ਲੱਦਾਖ ਡਾਇਰੈਕਟੋਰੇਟ ਦੀ ਸੀਨੀਅਰ ਅੰਡਰ ਅਫਸਰ ਏਕਤਾ ਕੁਮਾਰੀ ਕਰ ਰਹੀ ਸੀ। ਮੁੰਡਿਆਂ ਦੇ ਮਾਰਚਿੰਗ ਦਲ ਦੀ ਅਗਵਾਈ ਮਹਾਰਾਸ਼ਟਰ ਡਾਇਰੈਕਟੋਰੇਟ ਦੇ ਸੀਨੀਅਰ ਅੰਡਰ ਅਫਸਰ ਪ੍ਰਸਾਦ ਪ੍ਰਕਾਸ਼ ਵਾਈਕੁਲ ਨੇ ਕੀਤੀ। ਨੈਸ਼ਨਲ ਸਰਵਿਸ ਸਕੀਮ (ਐਨਐਸਐਸ) ਦੇ 148 ਵਲੰਟੀਅਰਾਂ ਦੇ ਮਾਰਚਿੰਗ ਦਲ ਦੀ ਅਗਵਾਈ ਪੰਜਾਬ ਤੋਂ ਦੀਪਕ ਨੇ ਕੀਤੀ।

ਕੋਰ ਆਫ਼ ਸਿਗਨਲਜ਼ ਮੋਟਰਸਾਈਕਲ ਰਾਈਡਰ ਡਿਸਪਲੇਅ ਟੀਮ, ਜਿਸਨੂੰ ‘ਦਿ ਡੇਅਰ ਡੈਵਿਲਜ਼’ ਵਜੋਂ ਜਾਣਿਆ ਜਾਂਦਾ ਹੈ, ਨੇ ਮੋਟਰਸਾਈਕਲ ਪ੍ਰਦਰਸ਼ਨੀ ਦੌਰਾਨ ਹੈਰਤਅੰਗੇਜ਼ ਸਟੰਟ ਕੀਤੇ। ਟੀਮ ਨੇ ਬੁਲੇਟ ਸਲੂਟ, ਟੈਂਕ ਟੌਪ, ਡਬਲ ਜਿੰਮੀ, ਡੈਵਿਲਜ਼ ਡਾਊਨ, ਲੈਡਰ ਸਲੂਟ, ਸ਼ਤਰੂਜੀਤ, ਸ਼ਰਧਾਂਜਲੀ, ਮਰਕਰੀ ਪੀਕ, ਇਨਫੋ ਵਾਰੀਅਰਜ਼, ਲੋਟਸ ਅਤੇ ਹਿਊਮਨ ਪਿਰਾਮਿਡ ਸਮੇਤ ਕਈ ਫਾਰਮੇਸ਼ਨਾਂ ਰਾਹੀਂ ਆਪਣੀ ਬਹਾਦਰੀ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ। ਗਣਤੰਤਰ ਦਿਵਸ ਪਰੇਡ ਦਾ ਅੰਤ ਆਈਏਐਫ ਦੇ 40 ਜਹਾਜ਼ਾਂ ਅਤੇ ਹੈਲੀਕਾਪਟਰਾਂ ਵੱਲੋਂ ਫਲਾਈਪਾਸਟ ਨਾਲ ਹੋਇਆ। ਇਸ ਬੇੜੇ ਵਿੱਚ 22 ਲੜਾਕੂ ਜਹਾਜ਼, 11 ਮਾਲਵਾਹਕ ਜਹਾਜ਼ ਅਤੇ ਸੱਤ ਹੈਲੀਕਾਪਟਰ ਸ਼ਾਮਲ ਸਨ। ਇਨ੍ਹਾਂ ਵਿੱਚ ਰਾਫੇਲ, ਐਸਯੂ-30, ਜੈਗੁਆਰ, ਸੀ-130, ਸੀ-295, ਸੀ-17, ਏਡਬਲਿਊਏਸੀ-ਐਸ, ਡੋਰਨੀਅਰ-228 ਅਤੇ ਐਨ-32 ਜਹਾਜ਼ ਸ਼ਾਮਲ ਸਨ। ਹੈਲੀਕਾਪਟਰ ਅਪਾਚੇ ਅਤੇ ਐਮਆਈ-17 ਸਨ।

# ਮਹਾਕੁੰਭ ’ਚ ਮੌਨੀ ਮੱਸਿਆ ਦੌਰਾਨ ਭਗਦੜ ਮਚੀ, ਕਾਰਨ ਜਾਨੀ ਨੁਕਸਾਨ ਦਾ ਖਦਸ਼ਾ

**ਮਹਾਕੁੰਭ ਨਗਰ–** ਮਹਾਕੁੰਭ ਵਿੱਚ ਮੌਨੀ ਮੱਸਿਆ ਮੌਕੇ ਵੱਡੀ ਗਿਣਤੀ ਵਿੱਚ ਇਸ਼ਨਾਨ ਕਰਨ ਪੁੱਜੇ ਸ਼ਰਧਾਲੂਆਂ ਕਾਰਨ ਸਵੇਰੇ 2 ਵਜੇ ਦੇ ਕਰੀਬ ਉਥੇ ਭਗਦੜ ਵਰਗੇ ਹਾਲਾਤ ਬਣ ਗਏ ਜਿਸ ਕਾਰਨ ਕਈ ਮੌਤਾਂ ਹੋਣ ਦਾ ਖਦਸ਼ਾ ਹੈ। ਇਸ ਘਟਨਾ ਦੇ ਕਾਰਨ ਅਖਾੜਿਆਂ ਨੇ ਆਪਣੇ ਰਵਾਇਤੀ ‘ਅੰਮ੍ਰਿਤ ਇਸ਼ਨਾਨ’ ਨੂੰ ਰੱਦ ਕਰ ਦਿੱਤਾ, ਜਦੋਂ ਕਿ ਹਾਲੇ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਮ ਅਤੇ ਮੇਲਾ ਖੇਤਰ ਦੇ ਹੋਰ ਘਾਟਾਂ ’ਤੇ ਇਸ਼ਨਾਨ ਲਈ ਪਹੁੰਚ ਰਹੇ ਸਨ।

ਮੇਲੇ ਦੇ ਲਈ ਵਿਸ਼ੇਸ਼ ਡਿਊਟੀ ਅਧਿਕਾਰੀ ਅਕਾਕਸ਼ਾ ਰਾਣਾ ਨੇ ਕਿਹਾ ਕਿ ਸੰਗਮ ’ਤੇ ਇਕ ਬੈਰੀਅਰ ਟੁੱਟਣ ਕਾਰਨ ਕਈ ਲੋਕ ਜ਼ਖਮੀ ਹੋਏ ਹਨ ਉਨ੍ਹਾਂ ਨੂੰ ਹਸਪਤਾਲ ਭੇਜਿਆ ਗਿਆ ਹੈ।

ਉਧਰ ਇਸ ਘਟਨਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਆਨਾਥ ਨਾਲ ਫੋਨ ‘ਤੇ ਗੱਲ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਕਿਹਾ।

ਜ਼ਿਕਰਯੋਗ ਹੈ ਕਿ ਮੌਨੀ ਮੱਸਿਆ ਦਾ ਅੰਮ੍ਰਿਤ ਇਸ਼ਨਾਨ ਮਹਾਕੁੰਭ ਦੀ ਸਭ ਤੋਂ ਮਹੱਤਵਪੂਰਨ ਰਿਵਾਇਤ ਹੈ ਅਤੇ ਇਸ ਦੌਰਾਨ ਲਗਭਗ 10 ਕਰੋੜ ਸ਼ਰਧਾਲੂਆਂ ਦੇ ਸ਼ਾਮਲ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਇੱਕ ਸ਼ਰਧਾਲੂ ਨੇ ਕਿਹਾ, ’’ਅਸੀਂ 60 ਲੋਕਾਂ ਦੇ ਸਮੂਹ ਵਿੱਚ ਦੋ ਬੱਸਾਂ ਰਾਹੀਂ ਆਏ ਸੀ। ਅਚਾਨਕ ਭੀੜ ਵਿੱਚ ਧੱਕੇ ਲੱਗੇ ਅਤੇ ਅਸੀਂ ਫਸ ਗਏ ਬਹੁਤ ਸਾਰੇ ਲੋਕ ਡਿੱਗ ਗਏ ਅਤੇ ਭੀੜ ਬੇਕਾਬੂ ਹੋ ਗਈ।’’

ਅਖਿਲ ਭਾਰਤੀ ਅਖ਼ਾੜਾ ਪਰਿਸ਼ਦ ਦੇ ਪ੍ਰਧਾਨ ਮਹੰਤ ਰਵਿੰਦਰ ਪੁਰੀ ਨੇ ਕਿਹਾ ਕਿ ਅਸੀਂ ਅੰਮ੍ਰਿਤ ਇਸ਼ਨਾਨ ਲਈ ਤਿਆਰ ਸੀ ਪਰ ਜਦੋਂ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਸਾਡੇ ਸਾਰੇ ਸੰਤਾਂ ਨੇ ਮੌਨੀ ਮੱਸਿਆ ’ਤੇ ਇਸ਼ਨਾਨ ਨੂੰ ਰੱਦ ਕਰਨ ਦਾ ਫੈਸਲਾ ਕੀਤਾ।

ਮੌਨੀ ਮੱਸਿਆ ਦਾ ‘ਅੰਮ੍ਰਿਤ ਇਸ਼ਨਾਨ’ ਮਹਾਕੁੰਭ ਦੀ ਸਭ ਤੋਂ ਮਹੱਤਵਪੂਰਨ ਰਸਮ ਹੈ ਅਤੇ ਜਿਥੇ ਬੁੱਧਵਾਰ ਨੂੰ ਲਗਭਗ 10 ਕਰੋੜ ਸ਼ਰਧਾਲੂਆਂ ਦੇ ਇਸ਼ਨਾਨ ਲਈ ਆਉਣ ਦੀ ਉਮੀਦ ਸੀ। ਇਸ ਦਾ ਮੁੱਖ ਕਾਰਨ 144 ਸਾਲਾਂ ਬਾਅਦ ‘ਤ੍ਰਿਵੇਣੀ ਯੋਗ’ ਹੋਣਾ ਵੀ ਮੰਨਿਆ ਜਾ ਰਹਾ ਹੈ, ਇਸ ਯੋਗ ਕਾਰਨ ਇਸ਼ਨਾਨ ਦੀ ਅਧਿਆਤਮਿਕ ਮਹੱਤਤਾ ਹੋਰ ਵਧ ਗਈ ਸੀ।



ਪਰ ਇਸ਼ਨਾਨ ਤੋਂ ਪਹਿਲਾਂ ਬੁੱਧਵਾਰ ਤੜਕਸਾਰ ਮਹਾਕੁੰਭ ਲਈ ਨਦੀ ਦੇ ਕਿਨਾਰਿਆਂ ਦੀ 12 ਕਿਲੋਮੀਟਰ ਲੰਬੀ ਲਾਈਨ ਦੇ ਨਾਲ ਬਣਾਏ ਗਏ ਸੰਗਮ ਅਤੇ ਹੋਰ ਸਾਰੇ ਘਾਟਾਂ ’ਤੇ ਭਾਰੀ ਭੀੜ ਵਿਚਕਾਰ ਭਗਦੜ ਦਾ ਮਾਹੌਲ ਬਣ ਗਿਆ। ਜਿਸ ਕਾਰਨ ਉਥੇ ਕਈ ਸ਼ਰਧਾਲੂਆਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦਾ ਖਦਸ਼ਾ ਹੈ।

ਸਾਹਮਣੇ ਆਈ ਇਕ ਡਰੋਨ ਵੀਡੀ ਅਨੁਸਾਰ ਲੱਖਾਂ ਸ਼ਰਧਾਲੂ ਕੁੰਭ ਮੇਲੇ ਦੇ ਸਭ ਤੋਂ ਮੁੱਖ ਦਿਨ ਮੌਕੇ ਨਦੀ ਵਿੱਚ ਪਵਿੱਤਰ ਡੁਬਕੀ ਲਈ ਪ੍ਰਯਾਗਰਾਜ ਵਿੱਚ ਮੇਲੇ ਵਿੱਚ ਸਵੇਰ ਤੋਂ ਪਹਿਲਾਂ ਦੇ ਹਨੇਰੇ ਵਿੱਚ ਦੌਰਾਨ ਪਹੁੰਚੇ ਹੋਏ ਹਨ। ਇਸ਼ਨਾਨ ਕਰਨ ਜਾ ਰਹੀ ਭਾਰੀ ਭੀੜ ਨੇ ਸੰਗਮ ‘ਤੇ ਰੋਕਾਂ ਨੂੰ ਤੋੜ ਦਿੱਤਾ ਜਿਸ ਨਾਲ ਭਾਗਦੜ ਵਰਗੀ ਸਥਿਤੀ ਪੈਦਾ ਹੋ ਗਈ ਅਤੇ ਚਾਰੇ ਪਾਸਿਓਂ ਧੱਕੇ ਪੈਣ ਲੱਗੇ।

ਕਰਨਾਟਕ ਵਾਸੀ ਸਰੋਜਨੀ ਨੇ ਕਿਹਾ, “ਅਸੀਂ ਦੋ ਬੱਸਾਂ ਵਿੱਚ 60 ਲੋਕਾਂ ਦੇ ਜੱਥੇ ਵਿੱਚ ਆਏ, ਅਸੀਂ 9 ਜਣੇ ਸੀ। ਅਚਾਨਕ ਭੀੜ ਵਿੱਚ ਧੱਕਾ ਆਇਆ, ਅਤੇ ਅਸੀਂ ਫਸ ਗਏ। ਸਾਡੇ ਵਿੱਚੋਂ ਬਹੁਤ ਸਾਰੇ ਹੇਠਾਂ ਡਿੱਗ ਗਏ ਅਤੇ ਭੀੜ ਬੇਕਾਬੂ ਹੋ ਗਈ।’’ ਉਸ ਨੇ ਪੀਟੀਆਈ ਨੂੰ ਦੱਸਿਆ ਕਿ ਬਚਣ ਦਾ ਕੋਈ ਮੌਕਾ ਨਹੀਂ ਸੀ, ਹਰ ਪਾਸਿਓਂ ਧੱਕਾ ਆ ਰਿਹਾ ਸੀ।

ਮੱਧ ਪ੍ਰਦੇਸ਼ ਦੇ ਛੱਤਰਪੁਰ ਦੇ ਇੱਕ ਵਿਅਕਤੀ ਨੇ ਕਿਹਾ ਕਿ ਭਗਦੜ ਵਿਚ ਉਸਦੀ ਮਾਂ ਜ਼ਖਮੀ ਹੋ ਗਈ ਅਤੇ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਆਮ ਸ਼ਰਧਾਲੂਆਂ ਨੇ ਘਟਨਾ ਤੋਂ ਬਾਅਦ ਆਪਣਾ ਪਵਿੱਤਰ ਇਸ਼ਨਾਨ ਜਾਰੀ ਰੱਖਿਆ।

ਮਹਾਂਕੁੰਭ ਵਿੱਚ 17 ਦਿਨਾਂ ’ਚ 15 ਕਰੋੜ ਤੋਂ ਵੱਧ ਸ਼ਰਧਾਲੂ ਸੰਗਮ ਵਿੱਚ ਇਸ਼ਨਾਨ ਕਰ ਚੁੱਕੇ ਹਨ ਅਤੇ ਬੁੱਧਵਾਰ ਨੂੰ ਮੌਨੀ ਮੱਸਿਆ ’ਤੇ 10 ਕਰੋੜ ਹੋਰ ਸ਼ਰਧਾਲੂਆਂ ਦੇ ‘ਅੰਮ੍ਰਿਤ ਇਸ਼ਨਾਨ’ ਕਰਨ ਦੀ ਉਮੀਦ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਮੌਨੀ ਮੱਸਿਆ ਲਈ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਇਸ ਸਬੰਧੀ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹਨ ਅਤੇ ਲੋਕਾਂ ਦੀਆਂ ਗਤੀਵਿਧੀਆਂ ’ਤੇ ‘ਏਆਈ ਸਮਰੱਥ’ ਸੀਸੀਟੀਵੀ ਕੈਮਰਿਆਂ ਅਤੇ ਡਰੋਨਾਂ ਰਾਹੀਂ ਨਜ਼ਰ ਰੱਖੀ ਜਾ ਰਹੀ ਹੈ। ਮੇਲਾ ਖੇਤਰ ਨੂੰ ਅਗਲੇ ਕੁਝ ਦਿਨਾਂ ਲਈ ਪਹਿਲਾਂ ਹੀ ‘ਨੋ ਵਹੀਕਲ ਜ਼ੋਨ’ ਐਲਾਨਿਆ ਗਿਆ ਹੈ। ਪ੍ਰਯਾਗਰਾਜ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਸਥਾਨਕ ਲੋਕਾਂ ਨੂੰ ਚਾਰ ਪਹੀਆ ਵਾਹਨਾਂ ਦੀ ਵਰਤੋਂ ਨਾ ਕਰਨ ਅਤੇ ਸੀਨੀਅਰ ਨਾਗਰਿਕਾਂ ਨੂੰ ਸੰਗਮ ਤੱਕ ਪਹੁੰਚਾਉਣ ਲਈ ਸਿਰਫ਼ ਦੋ ਪਹੀਆ ਵਾਹਨਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਸੂਬਾ ਸਰਕਾਰ ਅਨੁਸਾਰ 14 ਜਨਵਰੀ ਨੂੰ ਸੰਗਰਾਂਦ ’ਤੇ 3.5 ਕਰੋੜ ਸ਼ਰਧਾਲੂਆਂ, ਸੰਤਾਂ ਅਤੇ ਕਲਪਵਾਸੀਆਂ ਨੇ ਅੰਮ੍ਰਿਤ ਇਸ਼ਨਾਨ ਕੀਤਾ ਸੀ, ਜਦਕਿ ਅਗਾਮੀ ਮੌਨੀ ਮੱਸਿਆ ’ਤੇ 8-10 ਕਰੋੜ ਸ਼ਰਧਾਲੂਆਂ ਵੱਲੋਂ ਇਸ਼ਨਾਨ ਕਰਨ ਦੀ ਸੰਭਾਵਨਾ ਹੈ। ਅੱਜ ਸਵੇਰੇ 8 ਵਜੇ ਤੱਕ 45 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੰਗਾ ਵਿੱਚ ਇਸ਼ਨਾਨ ਕੀਤਾ। ਸੂਬਾ ਸਰਕਾਰ ਨੇ ਮੌਨੀ ਮੱਸਿਆ ਮੌਕੇ ਬੁੱਧਵਾਰ ਨੂੰ ਸਵੇਰੇ 6.45 ਵਜੇ ਸ਼ਰਧਾਲੂਆਂ ’ਤੇ ਫੁੱਲਾਂ ਦੀ ਵਰਖਾ ਕਰਨ ਦੀ ਯੋਜਨਾ ਬਣਾਈ ਹੈ।

ਅੰਮ੍ਰਿਤ ਇਸ਼ਨਾਨ, ਜਿਸ ਨੂੰ ਪਹਿਲਾਂ ਸ਼ਾਹੀ ਇਸ਼ਨਾਨ ਕਹਿੰਦੇ ਸਨ, ਦਾ ਮੁੱਖ ਖਿੱਚ ਦਾ ਕੇਂਦਰ ਵੱਖ-ਵੱਖ ਅਖਾੜਿਆਂ ਦੇ ਸਾਧੂਆਂ ਦਾ ਇਸ਼ਨਾਨ ਹੈ। ਅੰਮ੍ਰਿਤ ਇਸ਼ਨਾਨ ਦੀਆਂ ਤਰੀਕਾਂ ਸੂਰਜ, ਚੰਦਰਮਾ ਅਤੇ ਬ੍ਰਹਿਸਪਤੀ ਦੇ ਜੋਤਿਸ਼ ਸੁਮੇਲ ’ਤੇ ਆਧਾਰਤ ਹਨ ਅਤੇ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਦਾ ਸੁਮੇਲ ਪਵਿੱਤਰ ਨਦੀਆਂ ਦੀ ਅਧਿਆਤਮਿਕ ਸ਼ਕਤੀ ਨੂੰ ਵਧਾਉਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਮੌਨੀ ਮੱਸਿਆ ਵਾਲੇ ਦਿਨ ਪਵਿੱਤਰ ਨਦੀਆਂ ਦਾ ਪਾਣੀ ਅੰਮ੍ਰਿਤ ਵਿੱਚ ਬਦਲ ਜਾਂਦਾ ਹੈ। ਇਸ ਮੌਕੇ ਇਸ਼ਨਾਨ ਮੌਨ ਰਹਿ ਕੇ ਕੀਤਾ ਜਾਂਦਾ ਹੈ।

# 100 ਸਾਲਾ ਬਜ਼ੁਰਗ ਹਰ ਹਫ਼ਤੇ ਕਰਦੈ ਦੂਜੇ ਬਜ਼ੁਰਗਾਂ ਦੀ ਸੇਵਾ ਤੇ ਵੰਡਦਾ ਹੈ ਕਿਤਾਬੀ ਗਿਆਨ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਇਥੋਂ ਲਗਪਗ 270 ਕਿਲੋਮੀਟਰ ਦੂਰ ਲੇਕ ਟਾਇਪੂ ਵਿਖੇ ਬਜ਼ੁਰਗਾਂ ਦੀ ਸੇਵਾ ਕਰਨ ਵਾਲੀ ਇਕ ਸੰਸਥਾ ਹੈ 'ਹਾਸਪਾਈਸ' (ਬਿਰਧ ਆਸ਼ਰਮ ਜਾਂ ਧਰਮਸ਼ਾਲਾ ) ਦੀ ਇਕ ਸ਼ਾਖਾ ਹੈ। ਇਥੇ ਰਹਿੰਦੇ ਬਜ਼ੁਰਗਾਂ ਅਤੇ ਹੋਰਾਂ ਦੀ ਸੇਵਾ-ਸੰਭਾਲ ਕਰਨ ਵਾਸਤੇ ਇਕ 100 ਸਾਲਾ ਸਾਬਕਾ ਸਮੁੰਦਰੀ ਸੈਨਾ ਦਾ ਜਵਾਨ ਸ੍ਰੀ ਰੇਅ ਗੌਡਾਰਡ ਹਰ ਮੰਗਲਵਾਰ ਇਥੇ ਨਿਸ਼ਕਾਮ ਤੌਰ ਉਤੇ ਸੇਵਾ ਕਰਨ ਪਹੁੰਚਦਾ ਹੈ। ਜਿਸ ਦਿਨ ਤੋਂ ਇਥੇ ਹਾਸਪਾਈਸ ਸੰਸਥਾ ਦੀ ਨਵੀਂ ਬਿਲਡਿੰਗ ਬਣੀ ਸੀ, ਉਸ ਦਿਨ ਤੋਂ ਇਸਦਾ ਪੱਕਾ ਕੀਤੀ ਹੋਇਆ ਹੈ ਕਿ ਹਰ ਮੰਗਲਵਾਰ ਇਥੇ ਜਾ ਕੇ ਬਾਕੀ ਬਜ਼ੁਰਗਾਂ ਦੀ ਸਹਾਇਤਾ ਕਰਨਾ। ਉਨ੍ਹਾਂ ਨਾਲ ਗੱਲਾਂਬਾਤਾਂ ਕਰਨੀਆਂ ਥੋੜ੍ਹਾ ਕੰਮ ਵਿਚ ਹੱਥ ਵਟਾਉਣਾ ਤਾਂ ਕਿ ਉਨ੍ਹਾਂ ਨੂੰ ਚੰਗਾ ਲੱਗੇ। ਦੂਸਰੇ ਵਿਸ਼ਵ ਯੁੱਧ ਦੇ ਵਿਚ ਇਸ ਨੇ ਸਮੁੰਦਰੀ ਸੈਨਾ ਵਿਚ ਹੁੰਦਿਆ ਦੇਸ਼ ਦੀ ਸੇਵਾ ਕੀਤੀ ਸੀ। ਇਥੇ ਹੀ ਬੱਸ ਨਹੀਂ ਇਸਨੇ ਸੈਂਕੜੇ ਕਿਤਾਬਾਂ ਦੀ ਇਕ ਲਾਇਬ੍ਰੇਰੀ ਇਸ


ਰੇਅ ਗੌਡਾਰਡ 18 ਸਾਲ ਦੀ ਉਮਰ ਵਿਚ
ਰੇਅ ਗੌਡਾਰਡ ਲਗਪਗ 101 ਸਾਲ ਦੀ ਉਮਰ ਵਿਚ

ਸੰਸਥਾ ਨੂੰ ਦਿੱਤੀ ਹੋਈ ਹੈ, ਜਿੱਥੋਂ ਲੋਕ ਫ੍ਰੀ ਕਿਤਾਬਾਂ ਪੜ੍ਹਦੇ ਹਨ। ਲਾਇਬ੍ਰੇਰੀ ਦੀ ਸਾਂਭ-ਸੰਭਾਲ ਵੀ ਕਰਦਾ ਹੈ ਬਜ਼ੁਰਗਾਂ ਦੇ ਲਈ ਕਿਤਾਬੀ ਗਿਆਨ ਦੀ ਸੌਗਾਤ ਦੇ ਨਾਲ ਇਕ ਹੋਰ ਸੇਵਾ ਦਾ ਭਾਗੀਦਾਰ ਬਣ ਜਾਂਦਾ ਹੈ। ਉਹ ਆਪਣਾ ਦੁੱਖ ਕਿਸੇ ਨਾਲ ਸਾਂਝਾ ਕਰਨ ਦੀ ਬਜਾਏ ਦੂਜਿਆਂ ਦੇ ਦੁੱਖ ਦੇ ਵਿਚ ਸਾਥੀ ਬਣ ਕੇ ਕੁਝ ਰਾਹਤ ਵੰਡਣ ਦੇ ਵਿਚ ਵਿਸ਼ਵਾਸ਼ ਕਰਦਾ ਹੈ।

ਇਸਦੀ ਉਮਰ 100 ਸਾਲ ਹੋ ਚੁੱਕੀ ਹੈ ਅਤੇ ਇਸਨੇ ਹਾਸਪਾਈਸ ਦੇ ਵਿਚ ਪਿਛਲੇ ਸਾਲ ਆਪਣਾ 100ਵਾਂ ਜਨਮ ਦਿਵਸ ਮਨਾਇਆ ਹੈ ਅਤੇ 16 ਮਾਰਚ 2025 ਨੂੰ ਉਸਨੇ ਹੁਣ 101 ਸਾਲ ਦਾ ਹੋ ਜਾਣਾ ਹੈ। ਉਹ ਆਪਣੀ ਕਾਰ ਜਾਂ ਸਕੂਟਰੀ ਉਤੇ ਬਜ਼ੁਰਗਾਂ ਦੀ ਸੇਵਾ ਕਰਨ ਇਥੇ ਪਹੁੰਚਦਾ ਹੈ।

ਅਜਿਹੇ ਬਜ਼ੁਰਗ ਕਿਤੇ ਨਾ ਕਿਤੇ ਆਦਰਸ਼ਿਕ ਹੋ ਨਿਬੜਦੇ ਹਨ। ਮੈਨੁਰੇਵਾ ਵਿਖੇ ਇਮੀਗ੍ਰੇਸ਼ਨ ਦਾ ਕਾਰਜ ਕਰਦੇ ਇਕ ਪੜ੍ਹੇ-ਲਿਖੇ ਕਾਰੋਬਾਰੀ ਸੰਨੀ ਸਿੰਘ ਵੀ ਹਰ ਹਫਤੇ ਵੀਰਵਾਰ ਵਾਲੇ ਦਿਨ ਆਪਣੇ ਕੰਮ ਤੋਂ ਜਲਦੀ ਵਿਹਲਾ ਹੋ ਕੇ ਟੋਟਾਰਾ (ਦਾ ਗਾਰਡਨਜ਼ ਮੈਨੁਰੇਵਾ) ਹਾਸਪਾਈਸ ਵਿਖੇ ਅਜਿਹੀ ਸੇਵਾ ਕਰਨ ਜਾਂਦਾ ਹੈ, ਜੋ ਕਿ ਕਾਬਿਲੇ ਤਰੀਫ ਹੈ। ਉਹ ਅਜਿਹੀ ਸੇਵਾ ਨੂੰ ਕਾਫੀ ਸਮੇਂ ਤੋਂ ਨਿਰੰਤਰ ਜਾਰੀ ਰੱਖ ਰਿਹਾ ਹੈ, ਇਸ ਨੌਜਵਾਨ ਨੂੰ ਵੀ ਸ਼ਾਬਾਸ਼! ਅਜਿਹੇ ਕਾਰਜਾਂ ਦੇ ਵਿਚ ਪੰਜਾਬੀ ਕਮਿਊਨਿਟੀ ਦੀ ਸ਼ਮੂਲੀਅਤ ਭਾਵੇਂ ਆਟੇ ਵਿਚ ਲੂਣ ਬਰਾਬਰ ਹੈ, ਪਰ ਹੋਂਦ ਬਣਾਈ ਰੱਖਣ ਲਈ ਅਜਿਹੇ ਵਿਚਾਰ ਰੱਖਣ ਵਾਲਿਆਂ ਦੀ ਹੋਰ ਬਹੁਤ ਲੋੜ ਹੈ।

## ਨਵੰਬਰ 2024 ਦੇ ਵਿਚ 321,216 ਲੋਕ ਨਿਊਜ਼ੀਲੈਂਡ ਆਏ-8904 ਭਾਰਤੀ ਵੀ ਸ਼ਾਮਲ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੰਕੜਾ ਵਿਭਾਗ ਵੱਲੋਂ ਨਿਊਜ਼ੀਲੈਂਡ ਘੁੰਮਣ ਆਉਣ ਵਾਲਿਆਂ ਦੇ ਜਾਰੀ ਤਾਜ਼ਾ ਅੰਕੜੇ ਦਸਦੇ ਹਨ ਕਿ ਨਵੰਬਰ 2024 ਦੇ ਵਿਚ ਕੁੱਲ 321, 216 ਲੋਕ ਇਥੇ ਆਏ ਹਨ। ਇਨ੍ਹਾਂ ਲੋਕਾਂ ਦੀ ਆਮਦ ਨੂੰ ਵੱਖ-ਵੱਖ ਸ਼੍ਰੇਣੀਆਂ ਦੇ ਵਿਚ ਵੰਡਿਆ ਗਿਆ ਹੈ। ਸ਼ੀਆਨਾ ਸ਼੍ਰੇਣੀ ਅਧੀਨ ਕੁੱਲ 140,888 ਲੋਕ ਆਏ ਹਨ। ਜਿਸ ਦੇ ਵਿਚ ਆਸਟਰੇਲੀਆ ਦੇ 123,275, ਫੀਜ਼ੀ ਦੇ 3,656, ਫ੍ਰੈਂਚ ਪਾਲੀਨੇਸ਼ੀਆ ਦੇ 2,763, ਟੋਂਗਾ ਦੇ 2,385, ਸਾਮੋਆ ਦੇ 2,918, ਵਾਨਾਤੂ ਦੇ 1,399, ਕੁੱਕ ਆਈਲੈਂਡ ਦੇ 1,198, ਨਿਊ ਕੈਲੀਡੋਨੀਆ ਦੇ 826 ਸ਼ਾਮਿਲ ਹਨ।

ਏਸ਼ੀਆ ਸ਼੍ਰੇਣੀ ਅਧੀਨ 71,318 ਲੋਕ ਇਥੇ ਆਏ ਹਨ। ਜਿਸ ਦੇ ਵਿਚ ਚੀਨ ਤੋਂ 20,683, ਇੰਡੀਆ ਤੋਂ 8904, ਕੋਰੀਆ ਤੋਂ 8882, ਸਿੰਗਾਪੋਰ ਤੋਂ 8003, ਜਾਪਾਨ ਤੋਂ 6243, ਤਾਇਵਾਨ ਤੋਂ 4620, ਮਲੇਸ਼ੀਆ ਤੋਂ 3014, ਹਾਂਗਕਾਂਗ ਤੋਂ 2868, ਫਿਲਪੀਨਜ਼ ਤੋਂ 2511, ਥਾਈਲੈਂਡ 1574, ਇੰਡੋਨੇਸ਼ੀਆ ਤੋਂ 1494, ਸ੍ਰੀ ਲੰਕਾ ਤੋਂ 689 ਅਤੇ ਵੀਅਤਨਾਮ ਤੋਂ 702 ਆਏ ਹਨ। ਯੂਰੋਪ ਤੋਂ 51,790 ਲੋਕ ਆਏ ਹਨ। ਅਮਰੀਕਾ ਸ਼੍ਰੇਣੀ ਅਧੀਨ ਕੁੱਲ 46,934 ਲੋਕ ਆਏ ਹਨ। ਜਿਨ੍ਹਾਂ ਨੇ ਕੁਝ ਜਾਣਕਾਰੀ ਨਹੀਂ ਦਿੱਤੀ ਉਹ 5512 ਲੋਕ ਆਏ ਹਨ।



ਇੰਡੀਆ ਵਾਲੇ ਭਾਰਤ ਤੋਂ ਨਵੰਬਰ 2024 ਤੱਕ ਹੋਏ ਪੂਰੇ ਸਾਲ ਦੇ ਵਿਚ 82,078 ਲੋਕ ਇਥੇ ਆਏ ਹਨ। ਪ੍ਰਤੀ ਦਿਨ ਦਾ ਹਿਸਾਬ ਲਾਇਆ ਜਾਵੇ ਤਾਂ 225 ਦੇ ਕਰੀਬ ਰੋਜ਼ਾਨਾ ਪਹੁੰਚ ਰਹੇ ਹਨ। ਪਿਛਲੇ ਸਾਲ ਨਵੰਬਰ ਮਹੀਨੇ ਦੇ ਮੁਕਾਬਲੇ 437 ਭਾਰਤੀ ਲੋਕ ਅਜੇ ਘੱਟ ਆਏ ਹਨ। ਇਨ੍ਹਾਂ ਵਿਚੋਂ 3206 ਲੋਕ ਇਥੇ ਨਵੰਬਰ 2024 ਮਹੀਨੇ ਹਾਲੀਡੇਅ ਕਰਨ (ਛੁੱਟੀਆਂ) ਕੱਟਣ ਆਏ ਸਨ। ਸਲਾਨਾ ਵੇਖਿਆ ਜਾਵੇ ਤਾਂ 23,145 ਲੋਕ ਛੁੱਟੀਆਂ ਕੱਟਣ ਦੇ ਮਨੋਰਥ ਨਾਲ ਆਏ ਹਨ। ਰਿਸ਼ਤੇਦਾਰਾ ਨੂੰ ਮਿਲਣ ਆਉਣ ਵਾਲਿਆਂ ਵਿਚ ਨਵੰਬਰ ਮਹੀਨੇ 4128 ਰਹੇ ਜਦ ਕਿ ਸਲਾਨਾ ਦੀ ਗਿਣਤੀ 38,524 ਰਹੀ। ਨਿਊਜ਼ੀਲੈਂਡ ਦੇ ਪੱਕੇ ਪਰ ਭਾਰਤੀਆਂ ਦੀ ਇਥੇ ਨਵੰਬਰ ਮਹੀਨੇ ਆਉਣ ਦੀ ਗਿਣਤੀ 9171 ਰਹੀ ਜਦ ਕਿ ਸਲਾਨਾ ਇਹੀ ਗਿਣਤੀ 100,283 ਰਹੀ।

ਮਾਈਗ੍ਰੇਸ਼ਨ ਇਸ ਸ਼੍ਰੇਣੀ ਦੇ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੇ ਇਸ ਦੇਸ਼ ਨੂੰ ਰਹਿਣ ਲਈ ਚੁਣਿਆ ਹੈ। 12 ਮਹੀਨਿਆਂ ਦਾ ਹਿਸਾਬ ਕਿਤਾਬ ਲਗਾ ਕੇ ਇਹ ਅੰਕੜੇ ਤਿਆਰ ਕੀਤੇ ਜਾਂਦੇ ਹਨ। ਭਾਰਤੀਆਂ ਨੇ ਇਸ ਦੇ ਵਿਚ ਬਾਜ਼ੀ ਮਾਰੀ ਹੈ। ਨਵੰਬਰ ਮਹੀਨੇ ਖਤਮ ਹੋਏ ਸਾਲ ਦੇ ਵਿਚ ਭਾਰਤੀਆਂ ਦੀ ਗਿਣਤੀ 28,500 ਰਹੀ। ਸਾਰੇ ਹਿਸਾਬ-ਕਿਤਾਬ ਲਾ ਕੇ ਵੇਖਿਆ ਜਾਵੇ ਤਾਂ ਅੰਕੜਾ ਵਿਭਾਗ ਅਨੁਸਾਰ ਇਥੇ ਨਵੰਬਰ ਮਹੀਨੇ ਖਤਮ ਹੋਏ ਸਾਲ ਦੌਰਾਨ 30, 600 ਲੋਕਾਂ ਦਾ ਵਾਧਾ ਹੋਇਆ ਹੈ। ਸੋ ਅੰਤ ਇਹੀ ਕਹਿ ਸਕਦੇ ਹਾਂ ਕਿ ਇਹ ਦੇਸ਼ ਦੂਸਰੇ ਦੇਸ਼ਾਂ ਨੂੰ ਪੁਕਾਰ ਰਿਹਾ ਹੈ ਅਤੇ ਆਪਣੇ ਕੰਮ ਸੰਵਾਰ ਰਿਹਾ ਹੈ।

## ਸਮੋਸਿਆਂ ਦੀ ਦੇਖ-ਭਾਲ ਨਾ ਕਰਕੇ ਕੰਪਨੀ ਨੂੰ ਸਾਢੇ 6 ਲੱਖ ਰੁਪਏ ਤੋਂ ਉਪਰ ਦਾ ਜ਼ੁਰਮਾਨਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਔਕਲੈਂਡ ਦੇ ਇਕ ਸਮੋਸਾ ਵਿਕਰੇਤਾ ਨੂੰ ਲੋੜੀਂਦਾ ਭੋਜਨ ਸੁਰੱਖਿਆ ਵੇਰਵਾ (ਫੂਡ ਸੇਫਟੀ ਰਿਕਾਰਡ) ਨਾ ਰੱਖਣ ਦੇ ਦੋਸ਼ ਵਿਚ ਔਕਲੈਂਡ ਜ਼ਿਲ੍ਹਾ ਅਦਾਲਤ ਨੇ 13,500 ਡਾਲਰ ( 6 ਲੱਖ 62 ਹਜ਼ਾਰ ਭਾਰਤੀ ਰੁਪਏ ਤੋਂ ਵੱਧ) ਦਾ ਜ਼ੁਰਮਾਨਾ ਲਾਇਆ ਹੈ। ਪਾਕਿਸਤਾਨ ਦੇ ਵਿਚ ਇਸ ਜ਼ੁਰਮਾਨੇ ਦੀ ਕੀਮਤ 21 ਲੱਖ ਪਾਕਿਸਤਾਨੀ ਰੁਪਏ ਤੋਂ ਉਪਰ ਬਣਦੀ ਹੈ ਅਤੇ ਇਹ ਖਬਰ ਮਿਲੀਅਨ ਡਾਲਰ ਦੇ ਜ਼ੁਰਮਾਨੇ ਦੇ ਸਿਰਲੇਖ ਹੇਠ ਛਾਪੀ ਗਈ ਹੈ। ਇਹ ਕੰਪਨੀ ਮਾਊਂਟ ਰੌਸਕਿਲ (ਔਕਲੈਂਡ) ਵਿਖੇ ਹੈ। ਨਿਊਜ਼ੀਲੈਂਡ ਫੂਡ ਸੇਫਟੀ ('ਢਾਂ') ਨੇ ਕਿਹਾ ਕਿ ਕੰਪਨੀ ਨੂੰ ਫੂਡ ਕੰਟਰੋਲ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਲਈ




ਜ਼ੁਰਮਾਨਾ ਲਗਾਇਆ ਗਿਆ ਅਤੇ ਮੈਨੇਜਰ ਭਾਵੇਸ਼ ਸੋਮਾ ਨੂੰ ਫੂਡ ਸੇਫਟੀ ਅਫਸਰ ਨੂੰ ਗਲਤ ਜਾਣਕਾਰੀ ਦੇਣ ਲਈ 3000 ਡਾਲਰ ਦਾ ਹੋਰ ਜ਼ੁਰਮਾਨਾ ਕੀਤਾ ਗਿਆ। ਭੋਜਨ ਸੁਰੱਖਿਆ ਮਾਪਦੰਡਾ ਅਨੁਸਾਰ ਸਮੋਸਿਆਂ ਦੀ ਦੇਖਭਾਲ ਨਹੀਂ ਕੀਤੀ ਜਾ ਰਹੀ ਸੀ। ਇਸ ਕੰਪਨੀ ਨੇ ਮਾਰਚ 2021 ਵਿੱਚ ਪਕਾਏ ਸਮੋਸੇ ਨਿਰਧਾਰਤ ਤਾਪਮਾਨ ਉਤੇ ਨਹੀਂ ਰੱਖੇ ਹੋਏ ਸਨ। ਇਸਦੀ ਜਾਂਚ ਵਿੱਚ ਪਾਇਆ ਗਿਆ ਕਿ ਕੰਪਨੀ ਨੇ 2020 ਅਤੇ 2022 ਦੇ ਵਿਚਕਾਰ ਚਾਰ ਮੌਕਿਆਂ 'ਤੇ ਕੂਲਿੰਗ (ਠੰਡਕ) ਅਤੇ ਖਾਣਾ ਪਕਾਉਣ ਦੇ ਤਾਪਮਾਨ ਨੂੰ ਲਿਖਤੀ ਵੇਰਵੇ ਵਿਚ ਸ਼ਾਮਿਲ ਨਹੀਂ ਕੀਤਾ। ਫੂਡ ਸੇਫਟੀ ਦੇ ਡਿਪਟੀ ਡਾਇਰੈਕਟਰ-ਜਨਰਲ ਵਿਨਸੈਂਟ ਆਰਬਕਲ ਨੇ ਕਿਹਾ ਕਿ ''ਇਸਦੇ ਅਧਿਕਾਰੀਆਂ ਨੇ ਕਈ ਵਾਰ ਸੋਮਾ ਐਂਡ ਸੰਨਜ਼ ਕੰਪਨੀ ਦਾ ਦੌਰਾ ਕੀਤਾ ਅਤੇ ਸਪੱਸ਼ਟ ਕੀਤਾ ਕਿ ਕੀ ਕਰਨਾ ਚਾਹੀਦਾ ਹੈ, ਪਰ ਇਹ ਜਾਣਬੁੱਝ ਕੇ ਉਸ ਅਨੁਸਾਰ ਬਦਲਾਅ ਕਰਨ ਵਿੱਚ ਅਸਫਲ ਰਹੇ। ਹਾਲਾਂਕਿ ਇਹਨਾਂ ਉਤਪਾਦਾਂ ਨੂੰ ਖਾਣ ਨਾਲ ਕਿਸੇ ਦੇ ਬੀਮਾਰ ਹੋਣ ਬਾਰੇ ਸੂਚਨਾ ਨਹੀਂ ਹੈ, ਪਰ ਫੂਡ ਸੇਫਟੀ ਅਨੁਸਾਰ ਰਿਕਾਰਡਾਂ ਦੀ ਅਣਹੋਂਦ ਦਾ ਮਤਲਬ ਹੈ ਕਿ ਕੋਈ ਭਰੋਸਾ ਨਹੀਂ ਹੈ ਕਿ ਨਿਯਮਾਂ ਦੀ ਪਾਲਣਾ ਹੋ ਰਹੀ ਹੈ ਕਿ ਨਹੀਂ, ਜਿੰਨਾ ਚਿਰ ਸਾਰਾ ਰਿਕਾਰਡ ਨਹੀਂ ਰੱਖਿਆ ਜਾਂਦਾ।''

ਸੋ ਅੰਤ ਇਹੀ ਕਿਹਾ ਜਾ ਸਕਦਾ ਹੈ ਕਿ ਸਵਾਦ ਨਾਲ ਖਾਏ ਜਾਣ ਵਾਲੇ ਸਮੋਸੇ ਗਾਹਕਾਂ ਨੂੰ ਤਾਂ ਹਰ ਸਮੇਂ ਖੁਸ਼ ਕਰ ਜਾਂਦੇ ਹਨ ਪਰ ਕਈ ਵਾਰ ਸਮੋਸੇ ਬਨਾਉਣ ਵਾਲੇ ਮਸੋਸੇ ਜਾਂਦੇ ਹਨ। ਸਮੋਸਿਆਂ ਨੇ ਵੀ ਮਨੋਮਨ ਕਿਹਾ ਹੋਵੇਗਾ ਕਿ ਸਾਡੀ ਕੋਈ ਜ਼ਿੰਦਗੀ ਹੈ, ਸਾਡਾ ਵੀ ਖਿਆਲ ਰੱਖੋ ਜੀ।

## ਬੁੱਤ ਨੂੰ ਤੋੜਨ ਦੀ ਘਟਨਾ ਕਾਰਨ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਨੇ ਪ੍ਰਗਟਾਇਆ ਰੋਸ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਭਾਰਤੀ ਸੰਵਿਧਾਨ ਦੇ ਨਿ-ਰਮਾਤਾ ,ਗਰੀਬਾਂ ਦੇ ਮਸੀਹਾ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਲਗਾਏ ਗਏ ਬੁੱਤ ਨੂੰ ਤੋੜਨ ਦੀ ਘਟਨਾ ਨੇ ਦੇਸ਼-ਵਿਦੇਸ਼ ਵਿਚ ਵਸਦੇ ਭਾਰਤੀਆਂ ਦੇ ਹਿਰਦੇ ਬਲੂੰਦੜੇ ਹਨ ਇਹ ਘਟਨਾ ਇਕ ਸੋਚੀ ਸਮਝੀ ਸਾਜਿਸ਼ ਹੈ ਲਇਟਲੀ ਦੀਆਂ ਵੱਖ ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਜਿਨਾਂ 'ਚ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਮਿਲੀਆ, ਸ੍ਰੀ ਗੁਰੂ ਰਵਿਦਾਸ ਟੈਂਪਲ ਰਿ-ਜੋਮਿਲੀਆ, ਸ੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ, ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾਂ,



ਸ੍ਰੀ ਗੁਰੂ ਰਵਿਦਾਸ ਧਰਮ ਪ੍ਰਚਾਰ ਸਭਾ ਕਰ-ਮੋਨਾ, ਸ੍ਰੀ ਗੁਰੂ ਰਵਿਦਾਸ ਮਹਾਰਾਜ ਕਾਪੈਲਾ ਪਚਨਾਰਦੀ ਕਰਮੋਨਾ, ਸ੍ਰੀ ਗੁਰੂ ਰਵਿਦਾਸ ਟੈਂਪਲ ਬਰੇਸ਼ੀਆ, ਸ੍ਰੀ ਗੁਰੂ ਰਵਿਦਾਸ ਟੈਂਪਲ ਵਿਚੈਂਸਾ ਅਤੇ ਹੋਰ ਇਟਲੀ ਦੀਆਂ ਵੱਖ ਵੱਖ ਸ੍ਰੀ ਗੁਰੂ ਰਵੀਦਾਸ ਸਭਾਵਾਂ ਅਤੇ ਸਬੰਧਤ ਨਾਮ ਲੇਵਾ ਸੰਗਤਾਂ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਸਮੁੱਚਾ ਦੇਸ਼ ਗਣਤੰਤਰ ਦਿਵਸ ਮਨਾ ਰਿਹਾ ਸੀ ਦੂਜੇ ਪਾਸੇ ਸ਼ਰਾਰਤੀ ਅਨਸਰ ਸੰਵਿਧਾਨ ਦੇ ਨਿਰਮਾਤਾ ਸਿੰਬਲ ਆਫ ਨੌਲੇਜ ਦੇ ਪ੍ਰਤੀਕ ਦਾ ਬੁੱਤ ਤੋੜ ਕਿ ਆਪਣੀ ਅਗਿਆਨਤਾ ਦਾ ਸਬੂਤ ਦੇ ਰਿਹਾ ਸੀ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੇਂਦਰੀ ਜੇਲ੍ਹ ਵਿਖੇ ਲਗਾਈ ਜੇਲ ਲੋਕ ਅਦਾਲਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਦੇ ਦਿਸ਼ਾ-ਨਿ-ਰਦੇਸ਼ਾਂ ਅਨੁਸਾਰ ਅਤੇ ਜਿਲ੍ਹਾ ਅਤੇ ਸ਼ੈਸ਼ਨਜ ਜੱਜ—ਕਮ—ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਮੈਨ ਦਿਲਬਾਗ ਸਿੰਘ ਜੌਹਲ ਦੇ ਹੁਕਮਾਂ ਤਹਿਤ ਸਥਾਨਕ ਕੇਂਦਰੀ ਜੇਲ੍ਹ ਵਿਖੇ ਸੀ ਜੇ ਐਮ੍—ਕਮ—ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਰਾਜ ਪਾਲ ਰਾਵਲ, ਵਲੋਂ ਜੇਲ੍ਹ ਲੋਕ ਅਦਾਲਤ ਲਗਾਈ ਗਈ, ਜਿਸ ਵਿੱਚ ਛੋਟੇ ਅਪਰਾਧਾਂ ਵਾਲੇ ਕੇਸਾਂ ਨੂੰ ਸੁਣਿਆ ਗਿਆ ਅਤੇ ਮੌਕੇ 'ਤੇ ਉਨ੍ਹਾਂ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਦੇ ਨਾਲ ਹੀ ਜੇਲ੍ਹ ਦੀ ਸਾਫ-ਸਫਾਈ ਅਤੇ ਰਸੋਈ ਵਿੱਚ ਬਣਾਏ ਜਾਣ ਵਾਲੇ ਖਾਣੇ ਦਾ ਜਾਇਜਾ ਲਿਆ ਗਿਆ ਤੇ ਹਸਪਤਾਲ ਦੇ ਮਰੀਜਾ ਦਾ ਹਾਲ ਚਾਲ ਜਾਣਿਆ ਗਿਆ। ਇਸ ਮੌਕੇ ਲੀਗਲ ਏਡ ਡਿਫੈਂਸ ਕੌਂਸਲ ਦੇ ਮੁਖੀ ਵਿਸ਼ਾਲ ਕੁਮਾਰ ਅਤੇ ਕੌਂਸਲ ਦੀ ਸਹਾਇਕ ਨਿਹਾਰਿਕਾ ਵੀ ਮੌਜੂਦ ਸਨ। ਇਸੇ ਤਰ੍ਹਾਂ ਸੀ ਜੇ ਐਮ-ਕਮ- ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਰਾਜ ਪਾਲ ਰਾਵਲ ਵਲੋਂ ਲੀਗਲ ਲਿਟਰੇਸੀ ਕਲੱਬ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੇਜ਼ੋ ਵਿਖੇ ਸੈਮੀਨਾਰ ਲਗਾਇਆ ਗਿਆ।

ਇਸ ਮੌਕੇ ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ "ਪੰਜਾਬ ਅਪਰਾਧ ਪੀੜਤ ਮੁਆਵਜਾ ਸਕੀਮ 2017" ਅਤੇ "ਜਿਨਸੀ ਹਮਲੇ/ਹੋਰ ਅਪਰਾਧਾਂ ਦੀਆਂ ਪੀੜਤਔਰਤਾਂ/ ਬੱਚੀਆਂ



ਲਈ ਮੁਆਵਜਾ ਸਕੀਮ 2018" ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਦਸਿਆ ਕਿ ਪੰਜਾਬ ਦੇ ਸਮੂਹ ਜਿਲ੍ਹਾ ਪੱਧਰ ਅਤੇ ਸਬ—ਡਵੀਜਨ ਪੱਧਰ ਤੇ ਫਰੰਟ ਆਫਿਸ ਖੋਲ੍ਹੇ ਗਏ ਹਨ। ਜੇਕਰ ਕਿਸੇ ਵਿਅਕਤੀ ਨੇ ਆਪਣੀ ਸਮੱਸਿਆ ਦੇ ਸਬੰਧੀ ਅਦਾਲਤ ਵਿੱਚ ਕੇਸ ਦਾਇਰ ਕਰਨਾ ਹੋਵੇ ਤਾਂ ਅਥਾਰਟੀ ਵਲੋਂ ਮੁਫਤ ਕਾਨੂੰਨੀ ਸੇਵਾਵਾਂ ਦੇ ਅਥਾਰਟੀ ਐਕਟ,1987 ਵਿੱਚ ਦਿੱਤੀਆਂ ਗਈਆਂ ਅੱਠ ਕੈਟਾਗਰੀਆਂ ਅਧੀਨ ਮੁਫਤ ਕਾਨੂੰਨੀ ਸਹਾਇਤਾ ਮੁਹੱਇਆ ਕੀਤੀ ਜਾਂਦੀ ਹੈ, ਕੈਟਾਗਰੀਆਂ ਜਿਵੇਂ ਕਿ ਔਰਤ, ਬੱਚਾ ਜ਼ੋ 18 ਸਾਲ ਤੋ ਘੱਟ ਹੋਵੇ, ਹਵਾਲਾਤੀ, ਕੁਦਰਤੀ ਆਫਤਾਂ ਜਿਵੇਂ ਕਿ ਹੜ੍ਹ—ਪੀੜਤ/ਭੂਚਾਲ/ਬੇਗਰਦਾਮਾਰਿਆ, ਮਾਨਸਿਕ ਰੋਗੀ, ਉਦਯੋਗਿਕ ਕਾਮੇ, ਐਸ.ਸੀ./ਐਸ.ਟੀ., ਟਰਾਂਸਜੈਂਡਰ ਅਤੇ ਹਰ ਉਹ ਵਿਅਕਤੀ ਜਿਸ ਦੀ ਸਲਾਨਾ ਆਮਦਨ 3 ਲੱਖ ਤੋ ਘੱਟ ਹੋਵੇ।

ਉਹ ਫਰੰਟ ਆਫਿਸ ਵਿੱਚ ਜਾ ਕੇ ਰਿਟੇਨਰ ਐਡਵੋਕੇਟ ਅਤੇ ਪੈਰਾ ਲੀਗਲ ਵਲੰਟੀਅਰ ਦੁਆਰਾ ਦਰਖਾਸਤ ਫਾਰਮ ਭਰ ਕੇ ਮੁਫਤ ਕਾਨੂੰਨੀ ਸਹਾਇਤਾ ਲੈ ਸਕਦਾ ਹੈ। ਜਿਸ ਵਿਅਕਤੀ ਨੂੰ ਅਥਾਰਟੀ ਵਲੋਂ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ ਉਸ ਦੇ ਕੇਸ ਦੀ ਪੈਰਵਾਈ ਲਈ ਜ਼ੋ ਵਕੀਲ ਨਿਯੁਕਤ ਕੀਤਾ ਜਾਂਦਾ ਹੈ, ਉਸ ਨੂੰ ਕੇਸ ਦੀ ਫੀਸ, ਤਲਵਾਨਾ ਅਤੇ ਗਵਾਹਾਂ ਦੇ ਖਰਚੇ ਅਤੇ ਹੋਰ ਫੁਟਕਲ ਖਰਚਿਆਂ ਦੀ ਅਦਾਇਗੀ ਅਥਾਰਟੀ ਵਲੋਂ ਕੀਤੀ ਜਾਂਦੀ ਹੈ।ਇਸ ਮੋਕੇ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕ ਖਾਸ ਤੋਰ 'ਤੇ ਹਾਜਰ ਸਨ। ਅੰਤ ਵਿੱਚ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਾ ਕਰਮਚਾਰੀ ਰਾਕੇਸ ਕੁਮਾਰ ਸੇਵਾਦਾਰ ਵਲੋਂ ਮੁਫਤ ਕਾਨੂੰਨੀ ਸੇਵਾਵਾਂ ਸਬੰਧੀ ਪ੍ਰਚਾਰ ਸਮੱਗਰੀ ਵੰਡੀ ਗਈ।

# ਪ੍ਰਸਿੱਧ ਗਾਇਕਾ ਅਨਮੋਲ ਵਿਰਕ ਦਾ ਸਿੰਗਲ ਟਰੈਕ "ਸਤਿਗੁਰ ਦਾ ਨਾਮ ਧਿਆਵਾਂ" ਕੀਤਾ ਸੰਗਤ ਦੇ ਸਨਮੁੱਖ




ਪੰਜਾਬੀ ਗਾਇਕੀ ਵਿੱਚ ਵੱਖਰੀ ਪਹਿਚਾਣ ਬਣ-ਾਉਣ ਵਾਲੀ ਪ੍ਰਸਿੱਧ ਗਾਇਕਾ ਅਨਮੋਲ ਵਿਰਕ ਵਲੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਟਰੈਕ "ਸਤਿਗੁਰ ਦਾ ਨਾਮ ਧਿਆਵਾਂ" ਜਿਸਨੂੰ ਮਿਸ਼ਨਰੀ ਸ਼ਖਸੀਅਤਾਂ ਵਲੋਂ ਸੰਗਤ ਦੇ ਸਨਮੁੱਖ ਕੀਤਾ ਗਿਆ ਗੱਲਬਾਤ ਕਰਦਿਆਂ ਪ੍ਰਸਿੱਧ ਗਾਇਕਾ ਅਨਮੋਲ ਵਿਰਕ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਪ੍ਰਸਿੱਧ ਗੀਤਕਾਰ ਬੱਗਾ ਸੇਲਕੀਆਣਾ ਨੇ ਕਲਮਬੱਧ ਕੀਤਾ ਸੀ ਤੇ ਇਸ ਦਾ ਸੰਗੀਤ ਯਾਰ ੱਕਾਰ ਨੇ ਤਿਆਰ ਕੀਤਾ ਸੀ। ਇਸ ਦਾ ਫਿਲਮਾਂਕਣ ਸਨੀ ਸਹਿਜਲ ਵਲੋਂ ਵੱਖ ਵੱਖ ਧਾਰਮਿਕ ਲੋਕੇਸ਼ਨਾ ਤੇ ਕੀਤਾ ਸੀ ਤੇ ਇਸ ਧਾਰਮਿਕ ਟਰੈਕ ਨੂੰ ਸੰਗੀਤ ਜਗਤ ਦੀ ਨਾਮਵਰ ਮਿਊਜ਼ਿਕ ਕੰਪਨੀ ਏਕਸ ਰਿਕਾਰਡਸ ਦੇ ਲੇਬਲ ਤਹਿਤ ਤੇ ਪ੍ਰੋਡਿਊਸਰ ਦੀਪ ਮਹਿੰਦੀਪੁਰ ਤੇ ਪੇਸ਼ਕਸ਼ ਪ੍ਰਸਿੱਧ ਗੀਤਕਾਰ ਕੰਮਾ ਅਲਾਚੌਰੀਆ ਦੀ ਦੇਖਰੇਖ ਵਿੱਚ ਸ਼ੋਸ਼ਲ ਮੀਡੀਆ ਦੀਆਂ।

ਵੱਖ ਵੱਖ ਸਾਈਟਾਂ ਤੇ ਅਪਲੋਡ ਕਰ ਦਿਤਾ ਗਿਆ ਤੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੀਆਂ ਨਾਮ ਲੇਵਾ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੁਸੀ ਮੇਰੇ ਆਏ ਧਾਰਮਿਕ ਅਤੇ ਸੱਭਿਆਚਾਰਕ ਗੀਤਾਂ ਵਾਂਗ ਨੂੰ ਪਸੰਦ ਕੀਤਾ ਤੇ ਇਸ ਧਾਰਮਿਕ ਟਰੈਕ ਨੂੰ ਮਾਣ ਸਤਿਕਾਰ ਦੇ ਰਹੇ ਹੋ। ਸ਼ੁਕਰੀਆ ਅਦਾ ਕਰਦੀ ਹਾਂ ਮੈਂ ਰੱਬ ਵਰਗੇ ਸਰੋਤਿਆਂ ਦਾ ਜੋ ਮੇਰੀ ਗਾਇਕੀ ਨੂੰ ਪਸੰਦ ਕਰਦੇ ਹਨ ਤੇ ਧੰਨਵਾਦ ਏ ਸਤਨਾਮ ਸਿੰਘ ਅਣਖੀ, ਇੰਦੂ ਅਮਰੀਕ ਕਨੈਡਾ, ਪ੍ਰੀਤ ਬੰਗੜ ਸੇਲਕੀਆਣਾ ਯੂਕੇ, ਮਨਜੀਤ ਅਨਮੋਲ ਯੂਕੇ ਤੇ ਪ੍ਰਸਿੱਧ ਗੀਤਕਾਰ ਕੰਮਾ ਅਲਾਚੌਰੀਆ ਤੇ ਪੱਤਰਕਾਰ ਬੱਗਾ ਸੇਲਕੀਆਣਾ ਜੋ ਬਹੁਤ ਸਹਿਯੋਗ ਦਿੰਦੇ ਹਨ।


**– ਬੱਗਾ ਸੇਲਕੀਆਣਾ**

# ਸੰਗੀਤਕ ਸ਼ਾਮ ਅਸ਼ੋਕ ਚਿੱਤਰਕਾਰ ਦੇ ਨਾਮ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅਸ਼ੋਕਾ ਕਲਾਗ੍ਰਾਮ ਵੱਲੋਂ ਰਮਾ ਚੋਪੜਾ ਸਨਾਤਮ ਧਰਮ ਕੰਨਿਆਂ ਮਹਾਂ ਵਿਦਿਆਲਿਆ ਪਠਾਨਕੋਟ ਵਿਖੇ ਇਕ ਸੰਗੀਤਕ ਸ਼ਾਮ ਦਾ ਆਯੋਜਨ 'ਖੁਸ਼ਬੂ ਮੇਂ ਬਸੇ ਖ਼ਤ' ਸਿਰਲੇਖ ਹੇਠ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪ੍ਰਿੰਸੀਪਲ ਸ਼ੋਭਾ ਪ੍ਰਾਸ਼ਰ ਨੇ ਹਾਜ਼ਿਰ ਸੰਗੀਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ ਅਤੇ ਅਸ਼ੋਕ ਚਿੱਤਰਕਾਰ ਜੀ ਬਾਰੇ ਸ਼ਲਾਘਾਯੋਗ ਸ਼ਬਦਾਂ ਨਾਲ ਜਾਣ ਪਹਿਚਾਣ ਕਰਵਾਈ। ਇਸ ਸੰਸਥਾ ਦੇ ਪ੍ਰਧਾਨ ਪਾਲ ਗੁਰਦਾਸਪੁਰੀ ਨੇ ਸ਼ਮ੍ਹਾਂ ਰੌਸ਼ਨ ਕਰਨ ਵਾਸਤੇ ਕਾਲਜ ਦੀ ਪ੍ਰਬੰਧਕ ਸੰਸਥਾ ਵੱਲੋਂ ਸ੍ਰੀ ਤਿਲਕ ਰਾਜ ਸ਼ਰਮਾ, ਪ੍ਰਿੰਸੀਪਲ ਸ਼ੋਭਾ ਪ੍ਰਾਸ਼ਰ ਅਤੇ ਪ੍ਰਿੰਸੀਪਲ ਸ਼ਿਸ਼ਿਆ ਸਕੂਲ, ਪ੍ਰਿੰਸੀਪਲ ਪੂਜਾ ਮਹਾਜਨ ਕਥੂਆ ਨੂੰ ਨਿਮੰਤ੍ਰਿਤ ਕੀਤਾ ਗਿਆ। ਗਾਇਕੀ ਦੀ ਸ਼ੁਰੂਆਤ 'ਖੁਸ਼ਬੂ' ਸਪੁਤਰੀ ਗੋਪਾਲ (ਸਿਤਾਰ ਵਾਦਕ)ਦੇ ਬਹੁਤ ਹੀ ਖੂਬਸੂਰਤ ਗੀਤਾਂ ਤੋਂ ਕੀਤੀ ਗਈ ਜਿਸ ਨੇ ਗਾਇਕੀ ਦਾ ਮਾਹੌਲ ਸਿਰਜਣ ਵਿਚ ਕਾਮਯਾਬੀ ਹਾਸਿਲ ਕੀਤੀ। ਪਠਾਨਕੋਟ ਦੇ ਬਹੁਤ ਹੀ ਪ੍ਰਸਿੱਧ ਅਤੇ ਸੁਰੀਲੇ ਗਾਇਕ ਸ਼੍ਰੀ ਬੌਬੀ ਹਾਂਡਾ ਨੇ ਤਿੰਨ ਗੀਤ ਗਾ ਕੇ ਸਰੋਤਿਆਂ ਨੂੰ ਪ੍ਰਸੰਨਚਿੱਤ ਕੀਤਾ। ਬੌਬੀ ਹਾਂਡਾ ਤੋਂ ਬਾਅਦ ਨੇਹਾ ਨੇ ਰਜਿੰਦਰ ਨਾਥ ਰਹਿਬਰ ਦੀ ਪ੍ਰਸਿੱਧ ਨਜ਼ਮ 'ਤੇਰੇ ਖੁਸ਼ਬੂ ਮੇਂ ਬਸੇ ਖ਼ਤ' ਗਾਈ। ਨੇਹਾ ਦੀ ਬਹੁਤ ਵਧੀਆ ਆਵਾਜ਼ ਵਿਚ ਮਿਠਾਸ ਅਤੇ ਠਹਿਰਾਅ ਕਮਾਲ ਦਾ ਸੀ। ਨੇਹਾ ਤੋਂ ਬਾਅਦ 'ਅੱਜ ਦੀ ਸ਼ਾਮ ਅਸ਼ੋਕ ਚਿੱਤਰਕਾਰ ਦੇ ਨਾਮ' ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਅਸ਼ੋਕ ਚਿੱਤਰਕਾਰ ਨੇ ਪਹਿਲੀ ਗ਼ਜ਼ਲ 'ਦਰਦ ਸੇ ਮੇਰਾ ਦਾਮਨ ਭਰ ਦੇ ਯਾ ਅੱਲ੍ਹਾ, ਫਿਰ ਚਾਹੇ ਦੀਵਾਨਾ ਕਰ ਦੇ ਯਾ ਅੱਲ੍ਹਾ' ਪੇਸ਼ ਕੀਤੀ। ਇਸ ਤੋਂ ਬਾਅਦ ਗਿਆਰਾਂ (11) ਗ਼ਜ਼ਲਾਂ ਅਤੇ ਗੀਤ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਸੰਗੀਤਕ ਸ਼ਾਮ ਨੂੰ ਬੁਲੰਦੀ ਤੇ ਪਹੁੰਚਾਣ ਵਿੱਚ ਅਸ਼ੋਕ ਚਿੱਤਰਕਾਰ ਦੀ ਭਰਪੂਰ ਮਿਹਨਤ ਦਾ ਹੀ ਨਤੀਜਾ ਸੀ। ਅਸ਼ੋਕ ਚਿੱਤਰਕਾਰ ਨੇ ਆਖੀਰ ਵਿੱਚ ਗਣਤੰਤਰ ਦਿਵਸ ਤੇ,' ਮੇਰੀ ਜਾਨ ਜਾਏ ਵਤਨ ਕੇ ਲਿਏ,ਬਹੇ ਖ਼ੂਨ ਮੇਰਾ ਵਤਨ ਕੇ ਲਿਏ ' ਦੇਸ਼ ਭਗਤੀ ਦਾ ਗੀਤ ਗਾ ਕੇ ਸਮਾਪਤੀ ਕੀਤੀ। ਇਸ ਪ੍ਰੋਗਰਾਮ ਵਿਚ ਐਡਵੋਕੇਟ ਰਵਿੰਦਰ ਸਿੰਘ ਠਾਕੁਰ, ਐਡਵੋਕੇਟ ਮੱਸਾ ਸਿੰਘ, ਐਡਵੋਕੇਟ ਰਾਜ ਜਸਪ੍ਰੀਤ ਸਿੰਘ ਬਾਜਵਾ, ਸਤੀਸ਼ ਸੈਣੀ, ਸੈਲੀ ਬਲਜੀਤ, ਮਾਸਟਰ ਸੁਭਾਸ਼ ਸ਼ਰਮਾ, ਕੇਵਲ ਕ੍ਰਿਸ਼ਨ ਕਾਲੀਆ, ਰਜਿੰਦਰ ਲਾਡੀ, ਸੰਜੀਵ ਸਹੋਤਾ, ਨਵਨੀਤ ਭਗਤ,ਨਰੇਸ਼ ਨਿਰਗੁਣ, ਅਸ਼ਵਨੀ ਅਵਸਥੀ, ਪ੍ਰੀਤਮ ਸਿੰਘ ਸਲਾਰੀਆ, ਨਰੇਸ਼ ਦੀਨਾਨਗਰੀ,ਡਾ. ਠੁਕਰਾਲ, ਰਜ਼ੇਸ਼ ਮਹਾਜਨ, ਹਰੀਸ਼ ਗੁਪਤਾ, ਸਤਨਾਮ ਸਿੰਘ, ਸਤਿੰਦਰ ਵਾਲੀਆ, ਰਵਿੰਦਰ ਮਹਾਜਨ, ਸਤਿੰਦਰ ਸੋਨੀ, ਪਵਨ ਧੀਮਾਨ, ਸਿਮਰਨ ਸੋਨੀ ਅਨਿਲ ਆਵਸਥੀ ਅਤੇ ਕਈ ਹੋਰ ਪਤਵੰਤੇ ਸੱਜਣ ਹਾਜ਼ਿਰ ਸਨ। ਸ੍ਰੀ ਕੁੰਦਨ ਅਤੇ ਗੋਪਾਲ ਦੀ ਸਾਜ਼ਿੰਦਿਆਂ ਦੀ ਟੀਮ ਨੇ ਉਚ ਪੱਧਰੀ ਸੰਗੀਤਕ ਮਾਹੌਲ ਸਿਰਜਣ ਵਿਚ ਭਰਪੂਰ ਯੋਗਦਾਨ ਪਾਇਆ। ਸਟੇਜ ਸਕੱਤਰ ਦੀ ਭੂਮਿਕਾ ਪਾਲ ਗੁਰਦਾਸਪੁਰੀ ਨੇ ਬਾਖ਼ੂਬੀ ਨਿਭਾਈ। ਅੰਤ ਵਿੱਚ ਪ੍ਰਿੰਸੀਪਲ ਪੂਜਾ ਮਹਾਜਨ ਨੇ ਪ੍ਰੋਗਰਾਮ ਦੀ ਕਾਮਯਾਬੀ ਲਈ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਹ ਪ੍ਰੋਗਰਾਮ ਇਕ ਯਾਦਗਾਰੀ ਹੋ ਨਿੱਬੜਿਆ ਹੈ।

# "ਸਤਿਗੁਰੂ ਦੀ ਮਹਿਮਾ" ਧਾਰਮਿਕ ਗੀਤ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਹੈ- ਸ਼ੈਰੀ ਜੱਸਲ





ਗੁਰਦੀਪ ਸੰਧੂ ਨੇ ਵੀ ਸੁਦੇਸ਼ ਕੁਮਾਰੀ ਨਾਲ ਆਪਣੇ ਹਿੱਟ ਗੀਤ "ਥਾਰ ਰੋਕਸ ਮਹਿੰਦਰਾ "ਦੀ ਪਾਰਟੀ ਵਿੱਚ ਕਿਹਾ ਸੀ ਕਿ ਸ਼ੈਰੀ ਜੱਸਲ ਸੁਰੀਲਾ ਫ਼ਨਕਾਰ ਹੈ ਤੇ ਸ ਦੇ ਆ ਰਹੇ ਗੀਤ "ਸਤਿਗੁਰੂ ਦੀ ਮਹਿਮਾ" ਨੂੰ ਗੁਰੂ ਰਵਿਦਾਸ ਜੀ ਦੇ ਪਿਆਰੇ ਭਰਵਾਂ ਹੁੰਗਾਰਾ ਦੇਣਗੇ। ਸ਼ੈਰੀ ਜੱਸਲ ਨੇ ਤਦ ਸੰਧੂ ਦਾ ਧੰਨਵਾਦ ਕਰਦੇ ਕਿਹਾ ਸੀ ਕਿ ਗੁਰੂ ਰਵਿਦਾਸ ਜੀ ਮਹਾਰਾਜ ਦੀ ਉਸਤਿਤ ਲਈ ਇਹ ਗੀਤ ਸ ਨੇ ਧੁਰ ਅੰਦਰੋ ਧਾਰਮਿਕ ਭਾਵਨਾ ਨਾਲ ਗਾਇਆ ਹੈ ਤੇ ਸੰਗਤ ਇਸ ਨੂੰ ਪਿਆਰ ਦੇਵੇਗੀ। ਮਿਊਜ਼ਿਕ ਟੈਬਲੇਟਸ ਨੇ ਸ਼ੈਰੀ ਜੱਸਲ ਦਾ ਇਹ ਧਾਰਮਿਕ ਗੀਤ ਰਲੀਜ਼ ਕੀਤਾ ਹੈ। ਇਹ ਸਦਾਬਹਾਰ ਬਣਨ ਵਾਲਾ ਮਹਿਮਾ ਵਾਲਾ ਗੀਤ ਅਸ਼ੋਕ ਨਵੇਂ ਪਿੰਡੀਆ ਦੀ ਕਲਮ ਤੋਂ ਆਇਆ ਹੈ ਤੇ ਅਸ਼ੋਕ ਨੇ ਕਿਹਾ ਸ਼ੈਰੀ ਨੇ ਉਸ ਦੇ ਗੀਤ ਨਾਲ ਪੂਰਾ ਇਨਸਾਫ਼ ਗਾਇਕ ਬਣ ਕੀਤਾ ਹੈ। ਸ਼ੈਰੀ ਜੱਸਲ ਦੇ ਇਸ ਗੀਤ ਨੂੰ ਸੰਗੀਤ ਜਸਕਰਨ ਨੇ ਦਿੱਤਾ ਹੈ।

ਜਸਕਰਨ ਤੇਜ਼ੀ ਨਾਲ ਚਮਕਦਾ ਸੰਗੀਤਕਾਰ ਹੈ ਤੇ ਯੁਵਾ ਉਮਰ ਵਿੱਚ ਹੀ ਸੁਦੇਸ਼ ਕੁਮਾਰੀ ਜਿਹੀ ਗਾਇਕਾ ਨੇ ਉਸ ਦੇ ਸੰਗੀਤ ਵਿੱਚ ਗੁਰਦੀਪ ਸੰਧੂ ਨਾਲ ਗਾ ਕਿ ਜਸਕਰਨ ਦਾ ਹੌਸਲਾ ਅਫ਼ਜ਼ਾਈ ਵਾਲਾ ਕਾਰਜ ਸਿਰੇ ਲਾਇਆ ਹੈ। ਵਿਲੀਅਮ ਕੈਰੀ ਨੇ ਵਿਸ਼ਾਲ ਨਾਲ ਮਿਲ ਗੀਤ ਦਾ ਵੀਡਿਓ ਲਾਜਵਾਬ ਤਿਆਰ ਕੀਤਾ ਹੈ। ਗਾਇਕ ਸ਼ੈਰੀ ਜੱਸਲ, ਅਸ਼ੋਕ ਨਵੇਂ ਪਿੰਡੀਆ ਤੇ ਜਸਕਰਨ ਦੀ ਟੀਮ ਵੱਲੋਂ ਆਇਆ ਧਾਰਮਿਕ ਐਲਬਮ ਗੀਤ "ਸਤਿਗੁਰੂ ਦੀ ਮਹਿਮਾ" ਬਲਬੀਰ ਬੇਗਮਪੁਰੀ ਨੇ ਡਾਇਰੈਕਟ ਕੀਤਾ ਹੈ। ਆਸ ਹੈ ਕਿ ਸੰਗਤਾਂ ਗੁਰੂ ਰਵਿਦਾਸ ਜੀ ਮਹਾਰਾਜ ਦੀ ਮਹਿਮਾ ਵਾਲੇ ਇਸ ਗੀਤ ਨਾਲ ਸ਼ੈਰੀ ਜੱਸਲ ਨੂੰ ਸਟਾਰ ਕਲਾਕਾਰ ਬਣਾ ਦੇਣਗੀਆਂ।

**– ਅੰਮ੍ਰਿਤ ਪਵਾਰ**

# ਗਾਇਕ ਅਨਿਲ ਆਫਤਾਬ ਲੈ ਕੇ ਆਇਆ "ਬੇਗਮਪੁਰਾ -ਟੂ" ਟ੍ਰੈਕ - ਰਾਮ ਭੋਗਪੁਰੀਆ

## ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਹੈ ਦਾ ਹੈ ਇਹ ਗੀਤ ਦੂਜਾ ਭਾਗ- ਗੀਤਕਾਰ ਬਲਵਿੰਦਰ ਭੋਰਾ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਵਿਸ਼ਵ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਮਿਸ ਪੂਜਾ ਦੇ ਗੀਤ "ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਹੈ" ਦਾ ਭਾਗ ਦੂਜਾ 'ਬੇਗਮਪੁਰਾ- ਟੂ' ਪ੍ਰਸਿੱਧ ਗੀਤਕਾਰ ਬਲਵਿੰਦਰ ਭੌਰਾ ਲੈ ਕੇ ਸੰਗਤ ਵਿੱਚ ਗਾਇਕ ਅਨਿਲ ਆਫ਼ਤਾਬ ਦੀ ਆਵਾਜ਼ ਰਾਹੀਂ ਇੱਕ ਵਾਰ ਫਿਰ ਪੇਸ਼ ਹੋਏ ਹਨ । ਰਾਮ ਭੋਗਪੁਰੀਆ ਆਰ ਜੇ ਬੀਟਸ ਭਗਤੀ ਚੈਨਲ ਦੇ ਪ੍ਰੋਡਿਊਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟ੍ਰੈਕ ਨੂੰ ਅਨਿਲ ਆਫਤਾਬ ਨੇ ਬਕਾਇਦਾ ਤੌਰ ਤੇ ਸੂਝ ਬੂਝ ਨਾਲ ਗਾਇਆ ਹੈ ਅਤੇ ਇਸ ਨੂੰ ਬਲਵਿੰਦਰ ਭੌਰਾ ਨੇ ਕਲਮਬੱਧ ਕੀਤਾ ਹੈ। ਇਸ ਦਾ ਸ਼ਾਨਦਾਰ ਵੀਡੀਓ ਬਾਬਾ ਕਮਲ ਨੇ ਤਿਆਰ ਕੀਤਾ ਹੈ ਤੇ ਇਸਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਅਮਦਾਦ ਅਲੀ ਨੇ ਬਣਾਇਆ ਹੈ। ਵਿਸ਼ੇਸ਼ ਤੌਰ ਤੇ ਐਚ ਐਸ ਪ੍ਰੀਤ ਦਾ ਸਮੁੱਚੀ ਟੀਮ ਵੱਲੋਂ ਧੰਨਵਾਦ ਕੀਤਾ ਗਿਆ ਹੈ। ਮੁਨੀਸ਼ ਠੁਕਰਾਲ ਇਸ ਦੇ ਐਡੀਟਰ ਹਨ, ਜਦਕਿ ਬਾਕੀ ਟੀਮ ਵਿੱਚ ਮੁਨੀਸ਼ ਸ਼ਰਮਾ, ਸ਼ੰਕਰ ਦੇਵਾ, ਸੁੱਖ ਵਾਲੀਆ ,ਬੰਨੀ ਸ਼ਰਮਾ, ਅੰਮ੍ਰਿਤ ਪਵਾਰ, ਕੁਲਦੀਪ ਚੁੰਬਰ, ਸੋਮ ਲਾਲ, ਕੁਲਵੰਤ ਕਾਂਤੀ, ਜੱਸੀ ਆਰਟਸ ਦੀ ਸਮੁੱਚੀ ਟੀਮ ਨੇ ਆਪਣੀ ਇਸ ਟ੍ਰੈਕ ਲਈ ਅਹਿਮ ਭੂਮਿਕਾ ਨਿਭਾਈ ਹੈ। ਜਿਕਰਯੋਗ ਹੈ ਕਿ ਬਲਵਿੰਦਰ ਭੌਰਾ ਸਮਾਜ ਦੀ ਨਾਮਵਰ ਕਲਮ ਹੈ, ਜੋ ਸਮੇਂ ਸਮੇਂ ਆਪਣੇ ਗੀਤਾਂ ਰਾਹੀਂ ਸਮਾਜ ਦੇ ਰਹਿਬਰਾਂ ਦਾ ਸੰਕਲਪ, ਬਾਣੀ, ਸੰਦੇਸ਼ ਆਪਣੇ ਗੀਤਾਂ ਵਿੱਚ ਪਰੋ ਕੇ ਸੰਗਤ ਨੂੰ ਵੰਡਦੇ ਰਹਿੰਦੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾਕਟਰ ਭੀਮ ਰਾਓ ਅੰਬੇਦਕਰ ਭਗਵਾਨ ਮੇਰਾ



ਜੇ ਦਲਤਾਂ ਦੇ ਘਰ ਭੀਮ ਰਾ ਭਗਵਾਨ ਨਾ ਆਉਂਦਾ
ਕੌਣ ਸਾਨੂੰ ਗੁਲਾਮੀ ਵਿਚੋਂ ਅਜਾਦ ਕਰਾਉਦਾ

ਕਿਹੜਾ ਸਾਨੂੰ ਦੁਜੀਆਂ ਕੌਮਾਂ ਨਾਲ ਰਲੌਦਾ
ਡਾ ਭੀਮ ਰਾ ਅੰਬੇਦਕਰ ਨੇ ਭਾਰਤ ਦਾ ਸੰਵਿਧਾਨ ਬਣਾਇਆ

ਸਾਡਾ ਚੌਥਾ ਹਿੱਸਾ ਹੱਕ ਦੁਆਇਆ
ਸਾਨੂੰ ਸਕੂਲ ਵਿੱਚ ਪੜਨੇ ਪਾਇਆ

ਕੌਣ ਸਾਨੂੰ ਵੋਟਾਂ ਪਾਉਣ ਦਾ ਹੱਕ ਦੁਆਉਂਦਾ
ਪਿੰਡ ਦੇ ਪੰਚ ਤੋਂ ਲੈਕੇ ਸਰਪੰਚ ਐਮ ਐਲ ਏ ਬਣਾਉਦਾ

ਮੁਖ ਮੰਤਰੀ ਐਮ ਪੀ ਰਾਸ਼ਟਰਪਤੀ ਦੀ ਕੁਰਸੀ ਤੇ ਬੈਠ ਉਦਾ
ਪੜ੍ਹੋ ਕੱਠੇ ਹੋਵੋਂ ਸੰਘਰਸ਼ ਕਰੋ

ਭੀਮ ਰਾ ਅੰਬੇਦਕਰ ਭਗਵਾਨ ਦਾ ਨਾਹਰਾ
ਇਹ ਭਾਰਤ ਦੇਸ਼ ਹਮਾਰਾ

ਕੌਣ ਨੀਲਾ ਝੰਡਾ ਚੋਣ ਨਿਸ਼ਾਨ ਹਾਥੀ ਲਹਿਰਾਉਦਾ
ਗ਼ੁਲਾਮ ਸਮਾਜ ਨੂੰ ਡਾ ਭੀਮ ਰਾ ਅੰਬੇਦਕਰ ਨੇ ਜਗਾਇਆ

ਭਾਰਤ ਤੇ ਦੁਨੀਆਂ ਦੇ ਸਭ ਮੁਲਕਾਂ ਵਿੱਚ ਬੈਠਾਇਆ
ਨੱਰ ਦਿਆਲ ਸਰਪੰਚ ਗੜਾ ਫਿਲੌਰ ਨੂੰ ਕੌਣ ਅਮਰੀਕਾ ਵਿਚ ਪਚੌਦਾ

ਜੇ ਦਲਤਾਂ ਦੇ ਘਰ ਭੀਮ ਰਾ ਅੰਬੇਦਕਰ ਭਗਵਾਨ ਨਾ ਆਉਂਦਾ
ਇਕੋਂ ਮੇਰਾ ਨਾਹਰਾ ਹੈ

ਡਾ ਭੀਮ ਰਾਓ ਅੰਬੇਦਕਰ ਭਗਵਾਨ ਹਮਾਰਾ ਹੈ
ਜੈ ਭੀਮ ਜੈ ਭਾਰਤ ਜੈ ਸਵਿਧਾਨ।

**–ਸਰਪੰਚ ਦਿਆਲ ਰਾਮ ਨਰ, ਯੂਬਾ ਸਿਟੀ**

# ਸ੍ਰੀ ਗੁਰੂ ਰਵਿਦਾਸ ਜੀ



ਗੁਰੂ ਰਵਿਦਾਸ ਜੀ ਨੂੰ ਇਸ ਜਗਤ ਵਿੱਚ ਆਇਆਂ ਭਾਵੇਂ 648 ਵਰ੍ਹੇ ਬੀਤ ਚੁੱਕੇ ਹਨ ਪਰ ਹਰ ਬੀਤਦੇ ਦਿਨ ਨਾਲ਼ ਆਪ ਜੀ ਦੇ ਉੱਚ ਆਦਰਸ਼ ਜੀਵਨ ਅਤੇ ਮਾਨਵ-ਕਲਿਆਣਕਾਰੀ ਉਪਦੇਸ਼ਾਂ ਦੀ ਪ੍ਰਸੰਗਤਾ ਨਿਤ ਵਧ ਰਹੀ ਹੈ। ਅੱਜ ਸਮੁੱਚਾ ਜਗਤ ਆਪ ਜੀ ਦੇ ਮਹਾਨ ਜੀਵਨ ਅਤੇ ਬਾਣੀ ਦੇ ਪਰਤਾਪ ਨੂੰ ਤੱਕ ਆਪ ਜੀ ਦੇ ਸਨਮੁਖ ਸੀਸ ਨਿਵਾ ਰਿਹਾ ਹੈ ਅਤੇ ਸੁਚੱਜੀ ਜੀਵਨ-ਜਾਚ ਪ੍ਰਾਪਤ ਕਰਨ ਹਿਤ ਉੱਦਮ ਕਰ ਰਿਹਾ ਹੈ। ਸੰਸਾਰ ਅੱਜ ਦੇ ਅਨੇਕ ਭਾਰਾਂ ਹੇਠ ਦੱਬੇ ਜੀਵਨ ਵਿੱਚ ਵਿਚਰਦਾ ਹੋਇਆ, ਉਨ੍ਹਾਂ ਬੋਝਾਂ ਤੋਂ ਮੁਕਤੀ ਹਿਤ ਆਪ ਜੀ ਦੇ ਮਹਾਨ ਜੀਵਨ ਅਤੇ ਬਾਣੀ ਰੂਪੀ ਪ੍ਰਕਾਸ਼-ਸਤੰਭ ਵੱਲ ਬੜੀ ਸਿਦਕ-ਦਿਲੀ ਨਾਲ਼ ਵੇਖ ਰਿਹਾ ਹੈ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਲੋਕਾਈ ਦੇ ਸਭ ਦੁੱਖ-ਦਰਦਾਂ ਦਾ ਹੱਲ 'ਬੇਗਮਪੁਰਾ' ਇਸ ਸੰਸਾਰ ਦੇ ਸਨਮੁਖ ਰੱਖਿਆ। ਇਹ ਐਸਾ ਰਾਜ-ਸੰਕਲਪ ਹੈ ਜਿਸ ਵਿੱਚ ਹਰ ਇੱਕ ਬਸ਼ਰ ਲਈ ਬਿਨਾ ਕਿਸੇ ਫ਼ਿਕਰ ਦੇ ਵਸਣ-ਰਹਿਣ ਦੀ ਥਾਂ ਹੈ। ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿੱਚ, ਉਮਧ ਕਾਲੀ ਭਾਰਤ ਜਾਂ ਵਿਸ਼ਵ ਭਰ ਵਿਚ ਕਿਸੇ ਵਡੇ ਤੋਂ ਵਡੇ ਚਿੰਤਕ ਜਾਂ ਸ਼ਾਸਨਕਾਰ ਨੇ ਅਜੇਹੇ 'ਵਤਨ' ਦਾ ਸੁਫ਼ਨਾ ਤਕ ਨਹੀਂ ਲਿਆ ਸੀ।"



ਡਾ. ਬਲਵੀਰ ਮੰਨਣ
(ਪੀ-ਐੱਚ. ਡੀ)
91-94173-45485

ਆਪ ਜੀ ਦਾ ਜੀਵਨ ਸਾਦਾ ਸੀ; ਸਰਲ ਸੀ। ਵੈਸਾ ਹੀ ਆਪ ਜੀ ਦਾ ਹਿਰਦਾ ਵੀ ਸੀ। ਜੋ ਬਾਹਰੀ ਸੀ, ਉਹੀ ਅੰਤ੍ਰੀਵ ਸੀ। ਮਨ, ਵਚਨ ਅਤੇ ਕਰਮ ਦੀ ਇਕਸਾਰਤਾ ਸੀ। ਜੋ ਕਿਸੇ ਨੂੰ ਉਪਦੇਸ਼ ਦੇਂਦੇ, ਉਸ ਨੂੰ ਪਹਿਲਾਂ ਆਪ ਜੀ ਨੇ ਡੂੰਘਾ ਅਨੁਭਵ ਕੀਤਾ ਹੁੰਦਾ। ਅਤੇ ਜੋ ਆਖਦੇ ਸਨ, ਐਨ ਓਹੀ ਆਪ ਜੀ ਦਾ ਆਚਰਣ ਅਤੇ ਵਿਵਹਾਰ ਸੀ। ਐਸੇ ਅਨੂਠੇ ਜੀਵਨ ਤੋਂ ਉਪਜੀ ਇੱਕ ਭਰਪੂਰ ਤਸੱਲੀ ਅਤੇ ਟਿਕਾਅ ਹਰ ਸਮੇਂ ਆਪ ਜੀ ਦੇ ਜੀਵਨ ਅੰਦਰ ਸੀ। ਮਿੱਠੀ, ਤਸੱਲੀ ਭਰੀ ਮੁਸਕਾਨ ਹਰ ਵਕਤ ਆਪ ਜੀ ਦੇ ਅਨੂਠੇ ਤੇਜਮਈ ਮੁਖ 'ਪੁਰ ਬਣੀ ਰਹਿੰਦੀ। ਆਪ ਜੀ ਨੇ ਵਿਕਾਰਾਂ ਤੋਂ ਪੂਰਨ ਮੁਕਤ ਜੀਵਨ ਜਿਉਂਦਿਆਂ ਜਗਤ ਨੂੰ ਉਪਦੇਸ਼ ਦਿੱਤਾ ਅਤੇ ਆਦਿ ਪੁਰਖ ਪਰਮੇਸ਼ਰ ਜੀ ਦੇ ਸੱਚੇ ਨੁਮਾਇੰਦੇ ਦੇ ਰੂਪ ਵਿੱਚ ਸੰਸਾਰ ਵਿੱਚ ਸਥਾਪਿਤ ਹੋਏ।

ਆਪ ਜੀ ਨੇ ਨਾ ਗ੍ਰਿਹਸਤ ਨੂੰ ਮਾੜਾ ਆਖਿਆ, ਨਾ ਆਪਣੇ ਕਿੱਤੇ ਨੂੰ। ਨਾ ਆਪਣੀ ਜਾਤੀ ਨੂੰ ਬੁਰਾ ਸਮਝਿਆ ਅਤੇ ਨਾ ਹੀ ਆਪਣੇ ਕੁਟੰਬ-ਜਨਾਂ ਨੂੰ। ਸਗੋਂ ਗ੍ਰਿਹਸਤ ਵਿੱਚ ਰਹਿੰਦਿਆਂ, ਸਭ ਜ਼ਿੰਮੇਵਾਰੀਆਂ ਨਿਭਾਉਂਦਿਆਂ; ਹੱਥੀਂ ਕਿਰਤ ਕਰਦਿਆਂ ਹੋਇਆਂ ਹਰ ਵੇ਼ਲੇ ਪ੍ਰਭੂ-ਸਿਮਰਨ ਦੀ ਐਸੀ ਅਨੂਠੀ ਜੁਗਤ ਦਰਸਾਈ ਕਿ ਹੱਥੀਂ ਕਿਰਤ ਅਤੇ ਗ੍ਰਿਹਸਤ ਜੀਵਨ ਦਾ ਮਾਣ ਵਧਿਆ।

ਪ੍ਰਭੂ ਪ੍ਰਤੀ ਆਪ ਜੀ ਦਾ ਪ੍ਰੇਮ ਨਿਰਛਲ ਸੀ। ਇਹ ਓਪਰੀਆਂ ਬਨਾਵਟਾਂ ਤੋਂ ਕੋਹਾਂ ਦੂਰ ਸੀ। ਬਸ, ਹਿਰਦੇ ਤੋਂ ਹੀ ਪ੍ਰਭੂ ਨੂੰ ਸਦਾ ਸਿਮਰਿਆ ਸੀ। ਪਾਵਨ ਹਿਰਦਾ ਪ੍ਰਭੂ-ਪ੍ਰੇਮ ਦਾ ਰੂਪ ਹੀ ਹੋ ਗਿਆ ਸੀ। ਪਵਿਤ੍ਰ ਹਿਰਦੇ ਤੋਂ ਪ੍ਰਭੂ-ਪ੍ਰੇਮ ਉੱਛਲ-ਉੱਛਲ ਪੈਂਦਾ। ਪ੍ਰਭੂ-ਪ੍ਰੇਮ ਦੇ ਉਛਾਲ ਦੀ ਇਹ ਪਰਮ ਪਵਿਤ੍ਰ ਧਾਰਾ ਹੀ ਆਪ ਜੀ ਦੀ ਬਾਣੀ ਹੈ। ਇਹ ਪਵਿਤ੍ਰ ਬਾਣੀ ਓਸੇ ਪ੍ਰੇਮ ਦੇ ਅਖੁੱਟ ਸਾਗਰ ਵਿੱਚ ਜੀਵ ਨੂੰ ਭਰਪੂਰ ਇਸ਼ਨਾਨ ਕਰਾਉਂਦੀ ਹੈ। ਉਸ ਅਨੂਠੀ ਛੋਹ ਨੂੰ ਜੀਵ ਮਹਿਸੂਸ ਕਰਦਾ ਹੈ। ਫ਼ੋਕਾ ਗਿਆਨ ਐਸੇ ਅਨੁਪਮ ਪ੍ਰੇਮ ਦੇ ਸਾਹਵੇਂ ਕਦ ਖੜ੍ਹ ਸਕਦਾ ਸੀ! ਸੋ ਝੁਕ ਗਿਆ। ਡੰਡਉਤ ਬੰਦਨਾਂ ਕੀਤੀਆਂ। ਮਹਾਤਮਾ ਦਾਦੂ ਦਇਆਲ ਜੀ ਦੇ ਬਚਨ ਹਨ, ਉਰਾਮ ਰਾਮ ਕਹਿ ਰਾਮ ਸਮਾਨਾ॥ ਜਨ ਰਵਿਦਾਸ ਮਿਲੇ ਭਗਵਾਨਾ॥"

ਆਪ ਪ੍ਰਸਿੱਧ ਹੋਏ। ਆਪ ਵਿਖਿਆਤ ਹੋਏ। ਪ੍ਰਭੂ ਦੇ ਪਿਆਰਿਆਂ ਨੇ ਹਿਰਦੇ ਤੋਂ ਆਪ ਜੀ ਦਾ ਜਸ ਗਾਵਿਆ। ਬੋਹੜਾਂ, ਪਿੱਪਲਾਂ ਅਤੇ ਹੋਰ ਬਿਰਖਾਂ; ਜਿਨ੍ਹਾਂ ਹੇਠ ਸਤਿਸੰਗ ਲਗਦੇ ਸਨ; ਓਥੇ ਆਪ ਜੀ ਦੀ ਕੀਰਤੀ ਗਾਈ ਗਈ। ਗਾਉਂਦੇ-ਗਾਉਂਦੇ ਅਨੂਠੇ ਰਸ ਵਿੱਚ ਪ੍ਰੇਮੀ ਹਿਰਦੇ ਮਗਨ ਹੋ ਜਾਂਦੇ। ਆਪਾ ਭੁੱਲ-ਭੁੱਲ ਜਾਂਦੇ। ਸਭ ਸੰਗਤ ਅੰਮ੍ਰਿਤ-ਸਰੋਵਰ ਵਿੱਚ ਇਸ਼ਨਾਨ ਕਰਦੀ। ਏਥੇ ਜਨਮਾਂ-ਜਨਮਾਂਤਰਾਂ ਦੀਆਂ ਮੈਲਾਂ ਧੁਪਦੀਆਂ। ਨਿਰਮਲ-ਪਵਿਤ੍ਰ ਉਸੰਦੇਹ ਗ੍ਰੰਥਿ ਖੰਡਨ ਨਿਪੁਣ" ਬਾਣੀ ਨੇ ਹਿਰਦੇ ਅੰਦਰ ਪਈਆਂ ਹੋਈਆਂ ਸੰਸਿਆਂ ਦੀਆਂ ਗੰਢਾਂ ਰਹਿਣ ਨਾ ਦਿੱਤੀਆਂ।

ਜਸ ਪ੍ਰਭੂ-ਪਿਆਰਿਆਂ ਨੇ ਕੀਤਾ। ਜਸ ਰਾਜਿਆਂ-ਰਾਣਿਆਂ ਨੇ ਵੀ ਕੀਤਾ। ਪੂਰਨ ਸ਼ਰਧਾ ਅਤੇ ਸਮਰਪਣ ਭਾਵ ਸਹਿਤ ਪਵਿਤ੍ਰ ਚਰਨ-ਕਮਲ ਪਰਸੇ। ਵਡਭਾਗੀ ਹੋਏ। ਆਪ ਜੀ ਦੇ ਉਪਦੇਸ਼ਾਂ ਨੂੰ ਆਤਮਸਾਤ ਕਰ ਪਰਜਾ ਦਾ ਹਿਤ ਕੀਤਾ। ਛੋਟ-ਬੜੇ ਸਭ ਨੂੰ ਸਮ-ਦ੍ਰਿਸ਼ਟੀ ਨਾ਼ਲ ਵੇਖਿਆ। ਸਭ ਦੇ ਸੁਖ ਹਿਤ ਉੱਦਮ ਕੀਤੇ। ਮਨਾਂ ਦੀ ਦੂਈ-ਦਵੈਤ ਦੂਰ ਹੋ ਗਈ ਸੀ।

ਮੀਰਾ ਜੀ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਆਪਣੇ ਸਤਿਗੁਰੂ ਪ੍ਰਤੀ ਆਪ ਜੀ ਦਾ ਪ੍ਰੇਮ ਕੈਸਾ ਅਦੁੱਤੀ ਅਤੇ ਅਨੂਠਾ ਸੀ! ਆਪ ਜੀ ਦੀ ਬਾਣੀ ਪੜ੍ਹਿਆਂ ਅਨੁਭਵ ਹੁੰਦਾ ਹੈ ਕਿ ਆਪ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਲਾਪ ਨੂੰ ਲੈ ਕੇ ਪ੍ਰਭੂ ਜੀ ਦੇ ਏਨੇ ਸ਼ੁਕਰਗੁਜ਼ਾਰ ਰਹੇ ਕਿ ਇਸ ਮਹਾਂ ਮਿਲਾਪ ਤੋਂ ਬਿਨਾ ਮਾਨੋ ਸਾਰਾ ਜੀਵਨ ਹੀ ਬੇ-ਮਾਇਨੇ ਰਹਿ ਜਾਣਾ ਸੀ। ਜੀਵਨ ਦਾ ਕੋਈ ਮੁੱਲ ਨਾ ਸੀ ਹੋਣਾ! ਪਰ ਸ੍ਰੀ ਗੁਰੂ ਜੀ ਮਿਲ ਪਏ, ਏਸੇ ਜੀਵਨ ਵਿੱਚ, ਤੇ ਸਭ ਕੁਝ ਮਿਲ ਗਿਆ। ਹੁਣ ਉਹ ਸੁਆਸ-ਸੁਆਸ ਧੰਨਵਾਦੀ ਸਨ; ਪਰਮ ਕ੍ਰਿਤੱਗ ਸਨ, ਪਰਮੇਸ਼ਰ ਦੇ; ਆਪਣੇ ਜੀਵਨ ਦੇ; ਕੁੱਲ ਕਾਇਨਾਤ ਦੇ। ਅਨੂਠੇ ਸਰੂਰ ਵਿੱਚ ਅੱਠੇ ਪਹਿਰ ਰਹਿੰਦੇ ਸਨ; ਸਦ ਪਰਮ ਵਿਸਮਾਦ।

ਜਿਸ ਕੁਲ ਦੇ ਲੋਕਾਂ ਤੋਂ ਜਗਤ ਭਿੱਟ ਮੰਨਦਾ ਸੀ (ਉਜਾ ਕੀ ਛੋਤਿ ਜਗਤ ਕਉ ਲਾਗੈ"); ਤ੍ਰਿਸਕਾਰ ਕਰਦਾ ਸੀ; ਉਸ ਕੁਲ ਵਿੱਚ ਐਸੀ ਮਹਾਂ ਮਹਾਨ ਸ਼ਖ਼ਸੀਅਤ ਨੇ ਜਨਮ ਲੈ ਕੇ ਉਸ ਕੁਲ ਨੂੰ ਭਾਗ ਲਾ ਦਿੱਤੇ; ਉਸ ਕੁਲ ਨੂੰ ਜਗਤ ਵਿਖਿਆਤ ਕਰ ਦਿੱਤਾ (ਉਧੰਨਿ ਪੁਨੀਤ ਕੁਟੰਬ ਸਭ ਲੋਇ"))। ਪ੍ਰਸਿੱਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੇ ਸ਼ਬਦ ਏਥੇ ਬੜੇ ਮੁੱਲਵਾਨ ਹਨ, ਉਜੇਕਰ ਸ੍ਰੀ (ਗੁਰੂ) ਰਵਿਦਾਸ ਜੀ ਦੀ ਉਚ ਆਤਮਾ ਉਨ੍ਹਾਂ (ਰਵਿਦਾਸੀਆਂ) ਦੇ ਖਾਨਦਾਨ ਵਿਚ ਪ੍ਰਗਟ ਨਾ ਹੁੰਦੀ ਤਾਂ ਪਤਾ ਨਹੀਂ ਅੱਜ ਉਹ ਕਿਸ ਅਧੋਗਤੀ ਦੇ ਖੂਹ ਵਿਚ ਗੋਤੇ ਖਾ ਰਹੇ ਹੁੰਦੇ।"

# ਧਰਤੀ ਤੇ ਜੰਨਤ ਦਾ ਭੁਲੇਖਾ ਪਾਉਂਦੀ 'ਫੁੱਲਾਂ ਦੀ ਘਾਟੀ' ਦੀ ਘਾਟੀ, ਸ੍ਰੀ ਹੇਮਕੁੰਟ ਸਾਹਿਬ



ਇੰਜੀ ਸਤਨਾਮ ਸਿੰਘ ਮੱਟੂ
91-97797-08257

ਉੱਤਰਾਖੰਡ ਸੂਬੇ ਦੇ ਚਮੋਲੀ ਜ਼ਿਲ੍ਹੇ ਚ ਸਥਿਤ ਸਿੱਖ ਧਰਮ ਨਾਲ ਸਬੰਧਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ 'ਚ ਗੋਬਿੰਦ ਧਾਮ ਤੋਂ ਇੱਕ ਰਸਤਾ ਫੁੱਲਾਂ ਦੀ ਘਾਟੀ ਨੂੰ ਜਾਂਦਾ ਹੈ। ਫੁੱਲਾਂ ਦੀ ਘਾਟੀ ਰਾਸ਼ਟਰੀ ਪਾਰਕ ਆਪਣੀ ਸੁੰਦਰਤਾ ਕਾਰਨ ਵਿਸ਼ਵ ਚ "ਫੁੱਲਾਂ ਦੀ ਘਾਟੀ" ਕਰਕੇ ਮਸ਼ਹੂਰ ਹੈ। ਇਹ ਗੋਬਿੰਦ ਧਾਮ/ਘਾਂਗਰੀਆ ਤੋਂ ਲਗਭਗ 4 ਕਿਮੀ ਦੀ ਦੂਰੀ 'ਤੇ ਸਥਿਤ ਹੈ। ਇਹ ਘਾਟੀ ਨੰਦਾ ਦੇਵੀ ਪਾਰਕ ਦਾ ਹੀ ਹਿੱਸਾ ਹੈ ਅਤੇ ਇੱਥੇ ਕੁਦਰਤੀ ਤੌਰ ਤੇ ਹੀ ਫੁੱਲਾਂ ਦੇ ਬੀਜ ਕਿਰ ਜਾਣ ਕਰਕੇ ਹਰ ਸਾਲ ਮਾਨਸੂਨ ਦੀ ਪਹਿਲੀ ਬਾਰਸ਼ ਨਾਲ ਆਪਮੁਹਾਰੇ ਹੀ ਕੁਦਰਤੀ ਤੌਰ 'ਤੇ ਬੂਟੇ ਉੱਗ ਪੈਂਦੇ ਹਨ ਅਤੇ ਸਮਾਂ ਆਉਣ 'ਤੇ ਰੰਗ-ਬਿਰੰਗੇ ਵੱਖ-ਵੱਖ ਕਿਸਮਾਂ ਦੇ ਫੁੱਲਾਂ ਨਾਲ ਭਰ ਜਾਂਦੇ ਹਨ। ਪਹਿਲਾਂ ਪਹਿਲ ਇਸ ਬਾਬਤ ਸਿਰਫ ਸਥਾਨਕ ਬਸ਼ਿੰਦਿਆਂ ਨੂੰ ਹੀ ਪਤਾ ਸੀ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਇਹ ਘਾਟੀ ਦੂਰ ਸੀ, ਕਿਉਂਕਿ ਇਹ ਘਾਟੀ ਸਾਲ 'ਚ ਨਵੰਬਰ ਤੋਂ ਮਈ ਤੱਕ ਬਰਫ਼ ਦੀ ਚਿੱਟੀ ਚਾਦਰ ਨਾਲ ਢਕੀ ਰਹਿੰਦੀ ਹੈ।

ਪੁਸਤਕਾਂ ਦੇ ਹਵਾਲੇ ਅਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਜੋਸ਼ੀ ਮੱਠ ਦੇ ਪ੍ਰਬੰਧਕ ਸ੍ਰ. ਭੁਪਿੰਦਰ ਸਿੰਘ ਜੀ ਦੱਸਦੇ ਹਨ ਕਿ ਫੁੱਲਾਂ ਦੀ ਘਾਟੀ ਦੀ ਖੋਜ ਬਰਤਾਨਵੀ ਪਰਬਤ ਆਰੋਹੀ ਫਰੈਂਕ ਐਸ. ਸਮਿੱਥ, ਐਰਿਕ ਸ਼ਿਪਟਮ ਅਤੇ ਉਸਦੇ ਸਾਥੀ ਆਰ. ਐਲ. ਹੋਲਡਸਵਰਥ ਨੇ 1931 ਵਿੱਚ ਕੀਤੀ ਸੀ। ਉਹ ਕਮੇਟ ਪਰਬਤ ਨੂੰ ਸਰ ਕਰਕੇ ਵਾਪਸੀ 'ਤੇ ਰਸਤੇ ਤੋਂ ਭਟਕ ਗਏ ਸਨ ਅਤੇ ਇਸ ਫੁੱਲਾਂ ਦੀ ਘਾਟੀ ਵਿੱਚ ਪਹੁੰਚ ਗਏ। ਉਹ ਇੱਥੇ ਐਨੇ ਤਰ੍ਹਾਂ ਦੇ ਅਲੌਕਿਕ ਫੁੱਲਾਂ ਅਤੇ ਖੁਸ਼ਬੋਈਆਂ ਤੱਕ ਕੇ ਬਹੁਤ ਹੀ ਅਚੰਭਿਤ ਹੋਏ। ਕਿਉਂਕਿ ਉਸ ਸਮੇਂ



ਬਰਤਾਨਵੀ ਹਕੂਮਤ ਸੀ, ਸੋ ਇਸ ਸੁੰਦਰਤਾ ਨੂੰ ਮਾਣਨ ਲਈ ਫਰੈਂਕ ਐਸ ਸਮਿੱਥ ਦੁਬਾਰਾ 1937 ਵਿੱਚ ਫਿਰ ਵਾਪਿਸ ਆਇਆ ਅਤੇ ਤਿੰਨ ਮਹੀਨੇ ਇੱਥੇ ਹੀ ਰਹਿ ਕੇ ਇਸ ਬਾਬਤ ਡੂੰਘਾਈ ਨਾਲ ਖੋਜ ਭਰਪੂਰ ਜਾਣਕਾਰੀ ਇਕੱਤਰ ਕਰਦਾ ਰਿਹਾ। ਉਸਨੇ ਇਸ ਘਾਟੀ ਦੇ ਫੁੱਲਾਂ ਦੀ ਮਹੱਤਤਾ ਅਤੇ ਅਚੰਭਿਤ ਸੁੰਦਰਤਾ ਦਾ ਵਰਨਣ ਕਰਦੀ 1938 ਵਿੱਚ ਇੱਕ ਪੁਸਤਕ "ਦ ਵੈਲੀ ਆਫ ਫਲਾਵਰਜ਼" ਲਿਖੀ, ਜਿਸਨੂੰ ਵਿਸ਼ਵ 'ਚ ਬਹੁਤ ਪ੍ਰਸਿੱਧੀ ਹਾਸਲ ਹੋਈ। ਉੱਤਰਾਖੰਡ ਸੂਬੇ ਨੂੰ ਦੇਵ ਭੂਮੀ ਦਾ ਦਰਜਾ ਹਾਸਲ ਹੋਣ ਕਰਕੇ ਇਸ ਸਥਾਨ ਦਾ ਸੰਬੰਧ ਰਮਾਇਣ ਅਤੇ ਮਹਾਂਭਾਰਤ ਵਿੱਚ "ਨੰਦਕਾਨਨ" ਨਾਲ ਹੋਣਾ ਮੰਨਿਆ ਜਾਂਦਾ ਹੈ। ਲੰਕਾ ਪਤੀ ਰਾਵਣ ਨਾਲ ਯੁੱਧ 'ਚ ਜਦੋਂ ਲਛਮਣ ਗੰਭੀਰ ਜ਼ਖ਼ਮੀ ਹੋ ਗਏ ਸਨ ਤਾਂ ਹਨੂੰਮਾਨ ਜੀ, ਲਛਮਣ ਲਈ ਸੰਜੀਵਨੀ ਬੂਟੀ ਇਸੇ ਘਾਟੀ ਤੋਂ ਸਥਾਨ ਤੋਂ ਲੈ ਕੇ ਗਏ ਸਨ।



ਬਰਫੀਲੇ ਪਹਾੜਾਂ ਚ ਘਿਰੀ ਚਮੋਲੀ ਜ਼ਿਲ੍ਹੇ ਚ ਪੈਂਦੇ ਨੰਦਾ ਦੇਵੀ ਪਾਰਕ ਦਾ ਹਿੱਸਾ ਇਹ ਫੁੱਲਾਂ ਦੀ ਘਾਟੀ ਖੋਜਾਰਥੀਆਂ, ਵਾਤਾਵਰਨ ਪ੍ਰੇਮੀਆਂ, ਫੁੱਲਾਂ ਦੇ ਸ਼ੌਕੀਨਾਂ ਅਤੇ ਘੁੰਮਣ ਦੇ ਸ਼ੌਕੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

ਸਮੁੰਦਰੀ ਤਲ ਤੋਂ 3352 ਮੀਟਰ ਤੋਂ 3658 ਮੀਟਰ ਦੀ ਉਚਾਈ 'ਤੇ ਸਥਿਤ ਇਹ ਫੁੱਲਾਂ ਦੀ ਘਾਟੀ ਨੈਸ਼ਨਲ ਪਾਰਕ ਦਾ ਫੁੱਲਾਂ ਨਾਲ ਭਰਿਆ ਨਰਮ ਅਤੇ ਜਰਖੇਜ਼ ਖਿੱਤਾ ਪੂਰਬ ਵੱਲ ਨੰਦਾ ਦੇਵੀ ਨੈਸ਼ਨਲ ਪਾਰਕ ਦੇ ਰੁੱਖੇ ਪਹਾੜੀ ਉਜਾੜ ਨੂੰ ਪੂਰਾ ਕਰਦਾ ਹੈ। ਇਹ ਦੋਵੇਂ ਮਿਲ ਕੇ ਜ਼ਾਂਸਕਰ ਅਤੇ ਮਹਾਨ ਹਿਮਾਲਿਆ ਦੀਆਂ ਪਹਾੜੀ ਸ਼੍ਰੇਣੀਆਂ ਦੇ ਵਿਚਕਾਰ ਇੱਕ ਵਿਲੱਖਣ ਪਰਿਵਰਤਨ ਖੇਤਰ ਨੂੰ ਘੇਰਦੇ ਹਨ। ਇਹ ਘਾਟੀ 87.50 ਹੈਕਟੇਅਰ ਜਾਂ 33.8 ਵਰਗ ਮੀਲ ਤੋਂ ਵੱਧ ਖੇਤਰ ਚ ਫੈਲੀ ਹੋਈ ਹੈ ਅਤੇ ਇਹ ਕੁਦਰਤੀ ਸੁੰਦਰਤਾ ਭਰਪੂਰ ਖੇਤਰ ਲਗਭਗ 8 ਕਿਲੋਮੀਟਰ ਲੰਬਾ ਅਤੇ 2 ਕਿਲੋਮੀਟਰ ਚੌੜਾ ਹੈ। ਇਹ ਪੂਰੀ ਤਰ੍ਹਾਂ ਤਪਸ਼ ਵਾਲੇ ਐਲਪਾਈਨ ਜ਼ੋਨ ਵਿੱਚ ਸਥਿਤ ਹੈ। ਦੋਵੇਂ ਪਾਰਕ ਨੰਦਾ ਦੇਵੀ ਬਾਇਓਸਫੇਅਰ ਰਿਜ਼ਰਵ ਖੇਤਰ 223,674 ਹੈਕਟੇਅਰ ਵਿੱਚ ਘਿਰੇ ਹੋਏ ਹਨ ਜੋ ਅੱਗੇ ਇੱਕ ਬਫਰ ਜ਼ੋਨ 5,148।57 ਹੈਕਟੇਅਰ ਨਾਲ ਘਿਰਿਆ ਹੋਇਆ ਹੈ। ਨੰਦਾ ਦੇਵੀ ਨੈਸ਼ਨਲ ਪਾਰਕ ਰਿਜ਼ਰਵ ਯੂਨੈਸਕੋ ਵਰਲਡ ਨੈੱਟਵਰਕ ਆਫ ਬਾਇਓਸਫੇਅਰ ਰਿਜ਼ਰਵ ਵਿੱਚ ਹੈ।

ਇਸ ਘਾਟੀ ਦੀ ਦੁਨੀਆਂ ਭਰ 'ਚ ਸਭ ਤੋਂ ਵੱਧ ਕੁਦਰਤੀ ਅਲੌਕਿਕ ਸੁੰਦਰਤਾ ਅਤੇ ਵਿਲੱਖਣਤਾ ਨੂੰ ਦੇਖਦਿਆਂ 6 ਸਤੰਬਰ 1986 ਨੂੰ 'ਫੁੱਲਾਂ ਦੀ ਘਾਟੀ ਨੈਸ਼ਨਲ ਪਾਰਕ' ਐਲਾਨਿਆ ਗਿਆ ਸੀ।

ਇਸਦੀ ਕੁਦਰਤੀ ਵਾਤਾਵਰਨ ਅਤੇ ਭੂਗੋਲਿਕ ਮਹੱਤਤਾ ਨੂੰ ਦੇਖਦੇ ਹੋਏ ਇਸਨੂੰ 14 ਜੁਲਾਈ 2005 ਨੂੰ ਯੂਨੈਸਕੋ ਵੱਲੋਂ 'ਕੁਦਰਤੀ ਵਿਸ਼ਵ ਵਿਰਾਸਤ' ਦਾ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ।

ਇਹ ਘਾਟੀ ਸਿਰਫ਼ ਜੂਨ ਤੋਂ ਅਕਤੂਬਰ ਤੱਕ ਗਰਮੀਆਂ ਦੌਰਾਨ ਹੀ ਖੁੱਲ੍ਹਦੀ ਹੈ ਅਤੇ ਬਾਕੀ ਸਾਰਾ ਸਾਲ ਭਾਰੀ ਬਰਫ਼ ਨਾਲ ਢੱਕੀ ਰਹਿੰਦੀ ਹੈ।

ਇਸ ਘਾਟੀ ਵਿਚ ਰਹਿਣ ਜਾਂ ਠਹਿਰਣ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਸ਼ਾਮ 5 ਵਜੇ ਗੋਬਿੰਦ ਧਾਮ ਵਾਪਸ ਆਉਣਾ ਪੈਂਦਾ ਹੈ।

ਬਾਗਵਾਨੀ ਵਿਭਾਗ ਮਾਹਿਰਾਂ ਅਤੇ ਵਾਤਾਵਰਨ ਵਿਭਾਗ ਮੁਤਾਬਕ ਇੱਥੇ ਵਿਦੇਸ਼ੀ ਫੁੱਲ ਜਿਵੇਂ ਕਿ ਆਰਚਿਡ, ਪੋਪੀਜ਼, ਪ੍ਰਿਮੁਲਾ, ਮੈਰੀਗੋਲਡ, ਡੇਜ਼ੀ ਅਤੇ ਐਨੀਮੋਨਸ ਆਦਿ ਸਮੇਤ ਲਗਭਗ 514 ਕਿਸਮ ਦੇ ਫੁੱਲ ਖਿੜਦੇ ਹਨ ਅਤੇ ਇਨਸਾਨੀ ਧਿਆਨ ਦੀ ਖਿੱਚ ਦਾ ਕਾਰਨ ਬਣਦੇ ਹਨ। ਇਹ ਵੀ ਅਚੰਭੇ ਵਾਲੀ ਗੱਲ ਹੈ ਕਿ ਇੱਥੇ ਖਿੜਨ ਵਾਲੇ ਵੱਖ ਵੱਖ ਕਿਸਮ ਦੇ ਅਲੌਕਿਕ ਕੁਦਰਤੀ ਫੁੱਲਾਂ ਦੇ ਰੰਗਾਂ 'ਚ 15 ਦਿਨਾਂ ਬਾਅਦ ਤਬਦੀਲੀ ਆ ਜਾਂਦੀ ਹੈ।

ਉੱਤਰਾਖੰਡ ਸੂਬੇ ਦਾ ਰਾਜ ਦਰਜਾ ਪ੍ਰਾਪਤ ਫੁੱਲ "ਬ੍ਰਹਮ ਕਮਲ" ਵੀ ਇਸੇ ਘਾਟੀ ਵਿਚ ਖਿੜਦਾ ਹੈ। ਕੁਦਰਤੀ ਕ੍ਰਿਸ਼ਮਾ ਦੇਖੋ, ਕਮਲ ਦੇ ਫੁੱਲ ਨੂੰ ਖਿੜਨ ਲਈ ਇਹਦੀ ਜੜ ਅਤੇ ਬੂਟਾ ਪਾਣੀ 'ਚ ਹੋਣਾ ਜ਼ਰੂਰੀ ਹੈ, ਪਰ ਇਹ 'ਬ੍ਰਹਮ ਕਮਲ' ਫੁੱਲ ਪੱਥਰਾਂ 'ਚ ਉੱਗਦਾ ਅਤੇ ਖਿੜਦਾ ਹੈ। ਇਹ ਦੁਰਲੱਭ ਫੁੱਲ ਸਤੰਬਰ ਮਹੀਨੇ ਖਿੜਦਾ ਹੈ ਅਤੇ ਇਹ ਦੂਰ ਤੱਕ ਹਲਕੀ ਖ਼ੁਸ਼ਬੂ ਬਿਖੇਰਦਾ ਹੈ। ਫੁੱਲਾਂ ਦੀ ਘਾਟੀ ਦਾ ਅਲੌਕਿਕ ਨਜ਼ਾਰਾ ਪੇਸ਼ ਕਰਦੇ ਇਹ ਫੁੱਲ ਪੂਰੀ ਦੁਨੀਆਂ ਵਿੱਚ ਕਿਤੇ ਵੀ ਨਹੀਂ ਮਿਲਦੇ ਨਾ ਹੀ ਮਿਲਣਗੇ।

ਇੱਥੇ ਇੱਕ ਹੋਰ ਜਾਪਾਨੀ ਮੂਲ ਦੀ ਕਿਸਮ ਦਾ ਕੁਦਰਤੀ ਸੁੰਦਰਤਾ ਭਰਪੂਰ ਫੁੱਲ ਨੀਲਾ ਪੋਸਤ ਹੈ। ਇਸਨੂੰ "ਹਿਮਾਲਿਆ ਦੇ ਫੁੱਲਾਂ ਦੀ ਰਾਣੀ" ਕਿਹਾ ਜਾਂਦਾ ਹੈ। ਸ਼ਾਇਦ ਇਸੇ ਕੁਦਰਤੀ ਸੁੰਦਰਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦੇ ਸਲੋਕ

"ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥"

'ਚ ਕਿੰਨਾ ਸੋਹਣਾ ਪ੍ਰਸਤੁਤ ਕੀਤਾ ਹੈ।

ਜੈਵਿਕ ਵਿਭਿੰਨਤਾ ਲਈ ਪ੍ਰਸਿੱਧ ਇਸ ਫੁੱਲਾਂ ਦੀ ਘਾਟੀ ਦੇ ਫੁੱਲਾਂ ਨੂੰ ਭਾਰਤੀ ਅਤੇ ਵਿਦੇਸ਼ੀ ਬਹੁਤ ਪਸੰਦ ਕਰਦੇ ਹਨ। ਇਸ ਫੁੱਲਾਂ ਦੀ ਘਾਟੀ ਵਿੱਚ ਜੀਵਾਂ ਦੀਆਂ ਪ੍ਰਜਾਤੀਆਂ ਦੇ ਹੋਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਰੰਗ ਬਿਰੰਗੇ ਫੁੱਲਾਂ ਉੱਤੇ ਤਿਤਲੀਆਂ ਅਤੇ ਕੀਟ ਪਤੰਗਿਆਂ ਦਾ ਆਉਣਾ ਕੁਦਰਤੀ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕਿਸਮਾਂ ਦੇ ਜੀਵ ਜੰਤੂ, ਮੱਖੀਆਂ, ਭੂੰਡ ਆਦਿ ਇਸ ਘਾਟੀ ਵਿੱਚ ਫੁੱਲਾਂ ਤੇ ਮੰਡਰਾਉਂਦੇ ਆਮ ਦੇਖਣ ਨੂੰ ਮਿਲਦੇ ਹਨ। ਇਸ ਘਾਟੀ ਵਿੱਚ ਜਾਕੇ ਆਨੰਦ ਮਾਣਨ ਦਾ ਸਭ ਤੋਂ ਵਧੀਆ ਸਮਾਂ ਜੁਲਾਈ-ਅਗਸਤ ਹੈ। ਇਸ ਘਾਟੀ ਦੀ ਸੁੰਦਰਤਾ ਨੂੰ ਬਿਆਨ ਕਰਦੀ ਸ਼ਾਇਰ ਦੇ ਮਨ ਦੀ ਉਡਾਰੀ :-

ਕੁਦਰਤ ਦੀ ਬੁੱਕਲ ਵਿਚ ਬਹਿ ਸਭ ਭੁੱਲ ਜਾਵਣ ਚਿੰਤਾਵਾਂ
ਜੰਨਤ ਦਾ ਅਹਿਸਾਸ ਹੋਵੇ ਜਦੋਂ ਖਹਿਣ ਸ਼ੁੱਧ ਹਵਾਵਾਂ
ਨੀਲੇ ਨੀਲੇ ਉੱਤੇ ਪਹਾੜਾਂ ਲਾਉਣ ਉਡਾਰੀ ਕੂੰਜਾਂ
ਮਿਲੇ ਸਕੂਨ ਹੋ ਅੰਤਰ ਆਤਮਾ ਨਾਲ ਕੁਦਰਤੀ ਗੂੰਜਾਂ
ਤੂੰ ਤੂੰ ਕਹਿ ਕੇ ਮੈਂ ਕੁਦਰਤੀ ਗੂੰਜਾਂ ਦੇ ਸੰਗ ਗਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ

ਰੁੱਖਾਂ ਦੇ ਪੱਤਿਆਂ ਦੀ ਖੜ ਖੜ, ਪੰਛੀ ਰੰਗ ਬਿਰੰਗੇ
ਕੱਚ ਤੋਂ ਸਾਫ ਝਰਨੇ ਦਾ ਪਾਣੀ ਮਿੱਟੀ ਚੁੰਮਦਾ ਲੰਘੇ
ਪੱਥਰਾਂ ਦੇ ਨਾਲ ਖਹਿ ਖਹਿ ਪਾਣੀ ਬਣੇ ਸੰਗੀਤ ਰਸਭਿੰਨਾ
ਕਿਸੇ ਸਾਜ਼ ਦਾ ਨਹੀਂ ਸੰਗੀਤ ਵੀ ਦਿਲ ਨੂੰ ਟੁੰਬਦਾ ਇੰਨਾਂ
ਸਿਖਰ ਪਹਾੜਾਂ ਨੂੰ ਸਰ ਕਰਨਾ ਲੋਚਣ ਮਨ ਇੱਛਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ

ਜੜੀ ਬੂਟੀਆਂ ਅਤੇ ਦਰੱਖਤਾਂ ਚੋਂ ਆਵਣ ਖ਼ੁਸ਼ਬੋਈਆਂ
ਭਰ ਜੋਬਨ ਹੋ ਜਾਣ ਹਸਰਤਾਂ ਫਿਰ ਜੀਵਣ ਦੀਆਂ ਮੋਈਆਂ
ਸੁਰਗ ਪੁਰੀ ਵਿੱਚ ਕੁਦਰਤ ਨੱਚਦੀ ਲੱਗੇ ਚਾਰ ਚੁਫੇਰੇ
ਸਾਫ ਆਕਾਸ਼ ਦੇ ਵਰਗਾ ਖੇੜ੍ਹਾ ਆ ਜੇ ਉੱਤੇ ਚਿਹਰੇ
ਫੁੱਲਾਂ ਦੇ ਰੰਗਾਂ ਜਿਹੀਆਂ ਤਿਤਲੀਆਂ ਨਾਲ ਉਡਾਰੀ ਲਾਵਾਂ
ਦਿਲ ਕਰਦਾ ਫਿਰ ਜੰਨਤ ਛੱਡ ਕੇ ਹੋਰ ਕਿਤੇ ਨਾ ਜਾਵਾਂ ...

ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲਦੀ ਇਸ ਫੁੱਲਾਂ ਦੀ ਘਾਟੀ ਦਾ ਪ੍ਰਬੰਧ ਨੰਦਾ ਦੇਵੀ ਨੈਸ਼ਨਲ ਪਾਰਕ ਅਥਾਰਟੀ ਕੋਲ ਹੈ ਅਤੇ ਇਸ ਘਾਟੀ ਵਿਚ ਜਾਣ ਦੀ ਭਾਰਤੀਆਂ ਲਈ 150/- ਰੁਪਏ ਅਤੇ ਵਿਦੇਸ਼ੀ ਸੈਲਾਨੀਆਂ ਲਈ 650/- ਰੁਪਏ ਪ੍ਰਤੀ ਵਿਅਕਤੀ ਮਾਮੂਲੀ ਫੀਸ ਨਿਰਧਾਰਤ ਹੈ।

ਇਸ ਘਾਟੀ ਚੋਂ ਕੁਦਰਤੀ ਸੁੰਦਰਤਾ ਭਰੇ ਫੁੱਲਾਂ ਦਾ ਆਨੰਦ ਮਾਣ ਕੇ ਆਉਣਾ ਕਿਸੇ ਸ੍ਵਰਗ ਵਰਗੇ ਅਹਿਸਾਸ ਤੋਂ ਘੱਟ ਨਹੀਂ ਹੈ।

# ਨਸ਼ਿਆਂ ਦੀ ਦਲਦਲ-ਵੱਡੀ ਚਣੌਤੀ



ਗੁਰਮੀਤ ਪਲਾਹੀ
91-98158-02070

ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖ਼ਰਾਂ 'ਤੇ ਹਨ। ਬੱਚਿਆਂ,ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਬਾਨ ਹੋ ਚੁੱਕੇ ਹਨ ਕਿ ਦੁਨੀਆ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸਾਸ਼ਨ-ਪ੍ਰਾਸ਼ਾਸ਼ਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ 'ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉਤੇ,ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ ਭੁਗਤ ਨਾਲ ਹੋ ਰਿਹਾ ਹੈ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਹਨਾ ਦੇਸ਼ਾਂ ਵਿੱਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ 'ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ। ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ।ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆਂ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ।ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ 'ਚ ਜਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ।



ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3163 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004 -14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ ਜਦਕਿ 2014-24 ਦੇ ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ 'ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿੱਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ 'ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗ੍ਰੋਹਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾ ਗ੍ਰੋਹਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਹਨਾ ਤਸਕਰਾਂ ਕਾਰਨ ਦਾਅ 'ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ ਉਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿੱਚ ਇਸ ਕਿਸਮ ਦੀਆਂ ਵਾਰਦਾਤਾਂ ਪਿਛੇ ਪੁਲਿਸ ਪ੍ਰਾਸ਼ਸ਼ਨ, ਇਹਨਾ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ 'ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ। ਪਰ ਸਰਹੱਦੀ ਸੂਬੇ ਇਸਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ 'ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ 'ਚ ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉਤੇ, ਜਿਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉਥੇ ਸਰਪੰਚਾਂ ਜਾਂ ਮੁਹੱਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ। ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਣਦੀ ਹੈ। ਭਾਵੇਂ ਭਾਰਤ ਵਿੱਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨੈਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿੱਚ ਜ਼ੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਹਨਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾ ਗ੍ਰਸਤ ਹਨ, ਉਹਨਾ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ , ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ।

ਨਸ਼ਾ ਮਾਫੀਆ ਤਿਕੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਹਨਾ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।

# ਪੂਰੀ ਸਦੀ ਨੂੰ ਢੁੱਕਦੈ ਇੱਕ ਸਫਲ ਕਿਸਾਨ ਤੇ ਸਿਆਸਤਦਾਨ ਸ੍ਰੀ ਬੋਘ ਸਿੰਘ ਦਾਤੇਵਾਸ

ਜਸਵੰਤ ਚਾਹਲ ਮੱਤੀ
91-99885-00460

ਸ੍ਰੀ ਬੋਘ ਸਿੰਘ ਦਾ ਜਨਮ ਮਾਤਾ ਪੂਨਾ ਦੇਵੀ ਦੀ ਕੁੱਖੋਂ ਪਿਤਾ ਜਿਉਣ ਦੇ ਘਰ 2 ਜੁਲਾਈ 1927 ਨੂੰ ਪੰਜਾਬ ਦੇ ਜ਼ਿਲ੍ਹਾ ਹਿਸਾਰ ਦੀ ਤਹਿਸੀਲ ਫਤਿਆਬਾਦ ਦੇ ਪਿੰਡ ਦਾਤੇਵਾਸ ਵਿਖੇ ਹੋਇਆ। (ਜੋ ਕਿ ਮੌਕੇ ਤੇ ਜ਼ਿਲ੍ਹਾ ਮਾਨਸਾ ਵਿੱਚ ਸਥਿਤ ਹੈ)। ਸ੍ਰੀ ਬੋਘ ਸਿੰਘ ਤੇ ਸ੍ਰੀ ਸੁਖਦੇਵ ਸਿੰਘ ਦੋ ਭਰਾ ਸਨ। ਸ੍ਰੀ ਬੋਘ ਸਿੰਘ ਮੁੱਢਲੀ ਚੌਥੀ ਤੱਕ ਦੀ ਪੜ੍ਹਾਈ ਸਰਕਾਰੀ ਪ੍ਰਾਇਮਰੀ ਸਕੂਲ ਦਾਤੇਵਾਸ ਵਿਖੇ ਹੀ ਕਰਵਾਈ ਗਈ। ਸ੍ਰੀ ਬੋਘ ਸਿੰਘ ਨੂੰ ਚੌਥੀ ਕਲਾਸ ਵਿੱਚ ਚਾਰ ਰੁਪੈ ਪ੍ਰਤੀ ਮਹੀਨਾ ਸਕਾਲਰਸ਼ਿਪ ਦਿੱਤੀ ਜਾਂਦੀ ਸੀ। ਪ੍ਰਾਇਮਰੀ ਤੱਕ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਉੱਚ ਵਿੱਦਿਆ ਹਾਸਲ ਕਰਨ ਲਈ ਅੰਗਰੇਜ਼ ਹਕੂਮਤ ਦੇ ਐਗਲੋ ਵਰਨੋਕਨਰ ਮਿਡਲ ਸਕੂਲ ਬੁਢਲਾਡਾ ਵਿਖੇ ਦਾਖਲ ਹੋਏ। ਉਨ੍ਹਾਂ ਸਮਿਆਂ ਦੌਰਾਨ ਪਿੰਡ ਦਾਤੇਵਾਸ ਤੋਂ ਬੁਢਲਾਡਾ ਤੱਕ ਪੈਦਲ ਚੱਲ ਕੇ ਪੜ੍ਹਨ ਲਈ ਆਉਂਦੇ ਸਨ। ਮਿਡਲ ਤੱਕ ਦੀ ਪੜ੍ਹਾਈ ਬੁਢਲਾਡਾ ਵਿਖੇ ਕਰਨ ਤੋਂ ਬਾਅਦ ਨੌਵੀਂ ਤੇ ਦਸਵੀਂ ਤੱਕ ਦੀ ਪੜ੍ਹਾਈ ਕਰਨ ਲਈ ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਵਿਖੇ ਚਲੇ ਗਏ। 15 ਜੂਨ 1944 ਨੂੰ ਸਿੱਖ ਰੈਜ਼ੀਡੈਂਟ ਦੇ ਸੂਬੇਦਾਰ ਕਮਾਂਡਰ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਨਰੋਤਮ ਸਿੰਘ ਪਿੰਡ ਵਿਖੇ ਫੌਜੀ ਨੰਦ ਵਿਕਟੋਰੀਆ ਨੂੰ ਬਹਾਦਰੀ ਕੌਮੀ ਪੁਰਸਕਾਰ ਨਾਲ ਸਨਮਾਨਿਤ ਕਰਨ ਲਈ ਆਏ ਸਨ। ਉਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਪਿੰਡ ਦਾਤੇਵਾਸ ਦੇ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ। ਗੁਰ-ਦੁਆਰਾ ਸਾਹਿਬ ਵਿਖੇ ਉਨ੍ਹਾਂ ਦੀ ਸਾਂਭ -ਸੰਭਾਲ। ਤੇ ਰੋਟੀ - ਪਾਣੀ ਦੀ ਸੇਵਾ ਸ੍ਰੀ ਬੋਘ ਸਿੰਘ ਦੇ ਪਿਤਾ ਸ੍ਰੀ ਜਿਊਣ ਸਿੰਘ ਨੇ ਕੀਤੀ। ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਨਰੋਤਮ ਸਿੰਘ ਨੇ ਜਿਊਣ ਸਿੰਘ ਵੱਲੋਂ ਕੀਤੀ ਸੇਵਾ ਸੰਭਾਲ ਤੋਂ ਖੁਸ਼ ਹੁੰਦਿਆਂ। ਉਨ੍ਹਾਂ ਦੇ ਪੁੱਤਰ ਸ੍ਰੀ ਬੋਘ ਸਿੰਘ ਨੂੰ ਸਿੱਖ ਰੈਜ਼ੀਡੈਂਟ ਵਿੱਚ ਭਰਤੀ ਕਰ ਲਿਆ। ਸੂਬੇਦਾਰ ਕਮਾਂਡਰ ਵੱਲੋਂ ਸ੍ਰੀ ਬੋਘ ਸਿੰਘ ਨੂੰ ਸਿੱਖ ਰੈਜ਼ੀਡੈਂਟ ਵਿੱਚ ਭਰਤੀ ਕਰਕੇ ਟ੍ਰੇਨਿੰਗ ਲਈ ਪਿਸ਼ਾਵਰ ਦੇ ਟ੍ਰੇਨਿੰਗ ਸੈਂਟਰ ਨੌਸ਼ਿਹਰਾ ਪੰਨੂਆਂ ਵਿਖੇ ਭੇਜਿਆ ਗਿਆ। ਸ੍ਰੀ ਬੋਘ ਸਿੰਘ ਨੇ ਟ੍ਰੇਨਿੰਗ ਸੈਂਟਰ ਵਿਖੇ ਇੱਕ ਸਾਲ ਦੀ ਟ੍ਰੇਨਿੰਗ ਕਰਦਿਆਂ ਇੱਕ ਲਿਖਤੀ ਟੈਸਟ ਪਾਸ ਕਰਨ ਉਪਰੰਤ ਸਿੱਖ ਰੈਜ਼ੀਡੈਂਟ ਦੇ ਮਿਲਟਰੀ ਸੈਂਟਰ ਵਿਖੇ ਕਲਰਕ ਦੀਆਂ ਸੇਵਾਵਾਂ ਨਿਭਾਉਣ ਲੱਗੇ। 15 ਜੂਨ 1944 ਨੂੰ ਸਿੱਖ ਰੈਜ਼ੀਡੈਂਟ ਮਿਲਟਰੀ ਸੈਂਟਰ ਚ ਭਰਤੀ ਹੋ ਕੇ ਤਨ ਮਨ ਧਨ ਨਾਲ ਸੇਵਾਵਾਂ ਨਿਭਾਉਣ ਤੋਂ ਬਾਅਦ 2 ਜੁਲਾਈ 1959 ਨੂੰ ਪੰਦਰਾਂ ਸਾਲ ਬਾਅਦ ਸਿੱਖ ਰੈਜ਼ੀਡੈਂਟ ਮਿਲਟਰੀ ਸੇਵਾ ਕਰਦਿਆਂ ਸੇਵਾ ਮੁਕਤ ਹੋਏ। ਸ੍ਰੀ ਬੋਘ ਸਿੰਘ ਦੇ ਮਿਲਟਰੀ ਵਿੱਚ ਭਰਤੀ ਹੋਣ ਤੋਂ ਤਿੰਨ ਸਾਲ ਬਾਅਦ 17 ਜਨਵਰੀ 1947 ਨੂੰ ਜ਼ਿਲ੍ਹਾ ਮਾਨਸਾ ਦੇ ਇੱਕ ਨਾਮਵਰ ਪਿੰਡ ਮੂਸਾ ਦੀ ਜੰਮਪਲ ਸ੍ਰੀਮਤੀ ਤੇਜ਼ ਕੌਰ ਨਾਲ ਹੋਇਆ। 1960 ਦੌਰਾਨ ਸ੍ਰੀ ਬੋਘ ਸਿੰਘ ਸਿਰ ਦੀ ਬੀਮਾਰੀ ਤੋਂ ਪੀੜ੍ਹਤ ਹੋਣ ਕਾਰਨ ਬੁਢਲਾਡਾ ਵਿਖੇ ਡਾਕਟਰ ਅਹੂਜਾ ਦੇ ਹੱਸਪਤਾਲ ਵਿੱਚ ਜੇਰੇ ਇਲਾਜ਼ ਸਨ। ਇਸੇ ਵਰ੍ਹੇ ਹੀ ਪੰਜਾਬ ਸਰਕਾਰ ਵੱਲੋਂ ਲੋਕਤੰਤਰ ਦੀ ਮੁੱਢਲੀ ਇਕਾਈ ਗ੍ਰਾਮ ਪੰਚਾਇਤ ਚੋਣਾਂ ਦਾ ਐਲਾਨ ਹੋਇਆ।

ਪੰਜਾਬ ਦੇ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਬਨਾਉਣ ਲਈ ਸਰਗਰਮੀਆਂ ਵਧਣ ਲੱਗੀਆਂ। ਜ਼ਿਲ੍ਹਾ ਹਿਸਾਰ ਦੇ ਪਿੰਡ ਦਾਤੇਵਾਸ ਦੀ ਸੱਥ ਵਿੱਚ ਇਕੱਤਰ ਹੋਏ ਪਿੰਡ ਵਾਸੀਆਂ ਨੇ ਜਿਊਣ ਸਿੰਘ ਦੇ ਮਿਲਟਰੀ ਵਿੱਚੋਂ ਰਿਟਾਇਰ ਹੋਏ ਫ਼ੌਜੀ ਪੁੱਤਰ ਸ਼੍ਰੀ ਬੋਘ ਸਿੰਘ ਨੂੰ ਸਰਬ ਸੰਮਤੀ ਨਾਲ ਪਿੰਡ ਦਾਤੇਵਾਸ ਦਾ ਸਰਪੰਚ ਬਨਾਉਣ ਲਈ ਨਾਮ ਪੇਸ਼ ਕੀਤਾ ਗਿਆ। ਸੱਥ ਵਿੱਚ ਇਕੱਠੇ ਹੋਏ ਸਾਰੇ ਪਿੰਡ ਵਾਸੀਆਂ ਨੇ ਆਪੋ ਆਪਣੇ ਹੱਥ ਖੜ੍ਹੇ ਕਰਕੇ ਸ੍ਰੀ ਬੋਘ ਸਿੰਘ ਨੂੰ ਸਰਪੰਚ ਬਣਾਉਣ ਲਈ ਸਹਿਮਤੀ ਪ੍ਰਗਟਾਈ ਗਈ। ਵਰਨਣਯੋਗ ਹੈ ਕਿ ਪਿੰਡ ਵਿੱਚ ਰੱਖੇ ਇਕੱਠ ਵਾਲੇ ਦਿਨ ਸ੍ਰੀ ਬੋਘ ਸਿੰਘ ਬੁਢਲਾਡਾ ਵਿਖੇ ਡਾਕਟਰ ਅਹੂਜਾ ਦੇ ਹਸਪਤਾਲ ਦਾਖਲ ਸਨ। ਸ੍ਰੀ ਬੋਘ ਸਿੰਘ ਨੇ ਦੱਸਿਆ ਹੈ ਕਿ 1960 ਤੋਂ ਲੈਕੇ 1965 ਤੱਕ ਸਰਪੰਚ ਹੁੰਦਿਆਂ ਪਿੰਡ ਦੀਆਂ ਦੁਕਾਨਾਂ ਤੇ ਸਿਗਰਟ, ਬੀੜੀ, ਪਾਨ ਤੇ ਜ਼ਰਦਾ ਆਦਿ ਨਸ਼ੀਲੀਆਂ ਵਸਤਾਂ ਵੇਚਣ ਤੇ ਪਾਬੰਦੀ ਲਗਾਈ ਗਈ। ਪੰਜ ਸਾਲ ਪਿੰਡ ਵਿੱਚ



ਸ਼ਰਾਬ ਦਾ ਠੇਕਾ ਨਹੀਂ ਚੱਲਣ ਦਿੱਤਾ। ਥਾਣਾ ਸਦਰ ਬੁਢਲਾਡਾ ਵਿਖੇ ਪੰਜ ਸਾਲ ਪਿੰਡ ਦਾਤੇਵਾਸ ਦੀ ਕੋਈ ਵੀ ਐਫ਼ ਆਈ ਆਰ. ਦਰਜ ਨਹੀਂ ਹੋਣ ਦਿੱਤੀ।

1960 ਦੌਰਾਨ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਚੋਣ ਦੌਰਾਨ ਵੀ ਸ੍ਰੀ ਬੋਘ ਸਿੰਘ ਦਾਤੇਵਾਸ ਨੂੰ ਸਰਬ ਸੰਮਤੀ ਨਾਲ ਬਲਾਕ ਸੰਮਤੀ ਬੁਢਲਾਡਾ ਤੇ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੇ ਮੈਂਬਰ ਬਣੇ। 1961 ਦੌਰਾਨ ਸ੍ਰੀ ਬੋਘ ਸਿੰਘ ਦਾਤੇਵਾਸ ਜ਼ਿਲ੍ਹਾ ਸੈਨਿਕ ਬੋਰਡ ਬਠਿੰਡਾ ਦੇ ਮੈਂਬਰ ਅਤੇ ਪੰਜਾਬ ਰਾਜ ਸੈਨਿਕ ਬੋਰਡ ਦੇ ਸਲਾਹਕਾਰ ਨਿਯੁਕਤ ਕੀਤਾ ਗਿਆ। 1962 ਤੋਂ 1966 ਤੱਕ ਜ਼ਿਲ੍ਹਾ ਐਕਸ ਸਰਵਿਸਮੈਨ ਐਸੋਸੀਏਸ਼ਨ ਬਠਿੰਡਾ ਦੇ ਪ੍ਰਧਾਨ ਅਤੇ 21 ਮੈਂਬਰੀ ਆਲ ਇੰਡੀਆ ਐਕਸ ਸਰਵਿਸਿਜ਼ ਦੇ ਕੌਂਸਲਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ। 1972 ਤੋਂ 1977 ਤੱਕ ਪੰਜਾਬ ਵਿੱਚ ਕਾਂਗਰਸ ਦੀ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠ ਸਰਕਾਰ ਬਣੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾਈ ਪ੍ਰਧਾਨ ਦਰਬਾਰਾ ਸਿੰਘ ਸਨ। ਉਨ੍ਹਾਂ ਵੱਲੋਂ ਸ੍ਰੀ ਬੋਘ ਸਿੰਘ ਦਾਤੇਵਾਸ ਨੂੰ ਕਾਂਗਰਸ ਦੇ ਜ਼ਿਲ੍ਹਾ ਜਰਨਲ ਸਕੱਤਰ ਬਣਾਇਆ ਗਿਆ। 1980 ਦੌਰਾਨ ਪੰਜਾਬ ਵਿੱਚ ਕਾਂਗਰਸ ਦੀ ਅਗਵਾਈ ਹੇਠ ਦਰਬਾਰਾ ਸਿੰਘ ਮੁੱਖ ਮੰਤਰੀ ਬਣੇ। ਉਨ੍ਹਾਂ ਨੇ ਸ੍ਰੀ ਬੋਘ ਸਿੰਘ ਦਾਤੇਵਾਸ ਨੂੰ ਮਾਰਕੀਟ ਕਮੇਟੀ ਬੁਢਲਾਡਾ ਦੇ ਚੇਅਰਮੈਨ ਬਣਾਇਆ ਗਿਆ। 1985 ਦੌਰਾਨ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਇਆ। ਇੰਨਾ ਚੋਣਾਂ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੀ ਚੋਣ ਸਕਰੀਨਿੰਗ ਕਮੇਟੀ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਇੱਕ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਹਲਕਾ ਬੁਢਲਾਡਾ ਤੋਂ ਸ੍ਰੀ ਬੋਘ ਸਿੰਘ ਦਾਤੇਵਾਸ ਨੂੰ ਕਾਂਗਰਸ ਦੇ ਉਮੀਦਵਾਰ ਐਲਾਨਿਆ ਗਿਆ। ਭਾਵੇਂ ਚੋਣ ਸਰਗਰਮੀਆਂ ਕਰਨ ਲਈ ਸਮਾਂ ਬਹੁਤ ਘੱਟ ਮਿਲਿਆ। ਪਰ ਫੇਰ ਵੀ ਸ੍ਰੀ ਬੋਘ ਦਾਤੇਵਾਸ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਤੋਂ 723 ਵੋਟਾਂ ਦੇ ਫਰਕ ਨਾਲ ਰਹਿ ਗਏ ਸਨ। 1990 ਦੌਰਾਨ ਪੰਜਾਬ ਵਿੱਚ ਵੱਖਵਾਦੀ, ਅੱਤਵਾਦੀ ਤੇ ਫਿਰਕਾਪ੍ਰਸਤੀ ਦਾ ਬੋਲਬਾਲਾ ਸੀ। ਪਿੰਡਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਸੀ। ਸ੍ਰੀ ਬੋਘ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਿਨਾਂ ਦੌਰਾਨ ਅੱਧੀ ਰਾਤ ਨੂੰ ਕਿਸੇ ਨੇ ਬੂਹਾ ਖੜਕਾਇਆ। ਜਦ ਬੂਹਾ ਖੋਲਿਆ ਤਾਂ ਚਾਰ ਸਿੰਘ ਅੰਦਰ ਆਏ। ਉਨ੍ਹਾਂ ਕਿਹਾ

**(ਬਾਕੀ ਅਗਲੇ ਸਫੇ 'ਤੇ)**

# ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ : ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਵਿਰਾਸਤੀ ਗਲਵਕੜੀ



ਉਜਾਗਰ ਸਿੰਘ
91-94178 13072

ਸਾਹਿਤ, ਸੰਗੀਤ ਤੇ ਸਲੀਕਾ ਰੂਹ ਦੀ ਖ਼ੁਰਾਕ ਹੁੰਦੇ ਹਨ। ਇਸ ਰੂਹ ਦੀ ਖ਼ੁਰਾਕ ਦਾ ਮਾਧਿਅਮ ਬੋਲੀ ਹੁੰਦੀ ਹੈ। ਕਿਸੇ ਦੀ ਦੇਸ਼ ਦਾ ਸਭਿਆਚਾਰ ਉਸ ਦੇਸ਼ ਦੀ ਖ਼ੁਸ਼ਹਾਲੀ ਤੇ ਸੁੰਦਰਤਾ ਦਾ ਪ੍ਰਤੀਕ ਹੁੰਦਾ ਹੈ। ਸਭਿਆਚਾਰ ਵਿੱਚ ਭਾਵੇਂ ਖਾਣ ਪੀਣ, ਰਹਿਣ ਸਹਿਣ, ਪਹਿਰਾਵਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੁੰਦਾ ਹੈ ਪ੍ਰੰਤੂ ਸਾਹਿਤ ਤੇ ਸੰਗੀਤ ਇਸਦੇ ਬਹੁਤ ਹੀ ਮਹੱਤਵਪੂਰਨ ਅੰਗ ਹੁੰਦੇ ਹਨ, ਜਿਹੜੇ ਮਨੁੱਖ ਦੀ ਮਾਨਸਿਕ ਤ੍ਰਿਪਤੀ ਕਰਦੇ ਹਨ। ਜਿਹੜਾ ਮਨੁੱਖ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇਗਾ ਉਸਦਾ ਵਿਵਹਾਰ, ਰਹਿਣ ਸਹਿਣ ਅਤੇ ਮੇਲ ਮਿਲਾਪ ਸਮਾਜ ਵਿੱਚ ਸਦਭਾਵਨਾ ਪੈਦਾ ਕਰੇਗਾ। ਇਸ ਸਦਭਾਵਨਾ ਦੀ ਮੂੰਹ ਬੋਲਦੀ ਤਸਵੀਰ ਤਿੰਨ ਰੋਜ਼ਾ 18 ਜਨਵਰੀ 2025 ਤੋਂ 21 ਜਨਵਰੀ 2025 ਤੱਕ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ 'ਪਾਕਿ ਹੈਰੀਟਾਈਜ ਡੈਵਿਸ ਹੋਟਲ' ਵਿੱਚ ਆਯੋਜਤ ਵਿਸ਼ਵ ਪੰਜਾਬੀ ਕਾਨਫ਼ਰੰਸ ਵੇਖਣ ਨੂੰ ਮਿਲਦੀ ਰਹੀ। ਇਹ ਕਾਨਫ਼ਰੰਸ ਪੰਜਾਬੀ ਸਭਿਆਚਾਰ ਦੀ ਵਿਲੱਖਣ ਤਸਵੀਰ ਪੇਸ਼ ਕਰਦੀ ਹੋਈ ਆਪਸੀ, ਪਿਆਰ, ਸਤਿਕਾਰ, ਸਲੀਕਾ ਅਤੇ ਮਿਲਵਰਤਨ ਦਾ ਪ੍ਰਤੀਕ ਬਣਕੇ ਅਤੇ ਵਿਦਵਤਾ ਦੇ ਮੁਜੱਸਮੇ ਅਦੀਬ ਆਪਣੇ ਦਿਲ ਦੀਆਂ ਕੁੰਦਰਾਂ ਵਿੱਚੋਂ ਖ਼ੁੱਸੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਆਨੰਦਿਤ ਹੋ ਰਹੇ ਸਨ। ਪੰਜਾਬ ਤੇ ਪੰਜਾਬੀਅਤ ਦਾ ਝੰਡਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਨੇ ਬੁਲੰਦ ਕੀਤਾ। ਇਸ ਕਾਨਫ਼ਰੰਸ ਵਿੱਚ ਪੰਜਾਬੀ ਭਾਸ਼ਾ ਦੀ ਸ਼ੁਰੂਆਤ ਕਰਕੇ ਇਸਨੂੰ ਅਮੀਰ ਕਰਨ ਵਾਲੇ ਸੂਫ਼ੀਇਜ਼ਮ ਸਾਹਿਤ ਦੇ ਧੁਰੰਦਰ ਵਿਦਵਾਨਾ ਦੀ ਸਾਹਿਤਕ ਦੇਣ ਨੂੰ ਸਲਾਮ ਕਰਦਿਆਂ ਸੰਜੀਦਾ ਪਰਿਚਰਚਾ ਕੀਤੀ ਗਈ। ਸੁਖਦੇਵ ਸਿੰਘ ਸਿਰਸਾ ਅਤੇ ਡਾ।ਸੁਜਿੰਦਰ ਸਿੰਘ ਸੰਘਾ ਨੇ ਸੂਫ਼ੀਇਜ਼ਮ ਤੇ ਖੋਜੀ ਪਰਚੇ ਪੜ੍ਹੇ ਜਿਨ੍ਹਾਂ ਤੇ ਭਰਪੂਰ ਚਰਚਾ ਹੋਈ। 34ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਭਾਰਤ ਤੋਂ 65 ਸੰਗੀਤ, ਸਾਹਿਤ ਤੇ ਕਲਾ ਪ੍ਰੇਮੀਆਂ ਦਾ ਕਾਫ਼ਲਾ ਹੁੰਮ-ਹੁੰਮਾ ਤੇ ਗੱਜ ਵਜਾਕੇ ਪਹੁੰਚਿਆ ਸੀ, ਜਿਵੇਂ ਉਹ ਨਾਨਕ ਛੱਕ ਤੇ ਗਏ ਹੋਏ ਗਦ-ਗਦ ਹੋ ਰਹੇ ਹੋਣ। ਦੂਜੇ ਪਾਸੇ ਵੀ ਆਪਣੇ ਪੇਕਿਆਂ ਦੇ ਮੇਲ ਨੂੰ ਦਿਲ ਦੇ ਢੋਲਕੀ ਛੈਣਿਆਂ ਨਾਲ ਤੇਲ 'ਚੋ ਕੇ ਸੁਆਗਤ ਕੀਤਾ ਗਿਆ। ਦੋਹਾਂ ਪਾਸਿਆਂ ਦੇ ਅਦੀਬਾਂ ਨੂੰ ਚਾਅ ਚੜ੍ਹਿਆ ਪਿਆ ਸੀ, ਜਿਵੇਂ ਨਜ਼ਦੀਕੀ ਸੰਬੰਧੀ ਦੇ ਵਿਆਹ ਦਾ ਕੀਤੀ ਹੋਈ ਹੈ।

ਇਸ ਮੌਕੇ 'ਤੇ ਫ਼ਖ਼ਰ ਜ਼ਮਾਨ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਦੁੱਖ ਦੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਨੂੰ ਬਿਗਾਨਿਆਂ ਨਾਲੋਂ ਆਪਣਿਆਂ ਤੋਂ ਵਧੇਰੇ ਖ਼ਤਰਾ ਹੈ। ਡਾ।ਦੀਪਕ ਮਨਮੋਹਨ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਲਾਹੌਰ ਨੇ ਪੰਜਾਬੀ ਬੋਲੀ, ਤਹਿਜ਼ੀਬ ਤੇ ਭਾਸ਼ਾ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਪ੍ਰੋ।ਗੁਰਭਜਨ ਸਿੰਘ ਗਿੱਲ ਨੇ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਸ਼ੁਰੂਆਤ ਤੋਂ ਲੈ ਕੇ ਇਸ ਦੀ ਸਫਲਤਾ ਲਈ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਨੂੰ ਯਾਦ ਕੀਤਾ। ਆਮ ਤੌਰ 'ਤੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ 'ਤੇ ਕਿੰਤੂ-ਪ੍ਰੰਤੂ ਕੀਤੇ ਜਾਂਦੇ ਰਹੇ ਹਨ ਕਿ ਉਨ੍ਹਾਂ ਵਿੱਚ ਵਿਦੇਸ਼ਾਂ ਵਿੱਚ ਸੈਰ ਕਰਨ ਦੇ ਬਹਾਨੇ ਲੋਕ ਜਾਂਦੇ ਹਨ ਅਤੇ ਉਨ੍ਹਾਂ ਦਾ ਪੰਜਾਬੀ ਸਾਹਿਤ ਤੇ ਸੰਗੀਤ ਨਾਲ ਕੋਈ ਵਾਸਤਾ ਨਹੀਂ ਹੁੰਦਾ ਪ੍ਰੰਤੂ ਲਾਹੌਰ ਵਾਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਚੋਟੀ ਦੇ ਸਾਹਿਤਕਾਰ, ਸੰਗੀਤਕਾਰ, ਗਾਇਕ, ਅਦਾਕਾਰ ਅਤੇ ਪੱਤਰਕਾਰ ਸ਼ਾਮਲ ਹੋਏ, ਜਿਹੜੇ ਜਾਣੇ ਪਛਾਣੇ ਵਿਅਕਤੀ ਹਨ। ਇਸ ਕਾਨਫ਼ਰੰਸ ਦੀ ਸਫਲਤਾ ਅਜਿਹੀਆਂ ਸਰਗਰਮੀਆਂ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਦੇ ਹੋਣ ਨਾਲ ਦੋਹਾਂ ਦੇਸ਼ਾਂ ਵਿੱਚ ਸਦਭਾਵਨਾ ਵੱਧਦੀ ਹੈ, ਜਿਸਦੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਲੋਕਾਂ ਦੀਆਂ ਆਂਦਰਾਂ ਜੁੜੀਆਂ ਹੋਈਆਂ ਹਨ। ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ ਵਿੱਚ ਇੱਕ ਹੋਰ ਖ਼ੁਸ਼ਨੁਮਾ ਫ਼ੈਸਲਾ ਕੀਤਾ ਗਿਆ, ਜਿਸ ਅਨੁਸਾਰ ਪੰਜਾਬੀ ਭਾਸ਼ਾ





ਸਾਹਮਣੇ ਆਈ ਹੈ। ਇੱਕ ਕਿਸਮ ਨਾਲ ਦੋ ਦੇਸ਼ਾਂ ਦੇ ਰਾਜਦੂਤਾਂ ਦੀ ਕਾਨਫਰੰਸ ਬਣ ਗਈ ਸੀ। ਇਸ ਕਾਨਫ਼ਰੰਸ ਤੋਂ ਇਉਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਜੁਗਾਂ ਤੋਂ ਵਿਛੜੇ ਵਿਰਾਸਤੀ ਪਰਿਵਾਰ ਮੁੜ ਆਪਣੀ ਵਿਰਾਸਤ ਨਾਲ ਇੱਕਮਿਕ ਹੋ ਕੇ ਗਲਵਕੜੀ ਪਾ ਰਹੇ ਹੋਣ। ਇਹ ਵੀ ਲੱਗ ਰਿਹਾ ਸੀ ਜਿਵੇਂ ਪੰਜਾਬ ਦੇ ਵਿਰਾਸਤੀ ਪਿੰਡ ਵਿੱਚ ਮੇਲਾ ਲੱਗਿਆ ਹੋਵੇ, ਜਿਸ ਵਿੱਚ ਸੰਗੀਤ ਦੀ ਛਹਿਬਰਾਂ ਲੱਗੀਆਂ ਹੋਣ ਜੋ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਦੀ ਤਰਜਮਾਨੀ ਕਰਦੀਆਂ ਸਨ। ਪ੍ਰੇਮ ਪਿਆਰ ਦੇ ਵਹਿਣ ਵਿੱਚ ਵਹਿੰਦਿਆਂ ਪੰਜਾਬੀ ਦੇ ਪ੍ਰੇਮੀ ਸਭਿਆਚਾਰ ਦੀ ਵਿਰਾਸਤ ਵਿੱਚ ਡੁਬਕੀਆਂ ਲਾਉਣ ਲੱਗ ਗਏ।

ਦੋਹਾਂ ਪੰਜਾਬਾਂ ਦੇ ਫ਼ਨਕਾਰਾਂ ਨੇ ਸਾਂਝੀਵਾਲਤਾ ਦੇ ਗੀਤਾਂ ਨਾਲ ਐਸਾ ਰੰਗ ਬੰਨ੍ਹਿਆਂ ਕਿ ਦਰਸ਼ਕ ਸਰਸ਼ਾਰ ਹੋ ਕੇ ਭਾਵਕਤਾ ਦੇ ਵਹਿਣ ਵਿੱਚ ਵਹਿ ਗਏ। ਹਰਵਿੰਦਰ ਦਾ ਗੀਤ ਜਾਰੀ ਕੀਤਾ ਗਿਆ। ਪੰਮੀ ਬਾਈ ਅਤੇ ਆਰਿਫ਼ ਲੋਹਾਰ ਦੀ ਜੁਗਲਬੰਦੀ ਨੇ ਪੁਰਾਤਨ ਵਿਰਾਸਤ ਨੂੰ ਯਾਦ ਕਰਵਾ ਦਿੱਤਾ। ਸੁਖੀ ਬਰਾੜ, ਡੌਲੀ ਗੁਲੇਰੀਆ, ਪੰਮੀ ਬਾਈ, ਸਤਨਾਮ ਪੰਜਾਬੀ, ਆਰਿਫ਼ ਲੋਹਾਰ, ਅਕਰਮ ਰਾਹੀ, ਇਮਰਾਨ ਸ਼ੌਕਤ ਅਲੀ, ਖਤੀਜਾ, ਅਸਲਮ ਬਾਹੂ ਵੀਰ ਸਿਪਾਹੀ ਦੇ ਗੀਤਾਂ ਨੂੰ ਸੁਣਕੇ ਪੰਜਾਬੀਆਂ ਦੇ ਚਿਹਰੇ ਟਹਿਕਣ ਲੱਗ ਪਏ। ਬਾਬਾ ਨਜਮੀ ਨੇ 'ਇਕਬਾਲ ਪੰਜਾਬੀ ਦਾ' ਗਾ ਕੇ ਅਤੇ ਇਲਿਅਸ ਘੁੰਮਣ ਨੇ ਸੰਵੇਦਨਸ਼ੀਲ ਤਕਰੀਰ ਕਰਕੇ ਜੋਸ਼ ਭਰ ਦਿੱਤਾ।

ਤ੍ਰੈਲੋਚਨ ਲੋਚੀ ਨੇ ਬਹੁਤ ਹੀ ਭਾਵਪੂਰਤ ਢੰਗ ਨਾਲ 'ਜ਼ਾਲਮ ਕਹਿਣ ਬਲਾਵਾਂ ਹੁੰਦੀਆਂ, ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ' ਨਾਲ ਮਾਹੌਲ ਭਾਵਕ ਕਰ ਦਿੱਤਾ। ਇਸ ਭਾਈਚਾਰਕ ਸਾਂਝ ਵਿੱਚ ਸਾਹਿਤ, ਕਲਾ, ਸੰਗੀਤ, ਪੱਤਰਕਾਰੀ, ਅਦਾਕਾਰੀ ਆਨੰਦ ਮਾਣ ਰਹੇ ਹੋਣ। ਚੜ੍ਹਦੇ ਪੰਜਾਬ ਦੇ ਜਥੇ ਦੀ ਅਗਵਾਈ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ, ਭਾਰਤੀ ਚੈਪਟਰ ਦੇ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਅਤੇ ਉਘੇ ਕਵੀ ਅਤੇ ਪੰਜਾਬੀ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ।ਗੁਰਭਜਨ ਸਿੰਘ ਗਿੱਲ ਕਰ ਰਹੇ ਸਨ। ਪ੍ਰੇਮੀਆਂ ਦਾ ਇਹ ਕਾਫ਼ਲਾ ਪਾਕਿਸਤਾਨ ਦੇ ਸਾਬਕਾ ਵਜ਼ੀਰ ਫ਼ਖ਼ਰ ਜ਼ਮਾਨ ਦੇ ਸੱਦੇ 'ਤੇ ਲਾਹੌਰ ਪਹੁੰਚਿਆ ਸੀ। ਅਨੀਤਾ ਸ਼ਬਦੀਸ਼ ਨੇ ਬਹੁਤ ਹੀ ਭਾਵਪੂਰਤ ਨਾਟਕ 'ਗੁੰਮਸ਼ੁਦਾ ਔਰਤ' ਜੋ ਔਰਤਾਂ ਦੇ ਸ਼ਸ਼ਤੀਕਰਨ ਦਾ ਸੰਦੇਸ਼ ਦਿੰਦਾ ਸੀ, ਖੇਡਿਆ ਗਿਆ, ਜਿਸਨੇ ਦੋਵਾਂ ਦੇਸ਼ਾਂ ਦੇ ਪੰਜਾਬੀ ਪ੍ਰੇਮੀਆਂ ਦੀਆਂ ਅੱਖਾਂ ਵਿੱਚ ਪਿਆਰ ਦੇ ਹੰਝੂ ਵਹਿਣ ਲਾ ਦਿੱਤੇ। ਲਾਹੌਰ ਸ਼ਹਿਰ ਵਿੱਚ ਰੌਣਕਾਂ ਲੱਗ ਗਈਆਂ। ਇਸੇ ਕਰਕੇ ਕਹਿੰਦੇ ਹਨ, ਜਿਸਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆਂ ਹੀ ਨਹੀਂ।

ਲਾਹੌਰ ਵਿੱਚੋਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਦੇ ਪਿਆਰ ਦੀ ਖ਼ੁਸ਼ਬੋ ਆ ਰਹੀ ਸੀ। ਦਿਨ ਭਰ ਸੂਫ਼ੀਇਜ਼ਮ ਵਰਗੇ ਬਹੁਤ ਹੀ ਗੰਭੀਰ ਵਿਸ਼ਿਆਂ 'ਤੇ ਵਿਚਾਰ ਵਟਾਂਦਰੇ ਹੁੰਦੇ ਤੇ ਹਰ ਰੋਜ਼ ਸ਼ਾਮ ਨੂੰ ਇੱਕ ਨਹੀਂ ਸਗੋਂ ਵੱਖੋ-ਵੱਖਰੀਆਂ ਮਹਿਫ਼ਲਾਂ ਸਜਦੀਆਂ, ਜਿਨ੍ਹਾਂ ਵਿੱਚ ਸੰਗੀਤਕ ਤੇ ਸਾਹਿਤਕ ਰੂਹਾਂ ਆਪਣੇ ਕਲਾਮ ਪੇਸ਼ ਕਰਦੀਆਂ। ਫ਼ਖ਼ਰ ਤੇ ਮਾਣ ਵਾਲੀ ਗੱਲ ਹੈ ਕਿ ਪਾਕਿਸਤਾਨ ਵਿੱਚ ਪੰਜਾਬੀ ਜ਼ਬਾਨ ਦਾ ਪਰਚਮ ਲਹਿਰਾ ਰਿਹਾ ਹੈ। ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬੀ ਜ਼ੁਬਾਨ ਆਪਣੀ ਮਾਂ ਦੀ ਤਰ੍ਹਾਂ ਸਾਂਭ ਕੇ ਰੱਖਣਗੇ ਤੇ ਘਰਾਂ ਵਿੱਚ ਪੰਜਾਬੀ ਬੋਲੀ ਜਾਵੇਗੀ। ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਲਹਿੰਦੇ ਪੰਜਾਬ ਵਿੱਚ ਯੂਨੀਵਰਸਿਟੀ ਸਥਾਪਤ ਨੇ ਝੰਡੇ ਗੱਡ ਦਿੱਤੇ ਹਨ। ਭਾਰਤ ਤੋਂ ਸ਼ਾਮਲ ਹੋਏ ਵਿਦਵਾਨਾਂ ਵਿੱਚ ਜੰਗ ਬਹਾਦਰ ਗੋਇਲ, ਸੁਖਦੇਵ ਸਿੰਘ ਸਿਰਸਾ, ਦਰਸ਼ਨ ਸਿੰਘ ਬੁੱਟਰ, ਗੁਰਪ੍ਰੀਤ ਸਿੰਘ ਤੂਰ, ਕਾਹਨ ਸਿੰਘ ਪੰਨੂੰ, ਸੁਨੀਤਾ ਧੀਰ, ਬਲਕਾਰ ਸਿੱਧੂ, ਪੰਮੀ ਬਾਈ, ਖਾਲਿਦ ਹੁਸੈਨ, ਅਨੀਤਾ ਸ਼ਬਦੀਸ਼ ਆਦਿ। ਪੱਤਰਕਾਰਾਂ ਵਿੱਚ ਨਵਦੀਪ ਸਿੰਘ ਗਿੱਲ ਅਤੇ ਜਗਤਾਰ ਸਿੰਘ ਭੁਲਰ। ਇਸ ਮੌਕੇ 'ਤੇ ਲਹਿੰਦੇ ਪੰਜਾਬ ਦੇ ਅਬਦੁਲ ਕਦੀਮ, ਡਾ।ਕੁਦਸੀ, ਬੁਸ਼ਰਾ ਏਜਾਜ, ਬਾਬਾ ਨਜਮੀ, ਬਾਬਾ ਗੁਲਾਮ ਹੁਸੈਨ ਹੈਦਰ, ਰਾਜਾ ਸਾਦਿਕ ਉਲਾ ਖ਼ਾਨ, ਖਾਲਿਦ ਏਜਾਜ਼ ਮੁਫ਼ਤੀ, ਸ਼ਾਇਦਾ ਬਾਨੋ ਅਤੇ ਪੱਤਰਕਾਰਾਂ ਵਿੱਚ ਭੁਲੇਖਾ ਅਖ਼ਬਾਰ ਦੇ ਸੰਪਾਦਕ ਮੁਦੱਸਰ ਇਕਬਾਲ ਬੱਟ, ਪੰਚਮ ਅਖ਼ਬਾਰ ਦੇ ਮੁੱਖ ਸੰਪਾਦਕ ਮਕਸੂਦ ਸਾਕਿਬ ਅਤੇ ਸੁਗਰਾ ਸਦੇਫ਼ ਸ਼ਾਮਲ ਸਨ। ਪੰਜਾਬੀ ਭਾਸ਼ਾ ਦੇ ਬੋਲਬਾਲੇ ਨੇ ਅਗਲੇ ਪੰਜਾਹ ਸਾਲਾਂ ਵਿੱਚ ਪੰਜਾਬੀ ਖ਼ਤਮ ਹੋਣ ਦੀਆਂ ਅਫ਼ਵਾਹਾਂ ਨੂੰ ਝੁਠਲਾ ਦਿੱਤਾ। ਇਸ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਇਸੇ ਲੜੀ ਸੰਬੰਧੀ 1993 ਵਿੱਚ ਪਟਿਆਲਾ ਵਿਖੇ ਵੇਦ ਪ੍ਰਕਾਸ਼ ਗੁਪਤਾ ਚੇਅਰਮੈਨ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਅਤੇ ਸ੍ਰ।ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਤੌਰ 'ਇੰਡੋ-ਪਾਕਿ ਮੁਸ਼ਾਇਰਾ' ਥਾਪਰ ਇਨਸਟੀਚਿਊਟ ਵਿਖੇ ਆਯੋਜਤ ਕੀਤਾ ਗਿਆ ਸੀ, ਜਿਸ ਵਿੱਚ ਚੋਟੀ ਦੇ ਪਾਕਿਸਤਾਨ ਅਤੇ ਭਾਰਤ ਦੇ ਸ਼ਾਇਰਾਂ ਨੇ ਹਿੱਸਾ ਲਿਆ ਸੀ। ਫਿਰ 2004 ਵਿੱਚ ਪਟਿਆਲਾ ਵਿਖੇ ਹੀ ਇੰਡੋ-ਪਾਕਿ ਖੇਡਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਪੰਜਾਬ ਸਰਕਾਰ ਵੇਲੇ 2004 ਵਿੱਚ ਆਯੋਜਤ ਕੀਤੀਆਂ ਗਈਆਂ ਸਨ। ਪਾਕਿਸਤਾਨ ਤੇ ਭਾਰਤ ਵਿੱਚ ਨੂੰ ਪ੍ਰਫੁਲਤ ਕਰਨ ਲਈ 12 ਨੁਕਾਤੀ ਪ੍ਰੋਗਰਾਮ ਦਾ ਐਲਾਨ ਦੋਹਾਂ ਦੇਸ਼ਾਂ ਲਈ ਕੀਤਾ ਗਿਆ, ਜਿਸ ਵਿੱਚ ਮੁੱਖ ਤੌਰ 'ਤੇ ਪੰਜਾਬੀ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿੱਚ ਪ੍ਰਾਇਮਰੀ ਤੋਂ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਪੜ੍ਹਾਈ ਜਾਵੇ, ਪੰਜਾਬੀ ਨੂੰ ਪੰਜਾਬ ਵਿੱਚ ਸਰਕਾਰੀ ਭਾਸ਼ਾ ਵਜੋਂ ਮਾਣਤਾ ਦਿੱਤੀ ਜਾਵੇ, ਦਸ ਹਜ਼ਾਰ ਅਧਿਆਪਕ ਭਰਤੀ ਕੀਤੇ ਜਾਣ, ਗਲੀਆਂ ਤੇ ਸੜਕਾਂ ਦੇ ਨਾਮ ਪੰਜਾਬੀ ਵਿੱਚ ਲਿਖੇ ਜਾਣ, ਪੰਜਾਬੀ ਦੇ ਅਖ਼ਬਾਰਾਂ ਤੇ ਰਸਾਲਿਆਂ ਨੂੰ ਆਰਥਿਕ ਮਦਦ ਦਿੱਤੀ ਜਾਵੇ ਅਤੇ ਦਫ਼ਤਰਾਂ ਤੇ ਘਰਾਂ ਵਿੱਚ ਪੰਜਾਬੀ ਬੋਲੀ ਜਾਵੇ ਆਦਿ ਸ਼ਾਮਲ ਹਨ।

ਇਸ ਕਾਨਫ਼ਰੰਸ ਵਿੱਚ ਚੜ੍ਹਦੇ ਪੰਜਾਬ ਤੋਂ ਸਤਿਨਾਮ ਮਾਣਕ ਦੀ ਪੁਸਤਕ 'ਬਾਤਾਂ ਵਾਹਗਿ ' ਪਾਰ ਦੀਆਂ (ਸਫ਼ਰਨਾਮਾ )', ਸਰਬਜੀਤ ਜੱਸ ਦੀ ਪੁਸਤਕ 'ਲਸਕੀ ਹੋਈ ਅੱਖ(ਕਵਿਤਾ)', ਗੁਰਭਜਨ ਸਿੰਘ ਗਿੱਲ ਦੀ ਮੇਰੇ ਪੰਜ ਦਰਿਆ (ਗੀਤ) , ਜੰਗ ਬਹਾਦਗ ਗੋਇਲ ਦੀ 'ਸਾਹਿਤ ਸੰਜੀਵਨੀ (ਵਾਰਤਕ)', ਸਹਿਜਪ੍ਰੀਤ ਸਿੰਘ ਮਾਂਗਟ ਦੀ 'ਸਹਿਜ ਮਤੀਆਂ (ਕਵਿਤਾ)', ਤ੍ਰੈਲੋਚਨ ਲੋਚੀ ਦੀ 'ਦਿਲ ਦਰਵਾਜ਼ੇ (ਗ਼ਜ਼ਲਾਂ)', ਨਵਦੀਪ ਸਿੰਘ ਗਿੱਲ ਦੀ 'ਪੰਜ-ਆਬ ਦੇ ਸ਼ਾਹ ਅਸਵਾਰ (ਦੋਹਾਂ ਪੰਜਾਬਾਂ ਦੇ ਖਿਡਾਰੀਆਂ ਦੇ ਰੇਖਾ ਚਿਤਰ)' ਅਤੇ ਹਰਮੀਤ ਵਿਦਿਆਰਥੀ ਦੀ 'ਮੈਂ ਚਸ਼ਮਦੀਦ (ਕਵਿਤਾਵਾਂ)' ਦੀਆਂ ਪੁਸਤਕਾਂ ਦੇ ਸ਼ਾਹਮੁਖੀ ਐਡੀਸ਼ਨ ਲੋਕ ਅਰਪਨ ਕੀਤੇ ਗਏ। ਲਹਿੰਦੇ ਪੰਜਾਬ ਦੀ ਬਿਹਤਰੀਨ ਸ਼ਾਇਰਾ ਬੁਸ਼ਰਾ ਇਜ਼ਾਜ਼ ਦੀ ਪੁਸਤਕ 'ਮੈਂ ਪੂਣੀ ਕੱਤੀ ਰਾਤ ਦੀ (ਕਵਿਤਾ)' ਦਾ ਗੁਰਮੁਖੀ ਐਡੀਸ਼ਨ ਲੋਕ ਅਰਪਨ ਕੀਤਾ ਗਿਆ। ਸ਼ਾਲਾ ਅਜਿਹੀਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਹੁੰਦੀਆਂ ਰਹਿਣ!

*****

## ਪੂਰੀ ਸਦੀ ਨੂੰ ਢੁੱਕਦੈ ਇੱਕ ਸਫਲ ਕਿਸਾਨ ਤੇ ਸਿਆਸਤਦਾਨ ਸ੍ਰੀ ਬੋਘ ਸਿੰਘ ਦਾਤੇਵਾਸ

(ਸਫਾ 20 ਦੀ ਬਾਕੀ)

ਕਿ 'ਬਾਪੂ ਜੀ, ਅਜੋਕੇ ਸਮੇਂ ਦੌਰਾਨ ਪੰਥ ਤੇ ਭੀੜ ਐ! ਸਾਨੂੰ ਤਾਂ ਆਪ ਜੀ ਦੇ ਹਥਿਆਰ ਲੋੜੀਂਦੇ ਨੇ।

ਉਨ੍ਹਾਂ ਨੇ ਛੇ ਗੋਲੀ ਦਾ ਪਸਤੌਲ ਤੇ ਬਾਰਾਂ ਬੋਰ ਰਾਈਫ਼ਲ। ਦੋਵੇਂ ਹਥਿਆਰ ਉਨ੍ਹਾਂ ਨੂੰ ਸੌਂਪ ਦਿੱਤੇ। ਅਗਲੇ ਦਿਨ ਹਥਿਆਰ ਲੈਕੇ ਜਾਣ ਦੀ ਥਾਣਾ ਸਦਰ ਬੁਢਲਾਡਾ ਵਿਖੇ ਵੀ ਇਤਲਾਹ ਦਿੱਤੀ ਗਈ। ਐਸ ਐਸ ਪੀ ਬਠਿੰਡਾ ਵੱਲੋਂ ਸਕਿਊਰਟੀ ਦੇਣ ਲਈ ਕਿਹਾ। ਪਰ ਸ੍ਰੀ ਬੋਘ ਸਿੰਘ ਨੇ ਸਕਿਊਰਟੀ ਲੈਣ ਤੋਂ ਸਾਫ਼ ਇਨਕਾਰ ਕੀਤਾ ਗਿਆ। ਸ੍ਰੀ ਬੋਘ ਸਿੰਘ ਦਾਤੇਵਾਸ ਨੇ ਇਹ ਵੀ ਦੱਸਿਆ ਗਿਆ ਕਿ ਮੈਂ ਲਗਾਤਾਰ 1966 ਤੋਂ ਦੀ ਟ੍ਰਿਬਿਊਨ (ਅੰਗਰੇਜ਼ੀ) ਅਤੇ 1978 ਤੋਂ ਪੰਜਾਬੀ ਟ੍ਰਿਬਿਊਨ ਨਿਰਵਿਘਨ ਪੜ੍ਹਦਾ ਆ ਰਿਹਾ ਹਾਂ। 1992 ਦੌਰਾਨ ਪੰਜਾਬ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਇਆ। ਪੰਜਾਬ ਪ੍ਰਦੇਸ਼ ਕਾਂਗਰਸ ਦੀ ਸਕਰੀਨਿੰਗ ਕਮੇਟੀ ਵੱਲੋਂ ਹਲਕਾ ਬੁਢਲਾਡਾ ਹਲਕੇ ਤੋਂ ਸ੍ਰੀ ਬੋਘ ਸਿੰਘ ਦਾਤੇਵਾਸ ਨੂੰ ਕਾਂਗਰਸ ਦੇ ਉਮੀਦਵਾਰ ਐਲਾਨਿਆ ਗਿਆ। ਪਰ ਉਸ ਸਮੇਂ ਪੰਜਾਬ ਦੇ ਵਿਗੜਦੇ ਹੋਏ ਹਲਾਤਾਂ ਨੂੰ ਵੇਖਦਿਆਂ ਸ੍ਰੀ ਬੋਘ ਸਿੰਘ ਦੇ ਪਰਿਵਾਰ ਵੱਲੋਂ ਚੋਣ ਨਾ ਲੜਨ ਦਾ ਫੈਸਲਾ ਲਿਆ।

ਸ੍ਰੀ ਬੋਘ ਸਿੰਘ ਦਾਤੇਵਾਸ ਦੇ ਪਰਿਵਾਰ ਵਿੱਚ ਸੱਤ ਪੁੱਤਰੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ । ਜਦ ਕਿ ਸਭ ਤੋਂ ਛੋਟੀ ਪੁੱਤਰੀ ਦਸਵੀਂ ਵਿੱਚ ਪੜ੍ਹਦਿਆਂ ਹੀ ਹਾਰਟ ਅਟੈਕ ਨਾਲ ਅਕਾਲ ਚਲਾਣਾ ਕਰ ਗਇਈ ਸੀ। ਉਨ੍ਹਾਂ ਦੀਆਂ ਛੇ ਪੁੱਤਰੀਆਂ ਪੋਸਟ ਗ੍ਰੈਜੂਏਸ਼ਨ ਕਰਨ ਉਪਰੰਤ ਚੰਗੇ ਪੜੇ ਲਿਖੇ ਨੌਕਰੀ ਪੇਸ਼ਾ ਪਰਿਵਾਰਾਂ ਵਿੱਚ ਵਿਆਹੀਆਂ ਹੋਈਆਂ ਹਨ। ਉਨ੍ਹਾਂ ਦਾ ਵੱਡਾ ਪੁੱਤਰ ਜਗਦੀਪ ਸਿੰਘ। ਇੱਕ ਅਗਾਂਹਵਧੂ। ਸਫਲ ਕਿਸਾਨ ਹੈ। ਜੋਂ ਕਿ ਖੇਤੀਬਾੜੀ ਦੇ ਧੰਦੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦਾ ਛੋਟਾ ਪੁੱਤਰ ਰਣਬੀਰ ਸਿੰਘ। ਪੰਜਾਬ ਐਗਰੋ ਵਿਭਾਗ ਵਿੱਚ। ਐਗਰੀਕਲਚਰ ਐਕਸਪੋਰਟ ਅਫ਼ਸਰ ਤੋਂ ਇਲਾਵਾ ਮਹਿਕਮਾ ਪੰਜਾਬ ਐਗਰੋ ਦੇ (ਸੀ ਈ ) ਔਰਗਿਨ ਅਫ਼ਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ ਸ੍ਰੀ ਬੋਘ ਸਿੰਘ ਦਾਤੇਵਾਸ। ਆਪਣੀ 98 ਵਰਿਆ ਨੂੰ ਢੁੱਕਦਿਆ, ਰਿਸ਼ਟਪੁਸ਼ਟ, ਤੰਦਰੁਸਤ ਅਤੇ ਚੜਦੀ ਕਲਾ ਵਿੱਚ ਆਪਣਾ ਜੀਵਨ ਜੀਅ ਰਹੇ ਹਨ।

## ਭਾਜਪਾ ਸੰਸਦ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ ਅਸ਼ੋਕ ਪੂਰੀ ਨਿਰਦੇਸ਼ਤ ਫ਼ਿਲਮ ਤਿਆਰ



ਸ਼੍ਰੀ ਅਵਿਨਾਸ਼ ਰਾਏ ਖੰਨਾ ਭਾਰਤੀ ਜਨਤਾ ਪਾਰਟੀ ਦੇ ਸਾਫ਼ ਸੁਥਰੇ ਅਕਸ ਵਾਲੇ ਰਾਸ਼ਟਰੀ ਪੱਧਰ ਦੇ ਨੇਤਾ ਤੇ ਹਨ ਹੀ ਨਾਲ ਹੀ ਉਹ ਸਾਹਿਤਕਾਰ ਵੀ ਹਨ। ਉਹਨਾਂ ਨੇ ਦਾਜ ਪ੍ਰਥਾ ਤੇ ਇੱਕ ਰੀਅਲ ਲੱਗਦੀ ਕਹਾਣੀ ਲਿਖੀ ਤੇ ਉਸ ਤੇ ਵੈੱਬ ਫ਼ਿਲਮ ਬਣਾਉਣ ਦੀ ਗੱਲ ਹਰਮਨ ਪਿਆਰੇ ਨਿਰਦੇਸ਼ਕ ਅਸ਼ੋਕ ਪੁਰੀ ਨਾਲ ਕੀਤੀ। ਅਸ਼ੋਕ ਪੁਰੀ ਦਰਜ਼ਨਾਂ ਸ਼ੋਰਟ ਫ਼ਿਲਮਜ਼ ਡਾਇਰੈਕਟ ਕਰ ਚੁੱਕੇ ਨੇ ਤੇ ਅਮਰੀਕਨ ਯੂਨੀਵਰਸਿਟੀ ਨੇ ਉਹਨਾਂ ਨੂੰ ਪੀ ਐਚ ਡੀ ਡਿਗਰੀ ਦਿੱਤੀ ਹੋਈ ਹੈ। ਅਸ਼ੋਕ ਪੁਰੀ ਨੇ ਕਹਾਣੀ ਨੂੰ ਫਿਲਮੀ ਰੂਪ ਦੇ ਕਿ ਤੇਜ਼ ਤਰਾਰ ਪਟਕਥਾ ਰਚ ਕਿ ਇਹ ਫ਼ਿਲਮ ਫਿਲਮਾਈ ਹੈ। ਉਹ ਦੱਸਦੇ ਨੇ ਕਿ ਖੰਨਾ ਜੀ ਦੀ ਇਹ ਫ਼ਿਲਮ ਰਾਸ਼ਟਰੀ ਪੱਧਰ ਤੇ ਦਿਖਾਈ ਜਾਣੀ ਹੈ ਤੇ ਇਸ ਨੂੰ ਦੂਰਦਰਸ਼ਨ ਦੇ ਚੈਨਲਾਂ ਤੇ ਵੀ ਪ੍ਰਸਾਰਿਤ ਕੀਤੇ ਜਾਣ ਦੀ ਪੁਰਜ਼ੋਰ ਸੰਭਾਵਨਾ ਹੈ। "ਗੋਲਡ ਮੈਡਲ ਦਾ ਦਹੇਜ" ਇੱਕ ਖਿਡਾਰਨ ਦੀ ਮਨੋਦਸ਼ਾ ਤੇ ਓਸ ਦੇ ਮੈਡਲਾਂ ਨੂੰ ਦਹੇਜ ਨਾਲ ਜੋੜਨਾ ਬਹੁਤ ਹੀ ਜਜ਼ਬਾਤੀ ਤੇ ਨਾਟਕੀ ਫ਼ਿਲਮ ਇਹ ਬਣੀ ਹੈ। ਅਸ਼ੋਕ ਪੁਰੀ ਨੇ ਫ਼ਿਲਮ ਲਈ ਹਰੇਕ ਪਾਤਰ ਦੀ ਚੋਣ ਤਸੱਲੀ ਨਾਲ ਹੋਈ ਹੈ। ਵਿਨੀਤ ਅਟਵਾਲ ਜਿਹੇ ਫਿਲਮੀ ਚਿਹਰੇ ਤੇ ਖੁਦ ਪੁਰੀ ਹੋਰਾਂ ਦੇ ਕਿਰਦਾਰ ਵੀ ਕਾਬਿਲ ਏ ਤਰੀਫ ਹਨ। ਰੇਣੁਕਾ ਤੇ ਨਾਲ ਨੈਂਸੀ ਅਰੋੜਾ ਦੀਆਂ ਸ਼ਾਨਦਾਰ ਭੂਮਿਕਾਵਾਂ ਹਨ। ਰੇਣੁਕਾ ਰਾਜਪੂਤ ਵੀ ਫ਼ਿਲਮ ਵਿੱਚ ਹੈ। ਰੇਣੁਕਾ ਨੇ ਬਹੁਤ ਸਾਰੀਆਂ ਫ਼ਿਲਮਜ਼ ਕੀਤੀਆਂ ਨੇ ਮਾਡਲਿੰਗ ਕੀਤੀ ਹੈ ਤੇ ਰੇਡੀਓ ਦੀ ਕਲਾਕਾਰ ਵੀ ਹੈ। ਨੈਂਸੀ ਅਰੋੜਾ ਪੰਜਾਬ ਦੀ ਸੁਪਰ ਮਾਡਲ ਐਕਟ੍ਰੈਸ ਹੈ ਤੇ ਓਸ ਅਨੁਸਾਰ ਮਹਿਲਾ ਪ੍ਰਧਾਨ ਇਹ ਕਿਰਦਾਰ ਓਸ ਨੂੰ ਬਹੁਤ ਹੀ ਪਸੰਦ ਆਇਆ। ਪੰਜਾਬੀ ਫ਼ਿਲਮਾਂ ਦੇ ਲੋਕ ਪ੍ਰਿਅ ਅਭਿਨੇਤਾ ਵਿਨੀਤ ਅਟਵਾਲ ਆਖਦੇ ਨੇ ਕਿ ਡਾਇਰੈਕਟਰ ਅਸ਼ੋਕ ਪੁਰੀ ਨੇ "ਗੋਲਡ ਮੈਡਲ ਦਾ ਦਹੇਜ"ਦੀ ਸ਼ੂਟਿੰਗ ਤੇ ਤਕਨੀਕੀ ਕੰਮ ਅੱਛੇ ਪੱਧਰ ਦੇ ਕਰਵਾਏ ਹਨ। ਅਸ਼ੋਕ ਪੁਰੀ ਨੇ ਫ਼ਿਲਮ ਲਈ ਦੀਪ ਗੋਬਿੰਦਪੁਰੀ ਦੀ ਸਲਾਹ ਲਈ ਤੇ ਇਸ ਦੇ ਡੀ ਓ ਪੀ ਸ਼ੰਕਰ ਦੇਵਾ ਨੂੰ ਲਿਆ ਜਿਹਨਾਂ ਵੱਡੇ ਵੱਡੇ ਗਾਣੇ ਆਪਣੀ ਫੋਟੋਗ੍ਰਾਫੀ ਨਾਲ ਸ਼ਿੰਗਾਰੇ ਹਨ। ਫ਼ਿਲਮ ਓ ਟੀ ਟੀ ਪਲੇਟਫਾਰਮ ਦੇ ਨਾਲ ਯੂਟਿਊਬ ਤੇ ਵੀ ਵਧੀਆ ਤਰੀਕੇ ਨਾਲ ਪ੍ਰਦਰਸ਼ਿਤ ਹੋਏਗੀ। ਫ਼ਿਲਮ ਦਾ ਸੰਪਾਦਨ ਨਰੇਸ਼ ਗਰਗ ਨੇ ਕੀਤਾ ਹੈ।ਫ਼ਿਲਮ ਵਿੱਚ ਅੰਜੂ ਵੀ ਰੱਤੀ ਦਾ ਲਿਖਿਆ ਥੀਮ ਗੀਤ ਵੀ ਹੈ ਇਸ ਨੂੰ ਬਾਲੀਵੁੱਡ ਦੇ ਗਾਇਕ ਕੁਮਾਰ ਵਿਨੋਦ ਨੇ ਆਵਾਜ਼ ਦਿੱਤੀ ਹੈ।ਫ਼ਿਲਮ ਨੂੰ ਤਮਿਲ,ਪੰਜਾਬੀ ,ਤੇ ਹਿੰਦੀ ਦੇ ਇਲਾਵਾ ਤੇਲਗੂ ਤੇ ਕੰਨੜ ਭਾਸ਼ਾ ਵਿੱਚ ਵੀ ਇਹ ਫ਼ਿਲਮ ਆਏਗੀ। **- ਅੰਮ੍ਰਿਤ ਪਵਾਰ**

29 ਜਨਵਰੀ ਲਈ ਵਿਸ਼ੇਸ਼

# ਸ਼ੌਂਕੀ ਮੇਲਾ ਮਾਹਿਲਪੁਰ ਦੀਆਂ ਖੱਟੀਆਂ ਮਿੱਠੀਆਂ ਯਾਦਾਂ



ਬਲਜਿੰਦਰ ਮਾਨ
91-98150-18947

ਪੰਜਾਬ ਲਈ 1984 ਦਾ ਦਹਾਕਾ ਬੜਾ ਤ੍ਰਾਸਦੀ ਭਰਿਆ ਸੀ। ਬਹੁਤ ਸਾਰੇ ਬੇਗੁਨਾਹਾਂ ਦੀ ਰੱਤ ਡੁੱਲ੍ਹੀ। ਸਰਕਾਰੀ ਤੇ ਗੈਰ ਸਰਕਾਰੀ ਜਬਰ ਜੁਲਮ ਦਾ ਸ਼ਿਕਾਰ ਆਮ ਲੋਕ ਹੁੰਦੇ ਰਹੇ। ਅਜਿਹੇ ਹਲਾਤਾਂ ਵਿਚ ਲੋਕਾਂ ਨੂੰ ਮਿਲ ਬੈਠਣ ਦਾ ਮੌਕਾ ਪ੍ਰਦਾਨ ਕਰਨਾ ਸਰਕਾਰ ਦੀ ਲੋੜ ਸੀ। ਧਾਰਮਿਕ ਤੌਰ ਤੇ ਮਜ਼੍ਹਬਾਂ ਦੀ ਜੰਗ ਬੜੀ ਤੇਜ ਸੀ। 1947 ਵਾਂਗ ਹੀ ਭਾਈ ਭਾਈ ਵਿਚ ਪਾੜ ਪਾਇਆ ਜਾ ਰਿਹਾ ਸੀ। ਸਿੱਖ ਮੋਨੇ ਦੇ ਸਵਾਲ ਨੇ ਆਪਸੀ ਸਾਂਝ ਨੂੰ ਤੋੜ ਦਿੱਤਾ ਸੀ। ਕਦੀ ਬੱਸਾਂ ਵਿਚ ਤੇ ਕਦੀ ਬਜਾਰਾਂ ਵਿਚ ਗੋਲੀਆਂ ਚੱਲਦੀਆਂ। ਨਿਹੱਥਿਆਂ ਨੂੰ ਸ਼ਰੇਆਮ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ। ਸ਼ਾਮ ਪੰਜ ਵਜੇ ਹੀ ਬਜਾਰ ਬੰਦ ਹੋਣ ਲੱਗ ਪਏ। ਸਾਰਿਆਂ ਨੂੰ ਆਪਣੀ ਜਾਨ ਬਚਾਉਣ ਦੀ ਪਈ ਹੋਈ ਸੀ। ਪੰਜਾਬ ਵਿਚ ਮਿਲਟਰੀ ਸ਼ਾਸਨ ਲੱਗਾ ਹੋਇਆ ਸੀ। ਜਨਤਾ ਕੁਰਲਾ ਰਹੀ ਸੀ। ਕਿਸੇ ਕੋਲ ਵਿਹਲ ਨਹੀਂ ਸੀ ਕਿ ਪੰਜਾਬ ਦੇ ਮਹੌਲ ਨੂੰ ਸ਼ਾਂਤੀ ਦੀ ਲੀਹੇ ਪਾਇਆ ਜਾਵੇ। ਅਲੱਗ ਅਲੱਗ ਭਾਵ ਪਾਟੇ ਹੋਏ ਲੋਕਾਂ ਨੂੰ ਜੁੜਨ ਦਾ ਮੌਕਾ ਦਿੱਤਾ ਜਾਵੇ। ਇਹ ਕਾਰਜ ਧਾਰਮਿਕ ਸਥਾਨਾ ਤੇ ਲਗਦੇ ਮੇਲੇ ਅਕਸਰ ਕਰਦੇ ਹਨ ਪਰ ਲੋਕ ਇਕੱਠੇ ਹੋਣ ਤੇ ਡਰ ਰਹੇ ਸਨ ਕਿ ਕਿਤੇ ਕੋਈ ਮਾੜੀ ਘਟਨਾ ਨਾ ਘਟ ਜਾਵੇ। ਇਸੇ ਕਰਕੇ ਪੰਜਾਬ ਹਰ ਪੱਖੋਂ ਰੁਕ ਗਿਆ ਸੀ। ਜੁਆਨੀ ਲਈ ਕੋਈ ਰਾਹ ਨਹੀਂ ਸੀ। ਅਜਿਹੇ ਮੌਕੇ ਦੇਸ਼ ਅਤੇ ਦੇਸ਼ ਦੇ ਅਮੀਰ ਵਿਰਸੇ ਨੂੰ ਪਿਆਰ ਕਰਨ ਵਾਲੇ ਲੋਕ ਸਰਗਰਮ ਸਨ। ਜਿਨ੍ਹਾਂ ਵਿਚ ਸ.ਜਗਦੇਵ ਸਿੰਘ ਜੱਸੋਵਾਲ ਦਾ ਨਾਂ ਸਿਰਕੱਢ ਰਿਹਾ। ਮੇਲਿਆਂ ਵਾਲਾ ਜੱਸੋਵਾਲ ਪੰਜਾਬੀ ਸੱਭਿਆਚਾਰ ਦਾ ਬਾਬਾ ਬੋਹੜ ਬਣ ਗਿਆ। ਜਿਸਨੇ ਆਪਣੀ ਛਾਵੇਂ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਸੰਭਾਲਣ ਦਾ ਕੌਮਾਂਤਰੀ ਪੱਧਰ ਤੇ ਯਤਨ ਕੀਤਾ।

1988-89 ਤਕ ਪੰਜਾਬ ਵਿਚ ਸੱਭਿਆਚਰਕ ਮੇਲਾ ਸਿਰਫ ਪ੍ਰੋ ਮੋਹਨ ਸਿੰਘ ਮੇਲਾ ਲੁਧਿਆਣੇ ਦੇ ਪੰਜਾਬੀ ਭਵਨ ਵਿਚ ਹੀ ਲਗਦਾ ਸੀ। ਹੋਰ ਕੋਈ ਵੀ ਮੇਲਾ ਨਹੀਂ ਸੀ ਜੋ ਨਿਰੋਲ ਸੱਭਿਆਚਾਰਕ ਹੋਵੇ। ਮੇਰੇ ਰਾਹਾਂ ਨੂੰ ਰੌਸ਼ਨ ਕਰਨ ਵਾਲੇ ਸ੍ਰੀ ਐਸ ਅਸ਼ੋਕ ਭੌਰਾ ਅਜੀਤ ਦੇ ਮਸ਼ਹੂਰ ਕਾਲਮਨਵੀਸ ਹਨ। ਉਨ੍ਹਾਂ ਨੇ ਢਾਡੀਆਂ, ਕਵੀਸ਼ਰਾਂ ਅਤੇ ਗਾਇਕਾਂ ਬਾਰੇ ਰੱਜ ਕੇ ਲਿਖਿਆ।ਕਲਾਕਾਰਾਂ ਨਾਲ ਮਿਲਣੀਆਂ ਦਾ ਸਬੱਬ ਸ.ਜੱਸੋਵਾਲ ਜੀ ਦੇ ਘਰ ਹੀ ਹੁੰਦਾ ਸੀ। ਉਨ੍ਹਾਂ ਦੇ ਮਨ ਵਿਚ ਖਿਆਲ ਆਇਆ ਕਿ ਭੌਰਾ ਬੜਾ ਸਰਗਰਮ ਪੱਤਰਕਾਰ ਹੈ ਤੇ ਕਲਾਕਾਰਾਂ ਨਾਲ ਵੀ ਬੜੀ ਡੂੰਘੀ ਸਾਂਝ ਹੈ। ਇਨ੍ਹਾਂ ਨੂੰ ਦੁਆਬੇ ਵਿਚ ਇਕ ਸੱਭਿਆਚਾਰਕ ਮੇਲਾ ਲਾਉਣ ਦੀ ਸਲਾਹ ਦਿੱਤੀ ਜਾਵੇ। ਉਨ੍ਹਾਂ ਇਹ ਸਲਾਹ ਜੁਆਨੀ ਦੇ ਜੋਸ਼ ਵਿਚ ਝੱਟ ਪ੍ਰਵਾਨ ਕਰ ਲਈ।

### ਮੇਲਾ ਕਿੱਥੇ ਲਾਇਆ ਜਾਵੇ?

ਹੁਣ ਸ੍ਰੀ ਭੌਰਾ ਅੱਗੇ ਇਹ ਸਾਵਾਲ ਖੜਾ ਸੀ ਕਿ ਇਹ ਮੇਲਾ ਆਯੋਜਿਤ ਕਿਸ ਥਾਂ ਤੇ ਕੀਤਾ ਜਾਵੇ। ਤੇ ਇਸ ਕਾਰਜ ਦਾ ਜਿੰਮਾ ਕਿਹੜਾ ਵਿਅਕਤੀ ਨਿਭਾਅ ਸਕਦੈ। ਮੈਂ ਵੀ ਉਸ ਜਮਾਨੇ ਭਰ ਜੁਆਨੀ ਵਿਚ ਇਕ ਸਰਗਰਮ ਪੱਤਰਕਾਰ ਤੇ ਸਾਹਿਤਕ ਕਾਮਾ ਸੀ। ਪੜ੍ਹਾਈ ਕਰਕੇ ਵਿਹਲਾ ਹੋਣ ਕਰਕੇ ਸਾਰੀ ਸਮਰੱਥਾ ਪੱਤਰਕਾਰੀ ਦੇ ਲੇਖੇ ਲਾ ਰਿਹਾ ਸਾਂ। ਉਨ੍ਹਾਂ ਆਪਣੇ ਆਲੇ ਦੁਆਲੇ ਨਿਗ੍ਹਾ ਘੁੰਮਾਈ ਤਾਂ ਅੱਖ ਮੇਰੇ ਤੇ ਆ ਕੇ ਟਿਕ ਗਈ। ਮੇਰੇ ਤੇ ਅੱਖ ਟਿਕਣ ਦਾ ਕਾਰਨ ਕੀ ਸੀ? ਇਸਦਾ ਮੁੱਖ ਕਾਰਨ ਇਹ ਸੀ ਕਿ ਮੈਂ 1987 ਵਿਚ ਹੀ ਮਾਹਿਲਪੁਰ ਵਿਚ 'ਪੰਜਾਬੀ ਸਾਹਿਤ ਸਭਾ ਮਾਹਿਲਪੁਰ' ਦੀ ਸਥਾਪਨਾ ਕਰ ਚੁੱਕਾ ਸੀ।ਇਸ ਸਭਾ ਦੁਆਰਾ ਮਾਹਿਲਪੁਰ ਵਿਚ ਤ੍ਰੈਭਾਸ਼ੀ ਕਵੀ ਦਰਬਾਰ, ਕਹਾਣੀ ਦਰਬਾਰ ਅਤੇ ਕਈ ਪ੍ਰਕਾਰ ਦੇ ਰਾਜ ਪੱਧਰੀ ਸੈਮੀਨਾਰ ਭਾਸ਼ਾ ਵਿਭਾਗ, ਸੱਭਿਆਚਾਰਕ ਵਿਭਾਗ ਅਤੇ ਪੰਜਾਬ ਸਟੇਟ ਟੈਕਸਟ ਬੁਕ ਬੋਰਡ ਦੇ ਸਹਿਯੋਗ ਨਾਲ ਸਫ਼ਲਤਾ ਪੂਰਬਕ ਆਯੋਜਿਤ ਕੀਤੇ ਜਾ ਚੁਕੇ ਸਨ।ਇਨ੍ਹਾਂ ਵਿਚ ਹਰਿਆਣਾ ਸਰਕਾਰ ਦੀ ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਡਾਇਰੈਕਟਰ ਸ੍ਰੀ ਸੁਖਚੈਨ ਸਿੰਘ ਭੰਡਾਰੀ ਅਤੇ ਵਿਭਾਗ ਦੇ ਨਿਰਦੇਸ਼ਕਾਂ ਤਕ ਹਾਜ਼ਰੀ ਲਗਵਾ ਚੁੱਕੇ ਸਨ।ਭਾਵ ਪੂਰੇ ਪੰਜਾਬ ਵਿਚ ਪੰਜਾਬੀ ਸਾਹਿਤ ਸਭਾ ਮਾਹਿਲਪੁਰ ਦੀ ਬੱਲੇ ਬੱਲੇ ਸੀ। ਇਸੇ ਕਰਕੇ ਇਹ ਗੁਣਾ ਮਾਹਿਲਪੁਰ ਹੱਸੇ ਪੈ ਗਿਆ। ਸ੍ਰੀ ਐਸ ਅਸ਼ੋਕ ਭੌਰਾ ਨੂੰ ਪਤਾ ਸੀ ਕਿ ਜਿਹੜਾ ਵਿਅਕਤੀ ਪੰਜਾਬ ਪੱਧਰੀ ਸਾਹਿਤਕ ਸਮਾਰਾਗ ਰਚ ਸਕਦਾ ਹੈ ਉਹ ਮੇਲਾ ਵੀ ਲਗਵਾ ਸਕਦਾ ਹੈ।

### ਸਾਹਿਤ ਸਭਾ ਵਿਚੋਂ ਟਰੱਸਟ ਦਾ ਗਠਨ

ਪੰਜਾਬੀ ਸਾਹਿਤ ਸਭਾ ਮਾਹਿਲਪੁਰ ਵਿਚ ਜਦੋਂ ਇਹ ਗੱਲ ਵਿਚਾਰੀ ਗਈ ਤਾਂ ਸਭ ਨੇ ਖੁਸ਼ੀ ਨਾਲ ਪ੍ਰਵਾਨ ਕਰ ਲਈ।ਇਸਦਾ ਮੁੱਖ ਕਾਰਨ ਇਹ ਸੀ ਕਿ ਬਹੁਤੇ ਮੈਂਬਰ ਭੌਰਾ ਜੀ ਪਾਸੋਂ ਆਪਣਾ ਫਾਇਦਾ ਲੈਣਾ ਚਾਹੁੰਦੇ ਸਨ। ਕੋਈ ਗੀਤ ਰਿਕਾਰਡ ਕਰਾਉਣਾ ਚਾਹੁੰਦਾ ਸੀ ਤੇ ਕੋਈ ਬਾਹਰ ਜਾਣਾ ਚਾਹੁੰਦਾ ਸੀ ਤੇ ਕੋਈ ਪੱਤਰਕਾਰੀ ਵਿਚ ਲਾਭ ਉਠਾਉਣਾ ਚਾਹੁੰਦਾ ਸੀ ਤੇ ਕੋਈ ਅਖਬਾਰਾਂ ਵਿਚ ਛਪਣਾ ਚਾਹੁੰਦਾ ਸੀ। ਭੌਰਾ ਬਨਾਮ ਅਜੀਤ ਦੀ ਬੁਲੰਦੀ ਨੂੰ ਸਾਰੇ ਕੈਸ਼ ਕਾਰਨਾ ਚਾਹੁੰਦੇ ਸਨ। ਇਨ੍ਹਾਂ ਉਦੇਸ਼ਾਂ ਨਾਲ ਇਹ ਲੋਕ ਜੁੜੇ ਹੋਏ ਸਨ। ਮੇਰੇ ਅੰਦਰ ਸਿਰਫ ਤੇ ਸਿਰਫ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਦੀ ਭਾਵਨਾ ਸੀ। ਜਿਸ ਕਰਕੇ ਮੈਂ ਪੂਰੇ ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡਾਂ ਬਾਰੇ ਅਤੇ ਪੰਜਾਬ ਦੇ ਹੁਨਰਮੰਦ ਗੱਭਰੂਆਂ ਬਾਰੇ ਕਾਲਮ ਲਿਖੇ ਜਿਨ੍ਹਾਂ ਵਾਸਤੇ ਸਕੂਟਰ ਦਾ ਸਾਰਾ ਪੈਟਰੋਲ ਪਲਿਓਂ ਹੀ ਖਰਚਿਆ। ਸਭਾ ਦੀ ਮੀਟਿੰਗ ਵਿਚ ਮਤਾ ਪਾਸ ਕਰਨ ਲਈ ਹੁਣ ਇਕ ਨਵੀਂ ਸੰਸਥਾ ਦੇ ਨਾਂ ਦੀ ਲੋੜ ਸੀ। ਜਿਸ ਵਾਸਤੇ ਸ.ਜੱਸੋਵਾਲ ਜੀ ਨੇ ਸਾਨੂੰ ਮਸ਼ਵਰਾਂ ਦੇ ਦਿੱਤਾ ਸੀ ਕਿ ਦੁਆਬੇ ਦੇ ਪਿੰਡ ਭੱਜਲਾਂ ਦਾ ਢਾਡੀ ਅਮਰ ਸਿੰਘ ਸ਼ੌਂਕੀ ਮਾਲਵੇ ਵਿਚ ਬੜਾ ਮਸ਼ਹੂਰ ਹੋਇਆ ਸੀ। ਇਸ ਲਈ ਉਸਦੇ ਨਾਂ ਤੇ ਹੀ ਮੇਲਾ ਲਾ ਦੇਣਾ। ਜਦਕਿ ਸਾਡੇ ਇਲਾਕੇ ਦੇ ਉੱਘੇ ਰਾਗੀ ਪ੍ਰੋ ਦਰਸ਼ਨ ਸਿੰਘ ਕੋਮਲ ਦਾ ਨਾਂ ਪੂਰੀ ਦੁਨੀਆਂ ਵਿਚ ਮਸ਼ਹੂਰ ਰਿਹਾ ਸੀ ਜਿਨ੍ਹਾਂ ਦੇ ਅਨੇਕਾਂ ਸ਼ਗਿਰਦ ਦੇਸ਼ ਵਿਦੇਸ਼ ਵਿਚ ਸਰਗਰਮ ਹਨ।

### ਮੇਲਾ ਸ਼ੌਂਕੀ ਦੇ ਨਾਮ ਕਿਵੇਂ ਲੱਗਾ?

ਨਾਮ ਬਾਰੇ ਬਗੈਰ ਕਿਸੇ ਵਿਚਾਰ ਤੋਂ ਸੰਸਥਾ ਦਾ ਨਾਂ ਸਤਿਕਾਰ ਵਜੋਂ ਢਾਡੀ ਅਮਰ ਸਿੰਘ ਸ਼ੌਂਕੀ ਯਾਦਗਾਰੀ ਟਰੱਸਟ (ਰਜਿ.) ਮਾਹਿਲਪੁਰ, ਹੁਸ਼ਿਆਰਪੁਰ ਰੱਖ ਦਿੱਤਾ ਗਿਆ। ਨਵੰਬਰ 1988 ਵਿਚ ਹੀ ਪਹਿਲਾ ਪੁਰਸਕਾਰ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਦੇਣ ਦਾ ਐਲਾਨ ਕਰ ਦਿੱਤਾ ਗਿਆ। ਜਦੋਂ ਮੇਰੇ ਦੁਆਰਾ ਇਹ ਖਬਰ ਅਖਬਾਰਾਂ ਵਿਚ ਲੱਗੀ ਤਾਂ ਬਹੁਤ ਸਾਰੇ ਪਾਠਕਾਂ ਨੇ ਸਵਾਲ ਕੀਤਾ ਕਿ ਕੀ ਇਹ ਖਬਰ ਸੱਚੀ ਹੈ। ਮੇਰਾ ਜੁਆਬ ਸੀ ਇਸ ਗੱਲ ਦਾ ਸਬੂਤ ਤਾਂ 29 ਜਨਵਰੀ 1989 ਨੂੰ ਹੀ ਮਿਲੇਗਾ। ਸੋ ਅੱਧ ਪਚੱਧੇ ਲੋਕਾਂ ਨੇ ਇਸ ਗਲ ਤੇ ਯਕੀਨ ਹੀ ਨਹੀਂ ਕੀਤਾ। ਹਲਾਤਾਂ ਅਨੁਸਾਰ ਮੇਲੇ ਦੀ ਗੱਲ ਤੋਰਨੀ ਟਿੱਬਿਆਂ ਵਿਚ ਪਾਣੀ ਲਾਉਣ ਦੇ ਬਰਾਬਰ ਸੀ। ਨਾਲ ਹੀ ਬਲਦੀ ਅੱਗ ਵਿਚ ਹੱਥ ਪਾਉਣ ਵਾਲੀ ਗੱਲ ਸੀ। ਸਾਹਿਤ ਸਭਾ ਦੀ ਕਾਰਜਕਾਰਨੀ ਨੂੰ ਹੀ ਟਰੱਸਟ ਵਿਚ ਸ਼ਾਮਿਲ ਕਰ ਲਿਆ ਗਿਆ। ਜਿਸ ਵਿਚ ਪ੍ਰਧਾਨ ਸੁਰਿੰਦਰਪਾਨ ਸਿੰਘ ਪ੍ਰਦੇਸੀ ਸਰਪ੍ਰਸਤ ਧਰਮ ਸਿੰਘ ਖਾਲਸਾ ਜਨਰਲ ਸਕੱਤਰ ਐਸ ਅਸ਼ੋਕ ਭੌਰਾ ਸਕੱਤਰ ਬਲਜਿੰਦਰ ਮਾਨ ਤੇ ਖਜਨਚੀ ਐਸ ਡੀ ਕਿਸ਼ਨਾ ਰਾਓ। ਬਾਕੀ ਕਾਰਜਕਰਨੀ ਨੂੰ ਵੀ ਸ਼ਾਮਿਲ ਕਰਕੇ ਗਿਆਰਾਂ ਮੈਂਬਰੀ ਟੀਮ ਤਿਆਰ ਕਰ ਲਈ ਗਈ। ਟਰੱਸਟ ਦੀਆਂ ਸਰਗਰਮੀਆਂ ਤੇਜ ਹੋਈਆਂ ਤਾਂ ਸਰਕਾਰੇ ਦਰਬਾਰੇ ਵੀ ਹਲਚਲ ਹੋਣ ਲਗ ਪਈ। ਐਸ ਡੀ ਐਮ ਗੜ੍ਹਸ਼ੰਕਰ ਸ.ਬਲਦੇਵ ਸਿੰਘ ਨੇ ਪੂਰੀ ਰੁਚੀ ਦਿਖਾਈ ਅਤੇ ਮੇਲੇ ਨੂੰ ਨੇਪਰੇ ਚਾੜ੍ਹਨ ਵਿਚ ਸਰਕਾਰੀ ਮਸ਼ਿਨਰੀ ਨੂੰ ਵੀ ਜੋੜ ਦਿਤਾ ਗਿਆ। ਮੈਂ ਤੇ ਐੱਸ ਡੀ ਕ੍ਰਿਸ਼ਨਾ ਰਾਓ ਮਾਹਿਲਪੁਰ ਦੇ ਲੋਕਲ ਪ੍ਰਬੰਧਾਂ ਦਾ ਸੰਚਾਲਨ ਕਰਦੇ। ਕਲਾਕਾਰਾਂ ਵਾਲਾ ਖੇਤਰ ਭੌਰਾ ਸਾਹਿਬ ਨੇ ਸੰਭਾਲਿਆ ਹੋਇਆ ਸੀ। ਅੱਤਵਾਦ ਤੋਂ ਨਿਰਭੈ ਹੋ ਕੇ ਅਸੀਂ ਦਿਨ ਰਾਤ ਇਕ ਕਰ ਦਿੱਤੀ ਅਤੇ ਪਹਿਲਾ ਸ਼ੌਂਕੀ ਮੇਲਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਮਾਹਿਲਪੁਰ ਵਿਚ ਪ੍ਰਿੰਸੀਪਲ ਜਗਤਾਰ ਸਿੰਘ ਮਿਨਹਾਸ ਦੀ ਦੇਖ ਰੇਖ ਹੇਠਾਂ 29 ਜਨਵਰੀ 1989 ਨੂੰ ਅਰੰਭ ਹੋ ਗਿਆ।

### ਸ਼ੌਂਕੀ ਮੇਲਾ ਕਿਵੇਂ ਅਰੰਭ ਹੋਇਆ?

ਪਹਿਲਾ ਸ਼ੌਂਕੀ ਮੇਲਾ 29 ਜਨਵਰੀ 1989 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮਾਹਿਲਪੁਰ ਦੇ ਖੇਡ ਮੈਦਾਨ ਵਿਚ ਲਾਇਆ ਗਿਆ। ਇਸ ਦੇ ਆਯੋਜਨ ਵਿਚ ਪਹਿਲੀ ਵੱਡੀ ਔਕੜ ਇਹ ਆਈ ਕਿ ਕਾਲਜ ਪ੍ਰਿੰਸੀਪਲ ਨੇ ਪ੍ਰਿੰਸੀਪਲ ਹਰਭਜਨ ਸਿੰਘ ਸਟੇਡੀਅਮ ਵਿਚ ਮੇਲਾ ਲਾਉਣਾ ਮੰਨ ਕੇ ਦੋ ਦਿਨ ਪਹਿਲਾ ਸ. ਜਗਦੇਵ ਜੱਸੋਵਾਲ ਦਾ ਨਾਂ ਕਾਰਡ ਵਿਚ ਪੜ੍ਹਕੇ ਜੁਆਬ ਦੇ ਦਿੱਤਾ। ਮੈਂ ਤੇ ਮੇਰੇ ਸਾਥੀ ਨਿਰਾਸ਼ ਹੋਏ ਸਰਕਾਰੀ ਸਕੂਲ ਅੱਗੋਂ ਲੰਘ ਰਹੇ ਸਾਂ। ਗੇਟ ਵਿਚ ਖੜੇ ਪ੍ਰਿੰਸੀਪਲ ਜਗਤਾਰ ਸਿੰਘ ਮਿਨਹਾਸ ਸਾਡੇ ਮਨ ਦੀ ਗੱਲ ਬੁੱਝ ਗਏ। ਉਨ੍ਹਾਂ ਸਾਨੂੰ ਦਫਤਰ ਵਿਚ ਬਿਠਾਇਆ ਅਤੇ ਸਮੱਸਿਆ ਬਾਰੇ ਪੁੱਛਿਆ। ਜਦੋਂ ਅਸੀਂ ਹਕੀਕਤ ਦੱਸੀ ਤਾਂ ਉਹ ਝੱਟ ਬੋਲੇ 'ਆਹ ਗਰਾਉਂਡ ਕਾਹਦੇ ਵਾਸਤੇ ਹੈ?' ਤੁਸੀ ਜਿਵੇਂ ਮਰਜੀ ਕਰੋ।ਬਾਕੀ ਜਿਹੜੀ ਸਮੱਸਿਆ ਹੈ ਉਹ ਮੈਨੂੰ ਦੱਸੋ ।ਪ੍ਰਿੰਸੀਪਲ ਸਾਹਿਬ ਦੇ ਇਹ ਸ਼ਬਦ ਸੁਣ ਕੇ ਸਾਡੇ ਮੁਰਝਾਏ ਹੋਏ ਚਿਹਰੇ ਫੁੱਲ ਵਾਂਗ ਖਿੜ ਗਏ ਤੇ ਮੇਲੇ ਦੀ ਤਿਆਰੀ ਸਕੂਲ ਦੀ ਗਰਾਉਂਡ ਵਿਚ ਹੋਣ ਲਗ ਪਈ। ਇਸ ਤੋਂ ਪਹਿਲਾਂ ਵੀ ਬਹੁਤੇ ਸਾਹਿਤਕ ਸਮਾਗਮ ਸਕੂਲ ਦੇ ਹਾਲ ਵਿਚ ਹੀ ਹੁੰਦੇ ਸਨ। ਸੋ ਐਡਾ ਵੱਡਾ ਮੇਲਾ ਕਾਲਜ ਦੇ ਨਾਂ ਲਗਦਾ ਲਗਦਾ ਸਕੂਲ ਦੇ ਇਤਿਹਾਸ ਵਿਚ ਦਰਜ ਹੋ ਗਿਆ। ਇਹ ਸੀ ਪ੍ਰਿੰਸੀਪਲ ਜਗਤਾਰ ਸਿੰਘ ਦੀ ਫਰਾਖ ਦਿਲੀ ਜੋ ਸਾਰਾ ਸਮਾਂ ਸਾਹਿਤਕ, ਸੱਭਿਆਚਾਰਕ, ਖੇਡਾਂ ਅਤੇ ਸਮਾਜਿਕ ਗਤੀਵਿਧੀਆਂ ਨੂੰ ਸਰਪ੍ਰਸਤੀ ਦਿੰਦੇ ਰਹੇ।ਉਹ ਸਾਹਿਤ ਦੇ ਸਰੋਤੇ ਤੇ ਪਾਠਕ ਹੋਣ ਕਰਕੇ ਇਨ੍ਹਾਂ ਗਤੀਵਿਧੀਆਂ ਦੀ ਮਹੱਤਤਾ ਤੋਂ ਜਾਣੂ ਸਨ।ਪੰਜਾਬੀ ਤੋਂ ਇਲਾਵਾ ਉਰਦੂ, ਫਾਰਸੀ ਅਤੇ ਅੰਗਰੇਜੀ ਦੇ ਵਿਦਵਾਨਾਂ ਦੇ ਵਿਚਾਰਾਂ ਦੇ ਧਾਰਨੀ ਹਨ।

### ਮੇਲੀ ਕਿਹੜੇ ਸਨ

ਇਸ ਮੇਲੇ ਨੂੰ ਦੇਖਣ ਵਾਸਤੇ ਅਜੀਤ ਦੇ ਸਹਾਇਕ ਸੰਪਾਦਕ ਸਤਨਾਮ ਸਿੰਘ ਮਾਣਕ, ਜਗ ਬਾਣੀ ਦੇ ਕੁਲਦੀਪ ਸਿੰਘ ਬੇਦੀ, ਪੰਜਾਬੀ ਟ੍ਰਿਬਿਊਨ ਦੇ ਸ਼ਮਸ਼ੇਰ ਸਿੰਘ ਸੰਧੂ ਸਮੇਤ ਸਭ ਅਖਬਾਰਾਂ ਅਤੇ ਦੂਰਦਰਸ਼ਨ ਜਲੰਧਰ ਦੀ ਕੈਮਰਾ ਟੀਮ ਵਿਸ਼ੇਸ਼ ਤੌਰ ਤੇ ਪੱਜੀ। ਮੀਡੀਆ ਅਜਿਹੇ ਹਲਾਤਾਂ ਵਿਚ ਕੀਤੇ ਇਸ ਯਤਨ ਦੀ ਸ਼ਲਾਘਾ ਕਰਦਾ ਨਹੀਂ ਸੀ ਥੱਕ ਰਿਹਾ। ਅਜੀਤ ਅਖਬਾਰ ਵਿਚ ਤਾਂ ਮਿਡਲ ਦਾ ਅੱਧਾ ਪੰਨਾ ਇਸ ਯਤਨ ਦੀ ਸਿਫਤ ਅਤੇ ਪੰਜਾਬ ਦੀ ਸਥਿਤੀ ਨੂੰ ਚਰਚਾ ਕਰਦਾ ਛਾਪਿਆ ਗਿਆ।ਇਸੇ ਤਰ੍ਹਾਂ ਬਾਕੀ ਅਖਬਾਰਾਂ ਨੇ ਵੀ ਇਸ ਮੇਲੇ ਦੀ ਪੂਰੀ ਦੁਨੀਆ ਵਿਚ ਧੁੰਮ ਪਾਈ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਿਲੀ ਤੋਂ ਵਿਸ਼ੇਸ਼ ਤੌਰ ਤੇ ਸ਼ੌਂਕੀ ਐਵਾਰਡ ਲੈਣ ਲਈ ਮਾਹਿਲਪੁਰ ਪੱਜੀ ਤਾਂ ਮਾਹਿਲਪੁਰ ਨੂੰ ਉਸਦੇ ਗੀਤਾਂ ਦਾ ਸਲੇਟੀ ਰੰਗ ਚੜ੍ਹ ਗਿਆ।ਇਸ ਮੇਲੇ ਵਿਚ ਫਿਲਮ ਨਿਰਦੇਸ਼ਕ ਜਗਜੀਤ ਗਿੱਲ, ਉਪੇਰੇ ਦੇ ਬਾਨੀ ਜੁਗਿੰਦਰ ਬਾਹਰਲਾ ਸਮੇਤ ਕਈ ਮਸ਼ਹੂਰ ਕਲਾਕਾਰ ਆਪਣੀ ਕਲਾ ਦਾ ਮੁਜ਼ਾਹਰਾ ਕਰਨ ਲਈ ਪੁੱਜੇ। ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਐ ਨਾਲ ਮਸ਼ਹੂਰ ਬਾਲ ਕਲਾਕਾਰ ਕਮਲਜੀਤ ਨੀਲੋਂ ਤਾਂ ਸਭ ਦੇ ਮਨਾ ਵਿਚ ਵਸ ਗਿਆ ਸੀ। ਬਸ ਫਿਰ ਕੀ ਲੀਹ ਬਣ ਗਈ ਤੇ ਗੱਡੀਆਂ ਦੌੜਨ ਲੱਗ ਪਈਆਂ।ਚੈਨਲ ਉਸ ਜਮਾਨੇ ਹੁੰਦਾ ਕੋਈ ਨਹੀਂ ਸੀ। ਦੂਰ-ਦਰਸ਼ਨ ਤੇ ਮੌਕਾ ਬਹੁਤ ਘੱਟ ਮਿਲਦਾ ਸੀ। ਇਸ ਲਈ ਕਲਾਕਾਰਾਂ ਲਈ ਇਹ ਮੇਲਾ ਤਰੱਕੀ ਦੀ ਪੌੜੀ ਦਾ ਡੰਡਾ ਬਣ ਗਿਆ।ਹੰਸ ਰਾਜ ਹੰਸ, ਸਰਦੂਲ ਸਿਕੰਦਰ, ਅਮਰ ਨੂਰੀ, ਪਰਮਿੰਦਰ ਸੰਧੂ, ਕੁਲਦੀਪ ਪਾਰਸ, ਸੁਖਵਿੰਦਰ ਪੰਛੀ ਵਰਗਿਆਂ ਨੇ ਇਸ ਸਟੇਜ ਤੋਂ ਹੀ ਉੱਚੀਆਂ ਉਡਾਰੀਆਂ ਮਾਰਨੀਆਂ ਅਰੰਭ ਕੀਤੀਆਂ। ਹਰ ਕਲਾਕਾਰ ਦੀ ਇੱਛਾ ਸੀ ਕਿ ਉਸਨੂੰ ਮੌਕਾ ਮਿਲੇ। ਇਸ ਵਾਸਤੇ ਮੇਲੇ ਨੂੰ ਤਿੰਨ ਦਿਨ ਦਾ ਕਰ ਦਿੱਤਾ ਗਿਆ। ਸੈਮੀਨਾਰ, ਨਾਟਕ, ਬੈਲੇ, ਗਿੱਧੇ, ਭੰਗੜੇ ਅਤੇ ਮੇਲੇ ਦੀਆਂ ਸਭ ਵੰਨਗੀਆਂ ਇਥੇ ਲੋਕਾਂ ਨੂੰ ਦੇਖਣ ਨੂੰ ਮਿਲਣ ਲੱਗੀਆਂ। ਬਾਲ ਗਾਇਕੀ ਲਈ ਤਾਂ ਇਕ ਵੱਖਰਾ ਸਮਾਂ ਨਿਸ਼ਚਤ ਕਰ ਦਿੱਤਾ ਗਿਆ। ਕਿਤੇ ਨੁਮਾਇਸ਼ਾਂ ਤੇ ਕਿਤੇ ਮੇਲੀਆਂ ਲਈ ਪੰਜਾਬੀ ਵਿਰਸਤ ਦੀਆਂ ਝਲਕਾਂ ਦਿਖਾਈਆਂ ਜਾਂਦੀਆਂ।

### ਬਾਲ ਕਾਫਲੇ ਦੀ ਸ਼ੁਰੂਆਤ

ਜਿਸਦੇ ਸਿੱਟੇ ਵਜੋਂ 1990 ਵਿਚ ਪੂਰੇ ਪੰਜਾਬ ਵਿਚ ਬਾਲ ਕਾਫਲੇ ਦੀ ਸ਼ੁਰੂਆਤ ਕੀਤੀ। ਜਿਸਦੀ ਅਗਵਾਈ ਕਮਲਜੀਤ ਨੀਲੋਂ ਅਤੇ ਡਾ ਰਮਾ ਰਤਨ ਦੇ ਹੱਥ ਸੀ। ਚੀਚੇ ਚੀਚ ਗਨੇਰੀਆਂ ਕਾਫਲਾ ਅਜ ਵੀ ਲੋਕਾਂ ਦੇ ਮਨਾਂ ਵਿਚ ਵਸਿਆ ਹੋਇਆ ਹੈ। ਤੁਸੀਂ ਹੈਰਾਨ ਹੋਵੋਗੇ ਕਿ ਜਲੰਧਰ ਵਿਚ ਕਰਫਿਊ ਲੱਗੇ ਹੋਣ ਦੇ ਬਾਵਜੂਦ ਬਾਲ ਕਲਾਕਾਰ ਅਜੀਤ ਭਵਨ ਵਿਚ ਪੂਰੀ ਸਕਿਊਰਟੀ ਨਾਲ ਡਾ. ਨਿਰਮਲ ਜੌੜਾ ਦੀ ਅਗਵਾਈ ਹੇਠ ਪ੍ਰੋਗਰਾਮ ਪੇਸ਼ ਕਰ ਰਹੇ ਸਨ। ਸੋ ਤੁਸੀਂ ਉਸ ਵੇਲੇ ਨੂੰ ਵਿਚਾਰ ਕੇ ਹੀ ਹੈਰਾਨ ਹੋ ਜਾਵੋਗੇ ਕਿ ਜੋ ਸੋਚਿਆ ਨਹੀਂ ਜਾ ਸਕਦਾ, ਉਹ ਕੀਤਾ ਜਾਂਦਾ ਰਿਹਾ। ਲੋਕਾਂ ਨੂੰ ਜਾਨ ਦੀ ਪਈ ਹੋਈ ਸੀ ਤੇ ਅਸੀਂ ਜਾਨ ਤਲੀ ਤੇ ਧਰ ਕੇ ਉਨ੍ਹਾਂ ਵਿਚ ਪਾਏ ਲੰਗਾਰਾਂ ਨੂੰ ਸੱਭਿਆਚਾਰ ਦੀ ਸੂਈ ਨਾਲ ਜੋੜਨ ਦੇ ਉਪਰਾਲੇ ਕਰ ਰਹੇ ਸਾਂ। ਖਾੜਕੂਆਂ ਦੇ ਜਾਨੋ ਮਾਰਨ ਦੀਆਂ ਧਮਕੀਆਂ ਵੀ ਸਾਡੇ ਹੌਂਸਲੇ ਨੂੰ ਪਸਤ ਨਾ ਕਰ ਸਕੀਆਂ। ਸਾਡਾ ਇਕੋ ਮੱਤ ਸੀ ਮੌਤ ਤਾਂ ਅਟੱਲ ਹੈ। ਲੋਕਾਂ ਨੂੰ ਤੁਰੇ ਜਾਂਦਿਆਂ ਨੂੰ ਗੋਲੀ ਮਾਰੀ ਜਾ ਰਹੀ ਹੈ। ਜੇਕਰ ਸਾਨੂੰ ਸੱਭਿਆਚਾਰ ਦੀ ਸੇਵਾ ਕਰਦਿਆਂ ਗੋਲੀ ਵੱਜ ਗਈ ਤਾਂ ਕੀ ਪਹਾੜ ਡਿਗਣ ਲੱਗਾ। ਸੋ ਮਾਲਕ ਦੀ ਕਿਰਪਾ ਨਾਲ ਅਸੀਂ ਐਸ ਅਸ਼ੋਕ ਭੌਰਾ, ਬਲਜਿੰਦਰ ਮਾਨ, ਰਾਓ ਕੈਂਡੋਵਾਲ ਅਤੇ ਜੋਰਾਵਰ ਸਿੰਘ ਬੈਂਸ ਵਰਗੇ ਦੀਵਾਨੇ ਔਖੇ ਰਾਹਾਂ ਨੂੰ ਪਾਰ ਕਰਦੇ ਗਏ।

### ਕਲਾਕਾਰਾਂ ਦਾ ਕੁੰਭ

ਸ਼ੌਂਕੀ ਮੇਲੇ ਦੇ ਇਤਿਹਾਸ ਵਿਚ ਉਹ ਵੇਲਾ ਵੀ ਆਇਆ ਜਦੋਂ ਮਲਕੀਤ ਸਿੰਘ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਪੁੱਜਾ। ਤੇ ਦੋ ਵਾਰ ਦਲੇਰ ਮਹਿੰਦੀ ਨੂੰ ਮੇਲੇ ਵਿਚ ਸਮਾਂ ਹੀ ਨਾ ਮਿਲਿਆ ਤੇ ਉਹ ਖਾਲੀ ਹੱਥ ਪਰਤਦਾ ਰਿਹਾ।ਇੰਜ ਕੁਝ ਕਲਾਕਾਰ ਨਰਾਜ਼ ਵੀ ਹੁੰਦੇ ਰਹੇ। ਕੁਝ ਨੂੰ ਚੰਗਾ ਸਮਾ ਨਾ ਮਿਲਣ ਕਰਕੇ ਦੁੱਖ ਵੀ ਰਿਹਾ। 1994 ਦਾ ਮੇਲਾ ਇਸਦਾ ਸਿਖਰ ਸੀ ਜਿਸ ਵਿਚ ਸਟਾਰ ਬਣੇ ਕਲਾਕਾਰ ਹਰਭਜਨ ਮਾਨ, ਗੁਰਸੇਵਕ ਮਾਨ, ਮਨਮੋਹਨ ਵਾਰਿਸ, ਦੇਬੀ ਮਖਸੂਸਪੁਰੀ, ਕਮਜੀਤ ਨੀਰੂ ਸਮੇਤ ਸਭ ਵਰਗਾਂ ਦੇ ਕਲਾਕਾਰਾਂ ਨੇ ਹਾਜ਼ਰੀ ਲਗਵਾਈ। ਮੇਲੇ ਨੂੰ ਰਾਜਨੀਤੀ ਦੇ ਪ੍ਰਛਾਵੇਂ ਤੋਂ ਬਚਾਈ ਰੱਖਿਆ ਗਿਆ। ਪਰ 1995 ਵਿਚ ਪਹਿਲੀ ਵਾਰ ਪੰਜਾਬ ਦੇ ਖੇਤੀ ਬਾੜੀ ਮੰਤਰੀ ਸ. ਦਿਲਬਾਗ ਸਿੰਘ ਹਾਜ਼ਰ ਹੋਏ।ਬਸ ਫਿਰ ਮੇਲੇ ਨੂੰ ਰਾਜਨੀਤੀ ਦੀ ਸੌੜੀ ਨਜ਼ਰ ਲਗ ਗਈ। 1992 ਵਿਚ ਪੰਜਾਬ ਦੇ ਗਵਰਨਰ ਨੂੰ ਮੁੱਖ ਮਹਿਮਾਨ ਬਨਾਉਣ ਦਾ ਸੱਦਾ ਦੇ ਦਿੱਤਾ।

ਬੱਸ ਫਿਰ ਕੀ ਸੀ ਭੌਰੇ ਤੇ ਮਾਨ ਦੀ ਨਾਨਕਿਆਂ ਤਕ ਸੀ ਆਈ ਡੀ ਹੋਈ। ਪਤਾ ਇਹ ਕੀਤਾ ਜਾ ਰਿਹਾ ਸੀ ਕਿ ਇਨਾਂ ਦਾ ਉਦੇਸ਼ ਕੀ ਹੈ? ਜਿਸਦੀ ਪੂਰਤੀ ਲਈ ਇਹ ਮੇਲਾ ਲਾ ਰਹੇ ਨੇ ਜਾਂ ਗਵਰਨਰ ਨੂੰ ਬੁਲਾ ਰਹੇ ਹਨ। ਉਸ ਵੇਲੇ ਪੰਜਾਬ ਵਿਚ ਮਿਲਟਰੀ ਰਾਜ ਸੀ। ਜਿਸਦੀ ਵਾਗਡੋਰ ਪੰਜਾਬ ਦੇ ਗਵਰਨਰ ਹੱਥ ਸੀ। ਉਸ ਮੇਲੇ ਵਿਚ ਗਵਰਨਰ ਦੇ ਸਲਹਕਾਰਾਂ ਟੀ ਐਸ ਬਰੋਕਾ ਸ਼ਾਮਿਲ ਹੋਏ ਸਨ।







## ਰਮੇਸ਼ ਨੁਸੀਵਾਲ ਨੇ ਗਾ ਕਿ ਕਿਹਾ 'ਅਸੀਂ ਸਾਰੇ ਹਾਂ ਗੁਰੂ ਰਵਿਦਾਸ ਦੇ ਸ਼ੇਰ'




ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਗੁਰਪੁਰਬ ਆਗਮਨ ਨੂੰ ਸਮਰਪਿਤ ਸਰਗੁਣ ਮਿਊਜਿਕ ਤੇ ਰਮੇਸ਼ ਨੁੱਸੀਵਾਲ ਦੀ ਪੇਸ਼ਕਸ਼ ਇਹ ਧਾਰਮਿਕ ਗੀਤ "ਗੁਰੂ ਰਵਿਦਾਸ ਦੇ ਸ਼ੇਰ" ਸੰਗਤਾਂ ਨੂੰ ਅਰਪਣ ਕਰ ਦਿੱਤਾ ਗਿਆ। ਇਹ ਗੀਤ ਰਮੇਸ਼ ਨੁੱਸੀਵਾਲ ਨੇ ਆਪਣੀ ਦਮਦਾਰ ਤੇ ਸੁਰੀਲੀ ਆਵਾਜ਼ ਦੇ ਵਿੱਚ ਗਾਇਆ ਹੈ!

ਇਸ ਗੀਤ ਨੂੰ ਲਿਖਿਆ ਵੀ ਰਮੇਸ਼ ਨੁੱਸੀਵਾਲ ਨੇ ਆਪ ਹੈ ਇਸਦਾ ਮਿਊਜ਼ਿਕ ਪੰਮਾ ਜੀ ਨੇ ਤਿਆਰ ਕੀਤਾ, ਵੀਡੀ ਨਰੇਸ਼ ਝੱਮਟ ਨੇ ਬਣਾਈ ਹੈ ਮਾਸਟਰਿੰਗ ਕੁਲਦੀਪ ਬੱਸਣ ਨੇ ਕੀਤੀ ਹੈ। ਇਹ ਧਾਰਮਿਕ ਗੀਤ ਜਿੱਥੇ ਰਵਿਦਾਸ ਮਹਾਰਾਜ ਦੀ ਮਹਿਮਾ ਦੀ ਉਸਤਤ ਕਰਦਾ ਹੈ ਉੱਥੇ ਹੀ ਕ੍ਰਾਂਤੀਕਾਰੀ ਭਾਵ ਵੀ ਇਸ ਗੀਤ ਵਿੱਚ ਝਲਕਦੇ ਹਨ। ਰਮੇਸ਼ ਨੁੱਸੀਵਾਲ ਨੇ ਖਾਸ ਗੱਲਬਾਤ ਦੌਰਾਨ ਦੱਸਿਆ ਕਿ ਇਸ ਗੀਤ ਤੇ ਸਾਰੀ ਟੀਮ ਦੀ ਬਹੁਤ ਹੀ ਮਿਹਨਤ ਹੋਈ ਹੈ ਅਤੇ ਇਸ ਗੀਤ ਤੋਂ ਸਾਨੂੰ ਬਹੁਤ ਆਸਾ ਹਨ ਅਤੇ ਇਹ ਗੀਤ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਬਹੁਤ ਹੀ ਪਸੰਦ ਆਇਗਾ ਸਰਗੁਨ ਮਿਊਜ਼ਿਕ ਹਮੇਸ਼ਾਂ ਧਾਰਮਿਕ ਗੀਤ ਦੇਣ ਵਿੱਚ ਮੋਹਰੀ ਰਹੀ ਸੰਗੀਤ ਕੰਪਨੀ ਹੈ।

ਰਮੇਸ਼ ਨੁਸੀਵਾਲ ਨੇ ਜਦ ਵੀ ਗੁਰੂ ਰਵਿਦਾਸ ਜੀ ਦੀ ਮਹਿਮਾ ਆਪਣੀ ਗਾਇਕੀ ਨਾਲ ਪ੍ਰਗਟ ਕੀਤੀ ਤਦ ਹੀ ਉਸ ਦੇ ਪ੍ਰਸੰਸਕਾਂ ਨੇ ਇਸ ਨੂੰ ਬਹੁਤ ਪਸੰਦ ਕੀਤਾ ਹੈ।

-ਅੰਮ੍ਰਿਤ ਪਵਾਰ

# ਬੇ-ਟੈਮੀ ਰੋਟੀ ਬਨਾਮ ਲੰਗਰ!

ਸੰਨ 1975 ਤੋਂ ਲੈ ਕੇ ਕੋਈ 1982 ਤੱਕ ਮੇਰੇ ਪਿਤਾ ਜੀ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਹਿਮਾਚਲ ਦੇ ਪੈਰਾਂ ਹੇਠ ਵਸਦੇ ਵੱਡੇ ਕਸਬਿਆਂ ਜਿਵੇਂ ਦਸੂਹਾ, ਮੁਕੇਰੀਆਂ ਤਲਵਾੜਾ ਤੋਂ ਦੂਰ ਨੀਮ ਪਹਾੜੀ ਇਲਾਕੇ ਦੇ ਪਿੰਡ ਬੁੱਢਾਬੜ ਵਿਖੇ ਲੰਮਾਂ ਅਰਸਾ ਪਟਵਾਰੀ ਲੱਗੇ ਰਹੇ। ਆਮ ਕਸਬਿਆਂ ਤੋਂ ਦੂਰ ਅਤੇ ਹਿਮਾਚਲ ਦੀ ਹੱਦ ਦੇ ਨੇੜੇ ਹੋਣ ਦੇ ਬਾਵਜੂਦ ਬਹੁਤ ਸਾਰੇ ਪੰਜਾਬ ਦੇ ਅਤੇ ਹਿਮਾਚਲ ਦੇ ਪਿੰਡਾਂ ਲਈ ਇੱਕੋ ਬਾਜ਼ਾਰ ਹੋਣ ਕਰਕੇ ਇਸ ਪਿੰਡ ਦਾ ਬਜ਼ਾਰ ਆਮ ਪਿੰਡਾਂ ਦੇ ਮੁਕਾਬਲੇ ਬਹੁਤ ਵਧੀਆ ਆਬਾਦ ਹੋ ਗਿਆ ਸੀ। ਸਾਰਾ ਪਿੰਡ ਵੱਡੀਆਂ ਜ਼ਮੀਨਾਂ ਦੇ ਮਾਲਕ ਰਾਜਪੂਤਾਂ ਦਾ ਸੀ। ਜਿਆਦਾਤਰ ਇਹ ਰਾਜਪੂਤ ਲੋਕ ਅਮੀਰ ਹੋਣ ਦੇ ਬਾਵਜੂਦ ਸੁਭਾਅ ਪੱਖੋਂ ਸਾਊ ਸ਼ਰੀਫ ਤੇ ਸਰਕਾਰੀ ਮੁਲਾਜ਼ਮਾਂ ਦੇ ਬੜੇ ਹੀ ਤਾਬਿਆਦਾਰ ਸਨ। ਬਾਜ਼ਾਰ ਦੇ ਵਿਚਕਾਰ ਇੱਕ ਬ੍ਰਹਮ ਸਿੰਘ (ਬ੍ਰਹਮੂ ਮਿਸਤਰੀ) ਨਾਮ ਦੇ ਲੁਹਾਰ ਸਿੱਖ ਦਾ ਕਹੀਆਂ, ਰੰਬੇ, ਦਾਤੀਆਂ ਬਣਾਉਣ ਅਤੇ ਵੈਲਡਿੰਗ ਆਦਿ ਦਾ ਕਾਰਖਾਨਾ ਸੀ। ਉਸ ਲੁਹਾਰ ਦੀ ਕੋਈ ਜ਼ਮੀਨ ਨਾ ਹੋਣ ਕਰਕੇ ਉਹਦਾ ਪਟਵਾਰੀ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਪਰ ਬਾਵਜੂਦ ਇਸਦੇ ਉਹ ਭਾਪਾ ਜੀ ਨਾਲ ਬੜਾ ਪਿਆਰ ਰੱਖਦਾ। ਅਕਸਰ ਬਜ਼ਾਰ ਵਿਚੋਂ ਲੰਘਦਿਆਂ ਭਾਪਾ ਜੀ ਨੂੰ ਚਾਹ-ਪਾਣੀ ਤੋਂ ਬਗੈਰ ਜਾਣ ਨਾ ਦੇਂਦਾ।ਸਾਲ ਵਿਚ ਇੱਕ ਵਾਰ ਉਹ ਭਾਪਾ ਜੀ ਨੂੰ ਪੰਜ ਛੇ ਕੁ ਬਹੁਤ ਸੋਹਣੀਆਂ ਦਾਤੀਆਂ (ਇੱਕ ਅੱਧੀ ਪਿੱਤਲ ਦੀ ਕਦਾਈ ਵਾਲੀ) ਤੋਹਫੇ ਵਜੋਂ ਦਿੰਦਾ!

ਪਹਿਲਾਂ ਪਹਿਲ ਭਾਪਾ ਜੀ ਨੂੰ ਆਖਣ ਲੱਗਿਆ ਕਿ ਚੌਧਰੀ ਸਾਹਿਬ ਤੁਹਾਡੇ ਕੋਲ ਅਕਸਰ ਰਾਤ ਬਰਾਤੇ ਕੋਈ ਨਾ ਕੋਈ ਗਿਰਦਾਵਰ ਤਹਿਸੀਲਦਾਰ ਆ ਜਾਂਦੇ ਨੇ।ਤੁਸੀਂ ਬੇਫਿਕਰ ਅੱਧੀ ਰਾਤ ਦਾਸ ਦਾ ਦਰਵਾਜ਼ਾ ਖੜਕਾ ਦੇਣਾ, ਅੱਧੇ ਕੁ ਘੰਟੇ 'ਚ ਰੋਟੀ ਜਰੂਰ ਤਿਆਰ ਮਿਲੇਗੀ। ਭਾਪਾ ਜੀ ਦੱਸਦੇ ਹੁੰਦੇ ਨੇ ਕਿ ਸੱਤ ਕੁ ਸਾਲਾਂ ਦੀ ਨੌਕਰੀ ਦੌਰਾਨ ਮੈਨੂੰ ਕੋਈ ਦੋ ਚਾਰ ਵਾਰ ਮਜਬੂਰੀ ਵੱਸ ਉਸਦੇ ਪਰਿਵਾਰ ਨੂੰ ਇਹ ਤਕਲੀਫ ਦੇਣੀ ਵੀ ਪਈ।

ਅਜਿਹੇ ਇਕ ਮੌਕੇ ਭਾਪਾ ਜੀ ਉਹਦਾ ਸ਼ੁਕਰੀਆ ਅਦਾ ਕਰਨ ਗਏ ਕਿ ਰਾਤ ਤੁਹਾਨੂੰ ਬੇਵਕਤੀ ਖੇਚਲ ਦਿੱਤੀ ਜੀ, ਖਿਮਾਂ ਕਰਨਾਂ! ਉਸ ਵੇਲੇ ਮਿਸਤਰੀ ਵਲੋਂ ਦਿੱਤਾ ਜਵਾਬ ਘੱਟੋ ਘੱਟ ਸਾਡੇ ਪਰਿਵਾਰ ਲਈ ਸਦਾ ਸਦਾ ਲਈ ਚਾਨਣ ਮੁਨਾਰਾ ਬਣ ਗਿਆ!

ਉਸਨੇ ਭਾਪਾ ਜੀ ਨੂੰ ਦੱਸਿਆ-"ਪਟਵਾਰੀ ਜੀ, ਉਹ ਘਰ ਬਦਕਿਸਮਤ ਹੁੰਦੇ ਨੇ ਜਿੱਥੇ ਗਏ ਬੰਦੇ ਨੂੰ ਰੋਟੀ ਵੀ ਨਹੀਂ ਪੁੱਛੀ ਜਾਂਦੀ। ਆਮ ਘਰਾਂ ਵਿੱਚ ਰੋਟੀ-ਟੁੱਕ ਵੇਲੇ ਤਾਂ ਛਕਣ ਲਈ ਕੁੱਝ ਨਾ ਮਿਲ ਹੀ ਜਾਂਦਾ ਹੈ ਪਰ ਉਹ ਘਰ ਕਿਸਮਤ ਵਾਲੇ ਬਰਕਤ ਵਾਲੇ ਹੁੰਦੇ ਹਨ ਜਿੱਥੇ ਬੇਵਕਤੀ ਆਏ-ਗਏ ਅਤਿਥੀ ਨੂੰ ਭਾਵ 'ਬੇ-ਟੈਮੀ ਰੋਟੀ' ਵੀ ਛਕਾਈ ਜਾਂਦੀ ਹੈ!"

ਮੇਰੇ ਸੁਰਤਿ ਸੰਭਾਲਣ ਤੋਂ ਪਹਿਲਾਂ ਹੀ ਸਾਡੇ ਘਰ ਵਿੱਚ ਇਹ 'ਬੇ-ਟੈਮੀ ਰੋਟੀ' ਦਾ ਅਮਲ ਬਾਕਾਇਦਾ ਸ਼ੁਰੂ ਹੋ ਗਿਆ ਸੀ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਬਦਸਤੂਰ ਜਾਰੀ ਹੈ। ਅਮਰੀਕਾ ਪਹੁੰਚ ਕੇ ਵੀ ਮੈਂ ਯਥਾਸ਼ਕਤਿ ਇਸ 'ਤੇ ਅਮਲ ਕਰਦਾ ਹਾਂ। ਹੁਣ ਵੀ ਸਾਡੇ ਘਰੇ ਦੇਰ ਰਾਤ ਕੋਈ ਸੱਜਣ ਮਿੱਤਰ ਆਵੇ ਤਾਂ ਉਸਨੂੰ ਪ੍ਰਸ਼ਾਦਾ ਛਕਾਉਦਿਆਂ ਹਮੇਸ਼ਾ ਮੈਨੂੰ 'ਬੇ-ਟੈਮੀ ਰੋਟੀ' ਦੇ ਸਿਧਾਂਤ ਦੀ ਪਾਲਣਾ ਕਰਦਿਆਂ ਮਾਣ ਮਹਿਸੂਸ ਹੁੰਦਾ ਹੈ!

ਕਦੇ ਕਦੇ ਤਾਂ ਇੰਝ ਲੱਗਦੈ ਕਿ ਹੋ ਸਕਦਾ ਹੈ ਗੁਰੂ ਸਾਹਿਬ ਵਲੋਂ ਚਲਾਏ ਗਏ ਸਦਾਵਰਤ-ਲੰਗਰਾਂ ਦੀ ਵਿਲੱਖਣ ਮਰਿਯਾਦਾ ਦੀ ਸ਼ੁਰੂਆਤ ਦਾ ਅਧਾਰ ਵੀ ਇਹ 'ਬੇ-ਟੈਮੀ ਰੋਟੀ' ਹੀ ਰਹੀ ਹੋਵੇਗੀ ਸ਼ਾਇਦ !!

'ਹਾਲੀ' ਖ਼ੁਦਾ ਕਾ ਸ਼ੁਕਰ ਕਰ ਕੁਰਬਾਨ ਜਾ ਮਹਿਮਾਨ ਪਰ ਅਪਨਾ ਖਾਨਾ ਖਾ ਰਹਾ ਤੇਰੇ ਦਸਤਰਖ਼ਾਨ ਪਰ!

-ਰਜਿੰਦਰ ਸਿੰਘ ਟਾਂਡਾ
1 (510) 557-6988

## ਗ਼ਜ਼ਲ

ਉਹ ਲੋਕਾਂ ਦੇ ਘਰਾਂ ਦੇ ਭੇਦ ਏਦਾਂ ਖੋਲ੍ਹਦਾ ਰਹਿੰਦਾ।
ਜਿਵੇਂ ਕੁੱਤੇ ਨੂੰ ਕੋਈ ਸੂਰ ਮੂੰਹ ਨਾਲ ਫੋਲਦਾ ਰਹਿੰਦਾ।
ਮਿਲੇਗੀ ਖੈਰ ਉਸ ਦੀ ਸੋਚ ਨੂੰ ਇਕ ਲਿਲਕੜੀ ਕਹਿੰਦੀ,
ਭਿਖਾਰੀ ਆਸ ਦੀ ਤਕੜੀ 'ਚ ਖੁਦ ਨੂੰ ਤੋਲਦਾ ਰਹਿੰਦਾ।
ਇਵੇਂ ਇਨਕਾਰ ਤੇ ਇਕਰਾਰ ਦੀ ਦੁਵਿਧਾ ਦੇ ਕੀ ਕਹਿਣੇ।
ਜਿਵੇਂ ਮੌਸਮ ਦੀ ਹਰਕਤ ਨਾਲ ਪਾਰਾ ਡੋਲਦਾ ਰਹਿੰਦਾ।
ਇਵੇਂ ਹਾਲਾਤ ਕਰਕੇ ਜ਼ਿੰਦਗੀ ਤੋਂ ਹਾਰ ਕੀ ਹੋਈ,
ਜਿਵੇਂ ਪਾਗਲ ਬਿਨਾਂ ਬੋਲੇ ਹੀ ਮੂੰਹੋਂ ਬੋਲਦਾ ਰਹਿੰਦਾ।
ਕਿਸੇ ਮੰਦਿਰ ਦੀ ਪੂਜਾ ਵਾਂਗ ਕੱਲਿਆਂ ਬੈਠ ਕੇ ਕੋਠੇ,
ਖਰੇ ਉਹ ਕਿਉਂ ਸ਼ੁਦਾਈਆਂ ਵਾਂਗ ਹੰਝੂ ਡੋਲ੍ਹਦਾ ਰਹਿੰਦਾ।
ਗ਼ਮੁਰਾਣੀ ਯਾਦ ਨਾਲ ਉਹ ਇਸ ਤਰ੍ਹਾਂ ਰਿਸ਼ਤਾ ਨਿਭਾਂਦਾ ਹੈ,
ਲਲਾਰੀ ਕਪੜੇ ਤੋਂ ਪਹਿਲਾਂ ਜਿਵੇਂ ਰੰਗ ਘੋਲਦਾ ਰਹਿੰਦਾ।
ਉਡੀਕਾਂ ਤੇਰੀਆਂ ਦੇ ਵਿਚ ਘਰਾਂ ਦੇ ਬਾਰੀਆਂ ਬੂਹੇ,
ਕਦੀ ਉਹ ਮੇਲਦਾ ਰਹਿੰਦਾ ਕਦੀ ਉਹ ਖੋਲ੍ਹਦਾ ਰਹਿੰਦਾ।
ਜਿਵੇਂ ਸਿਗਰਟ ਨੂੰ ਪੀ ਕੇ ਫਾਲਤੂ ਟੋਟੇ ਨੂੰ ਸੁੱਟ ਦਿੰਦੇ,
ਇਵੇਂ ਉਹ ਵਰਤ ਕੇ ਬੰਦੇ ਨੂੰ ਪੈਰੀਂ ਰੋਲਦਾ ਰਹਿੰਦਾ।
ਤੇਰੇ ਇੰਤਜ਼ਾਰ ਵਿਚ ਬਾਲਮ ਖੜ੍ਹਾ ਮੁੱਦਤ ਤੋਂ ਰਾਹਾਂ ਵਿਚ,
ਨਜ਼ਰ ਵਿਚ ਰਖ ਕੇ ਪਲਕਾਂ ਦੀ ਉਹ ਪੱਖੀ ਝੋਲਦਾ ਰਹਿੰਦਾ।


ਬਲਵਿੰਦਰ ਬਾਲਮ ਗੁਰਦਾਸਪੁਰ
91-98156-25409

# ਪੰਜਾਬੀਆਂ ਦਾ ਹਰਮਨ ਪਿਆਰਾ ਨਾਵਲਕਾਰ ਜਸਵੰਤ ਸਿੰਘ ਕੰਵਲ

ਡਾ. ਇਕਬਾਲ ਸਿੰਘ ਸਕਰੌਦੀ
91-84276-85020

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਜਿੱਥੇ ਸਾਹਿਤਕਾਰ ਦੀਆਂ ਲਿਖਤਾਂ ਸਮਾਜ ਦੇ ਬਾਸ਼ਿੰਦਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਉੱਥੇ ਬਦਲਵੇਂ ਰੂਪ ਵਿੱਚ ਸਮਾਜ ਵੀ ਸਾਹਿਤਕਾਰ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤਕ ਕ੍ਰਿਤਾਂ ਵਿਚਲੇ ਪਾਤਰਾਂ ਬਾਰੇ ਪੜ੍ਹ ਕੇ, ਸੁਣ ਕੇ ਜਾਂ ਉਨ੍ਹਾਂ ਨੂੰ ਫ਼ਿਲਮਾਂ, ਨਾਟਕਾਂ, ਇਕਾਂਗੀਆਂ ਆਦਿ ਵਿੱਚ ਅਦਾਕਾਰੀ ਕਰਦਿਆਂ ਵੇਖ ਕੇ ਜਿੱਥੇ ਪਾਠਕਾਂ, ਸ੍ਰੋਤਿਆਂ, ਦਰਸ਼ਕਾਂ ਨੂੰ ਇੱਕ ਮਾਨਸਿਕ ਤਸੱਲੀ ਮਿਲਦੀ ਹੈ, ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਉੱਥੇ ਉਹ ਗਿਆਨ ਵੀ ਹਾਸਲ ਕਰਦੇ ਹਨ। ਕਿਉਂਕਿ ਸਾਹਿਤਕਾਰ ਦਾ ਅਨੁਭਵ ਆਪ ਵਿਅਕਤੀ ਨਾਲੋਂ ਵਧੇਰੇ ਡੂੰਘਾ ਅਤੇ ਪ੍ਰਭਾਵਕਾਰੀ ਹੁੰਦਾ ਹੈ।

ਜਸਵੰਤ ਸਿੰਘ ਕੰਵਲ ਪੰਜਾਬੀ ਦੇ ਇੱਕ ਮਹਾਨ ਸਾਹਿਤਕਾਰ ਹੋਏ ਹਨ, ਜਿਨ੍ਹਾਂ ਦੀਆਂ ਰਚਨਾਵਾਂ ਨੇ ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਲੱਖਾਂ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲਾਈ। ਜਿੱਥੇ ਕੰਵਲ ਦੇ ਨਾਵਲ ਅਤੇ ਕਹਾਣੀਆਂ ਉਸ ਦੇ ਸਮਕਾਲ ਵਿੱਚ ਪਾਠਕਾਂ ਲਈ ਹਮੇਸ਼ਾ ਖਿੱਚ ਦਾ ਕਾਰਨ ਬਣਦੇ ਰਹੇ ਹਨ, ਉੱਥੇ ਅੱਜ ਦੇ ਮੋਬਾਇਲ ਅਤੇ ਇੰਟਰਨੈਟ ਦੇ ਯੁੱਗ ਵਿੱਚ ਵੀ ਉਸ ਦੇ ਨਾਵਲਾਂ ਨੂੰ ਉਸੇ ਪਿਆਰ, ਖ਼ਲੂਸ, ਮੋਹ, ਮੁਹੱਬਤ ਅਤੇ ਸ਼ਿੱਦਤ ਨਾਲ ਪੜ੍ਹਿਆ ਜਾਂਦਾ ਹੈ। ਜਸਵੰਤ ਸਿੰਘ ਕੰਵਲ ਦਾ ਜਨਮ ਪਿਤਾ ਮਾਹਲਾ ਸਿੰਘ ਦੇ ਘਰ, ਮਾਂ ਹਰਨਾਮ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਜ਼ਿਲ੍ਹਾ ਮੋਗਾ ਵਿੱਚ ਸਤਾਈ ਜੂਨ, 1919 ਈਸਵੀ ਨੂੰ ਇੱਕ ਮੱਧਵਰਗੀ ਕਿਸਾਨੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ। ਫ਼ਿਰ ਅੱਠਵੀਂ ਜਮਾਤ ਪਾਸ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪਰੀਖਿਆ ਪਾਸ ਕੀਤੀ। ਉਹ ਅਜੇ ਪੰਜ ਸਾਲ ਦਾ ਹੋਇਆ ਸੀ ਕਿ ਉਸ ਦੇ ਪਿਤਾ ਜੀ ਦੀ ਮੌਤ ਹੋ ਗਈ। ਘਰ ਦੀ ਆਰਥਿਕ ਹਾਲਤ ਬਹੁਤ ਜ਼ਿਆਦਾ ਪਤਲੀ ਹੋਣ ਕਾਰਨ ਉਸ ਨੂੰ ਕਈ ਪਾਪੜ ਵੇਲਣੇ ਪਏ। ਰੋਜ਼ੀ ਰੋਟੀ ਦੀ ਖ਼ਾਤਰ ਕੁਝ ਸਾਲ ਆਪਣੇ ਛੋਟੇ ਵੀਰ ਨਾਲ ਖੇਤੀਬਾੜੀ ਵੀ ਕੀਤੀ। ਫ਼ਿਰ ਮਲਾਇਆ ਵਿੱਚ ਚੌਂਕੀਦਾਰੀ ਵੀ ਕਰਦਾ ਰਿਹਾ। ਫ਼ਿਰ ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਖੇ ਕਲਰਕ ਦੇ ਤੌਰ 'ਤੇ ਲੰਮਾ ਸਮਾਂ ਨੌਕਰੀ ਕੀਤੀ। ਪਰੰਤੂ ਮੁੱਢ ਤੋਂ ਹੀ ਸਿਰੜੀ ਸੁਭਾਅ ਦਾ ਹੋਣ ਕਾਰਨ ਉਸ ਨੇ ਕਦੇ ਵੀ ਹਾਰ ਨਹੀਂ ਸੀ ਮੰਨੀ। ਮਲਾਇਆ ਵਿੱਚ ਰਹਿੰਦਿਆਂ ਉਸ ਦਾ ਪਹਿਲੀ ਨਜ਼ਰ ਦਾ ਪਿਆਰ ਇੱਕ ਚੀਨਣ ਮੁਟਿਆਰ ਨਾਲ ਪੈ ਗਿਆ। ਉਹ ਮੁਟਿਆਰ ਇਸ ਸ਼ਰਤ 'ਤੇ ਕੰਵਲ ਨਾਲ ਵਿਆਹ ਕਰਵਾਉਣ ਲਈ ਸਹਿਮਤ ਹੋ ਗਈ ਸੀ ਕਿ ਉਹ ਮੁੜ ਆਪਣੇ ਵਤਨ ਭਾਰਤ ਨਹੀਂ ਜਾਵੇਗਾ। ਪਰੰਤੂ ਕੰਵਲ ਨੂੰ ਆਪਣੀ ਜੰਮਣ ਭੋਇੰ ਦੀ ਖਿੱਚ ਇੰਨੀਂ ਜ਼ਿਆਦਾ ਸੀ ਕਿ ਉਹ ਆਪਣੀ ਚੜ੍ਹਦੀ ਜਵਾਨੀ ਦੇ ਪਿਆਰ ਨੂੰ ਛੱਡ ਕੇ ਆਪਣੇ ਦੇਸ਼ ਵਾਪਸ ਆ ਗਿਆ।



ਜਸਵੰਤ ਸਿੰਘ ਕੰਵਲ ਨੂੰ ਲਿਖਣ ਦੀ ਚੇਟਕ ਮਲਾਇਆ ਦੇ ਜੰਗਲਾਂ ਵਿੱਚ ਘੁੰਮਦਿਆਂ ਹੀ ਲੱਗੀ। ਇਸੇ ਲਈ ਉਹ ਆਪਣੀ ਲਿਖਤ ਕਲਾ ਨੂੰ 'ਮਲਾਇਆ ਦੀ ਸੌਗਾਤ' ਮੰਨਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਕਰਦਿਆਂ ਉਸ ਕੋਲ ਜਿੰਨਾਂ ਵੀ ਬਾਕੀ ਸਮਾਂ ਬਚਦਾ ਸੀ, ਉਹ ਕਮੇਟੀ ਦੀ ਲਾਇਬ੍ਰੇਰੀ ਵਿੱਚ ਚਲਾ ਜਾਂਦਾ। ਉੱਥੇ ਹੀ ਉਸ ਨੇ ਸੰਸਾਰ ਭਰ ਦੇ ਲੇਖਕਾਂ ਦੀਆਂ ਪ੍ਰਸਿੱਧ ਰਚਨਾਵਾਂ ਨਾਵਲ, ਕਹਾਣੀਆਂ, ਕਵਿਤਾਵਾਂ, ਲੇਖ, ਜੀਵਨੀਆਂ, ਸਵੈ-ਜੀਵਨੀਆਂ ਪੜ੍ਹੀਆਂ। ਉੱਥੇ ਹੀ ਇੱਕ ਪਬਲਿਸ਼ਰ ਨੇ ਉਸ ਨੂੰ ਪੰਜਾਬੀ ਸਾਹਿਤ ਲਿਖਣ ਲਈ ਪ੍ਰੇਰਿਆ। ਉਸ ਦੀ ਰਚੀ ਸਭ ਤੋਂ ਪਹਿਲੀ ਰਚਨਾ 'ਜੀਵਨ ਕਣੀਆਂ' ਵਾਰਤਕ ਰੂਪ ਵਿੱਚ 1941 ਈਸਵੀ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਆਈ। ਜਿਸ ਦਾ ਪੰਜਾਬੀ ਪਾਠਕਾਂ, ਸਾਹਿਤਕਾਰਾਂ, ਆਲੋਚਕਾਂ ਨੇ ਭਰਪੂਰ ਹੁੰਗਾਰਾ ਭਰਿਆ।

ਜਸਵੰਤ ਸਿੰਘ ਕੰਵਲ ਦੇ ਲਿਖੇ ਤੀਹ ਤੋਂ ਵੱਧ ਨਾਵਲ ਮਿਲਦੇ ਹਨ। ਜਿਨ੍ਹਾਂ ਵਿੱਚੋਂ ਪੂਰਨਮਾਸ਼ੀ, ਰੂਪਧਾਰਾ, ਹਾਣੀ, ਮਨੁੱਖਤਾ, ਲਹੂ ਦੀ ਲੋਅ, ਐਨਿਆਂ 'ਚੋਂ ਉੱਠੋ ਸੂਰਮਾਂ, ਤੋਸ਼ਾਲੀ ਦੀ ਹੰਸੋ, ਇੱਕ ਹੋਰ ਹੈਲਨ ਬਹੁਤ ਜ਼ਿਆਦਾ ਪ੍ਰਸਿੱਧ ਹੋਏ। 'ਪੂਰਨਮਾਸ਼ੀ' ਨਾਵਲ ਨੂੰ ਪੰਜਾਬੀ ਪਾਠਕਾਂ ਨੇ ਸਭ ਤੋਂ ਵੱਧ ਪੜ੍ਹਿਆ। ਇਸ ਨਾਵਲ ਵਿੱਚ ਪ੍ਰੀਤ ਕਹਾਣੀ ਨੂੰ ਮਲਵਈ ਸਭਿਆਚਾਰ ਦੀ ਅਜਿਹੀ ਚਾਸ਼ਨੀ ਚਾੜ੍ਹੀ ਗਈ ਹੈ ਕਿ ਇਸ ਨੂੰ ਹਰੇਕ ਨੌਜਵਾਨ ਅਤੇ ਮੁਟਿਆਰ ਨੇ ਪੂਰੀ ਸ਼ਿੱਦਤ ਨਾਲ ਪੜ੍ਹਿਆ ਅਤੇ ਮਾਣਿਆ ਹੈ।

ਜਸਵੰਤ ਸਿੰਘ ਕੰਵਲ ਦਾ ਪੰਜਾਬੀ ਨਾਵਲ ਜਗਤ ਵਿੱਚ ਬਹੁਤ ਵੱਡਾ ਨਾਂ ਹੈ। ਉਸ ਨੇ ਮਲਵਈਆਂ ਦੇ ਪੇਂਡੂ ਜਨ ਜੀਵਨ ਨੂੰ ਆਪਣੇ ਨਾਵਲਾਂ ਦੀ ਆਧਾਰ ਭੂਮੀ ਬਣਾਇਆ ਹੈ। ਉਸ ਨੂੰ ਸ੍ਰ. ਨਾਨਕ ਸਿੰਘ ਨਾਵਲਿਸਟ ਦੇ ਉੱਤਰਾਧਿਕਾਰੀ ਦੇ ਤੌਰ 'ਤੇ ਵੀ ਯਾਦ ਕੀਤਾ ਜਾਂਦਾ ਹੈ। ਪਰੰਤੂ ਉਹ ਆਪਣੇ ਨਾਵਲਾਂ ਦੇ ਵਿਸ਼ੇ-ਵਸਤੂ ਕਾਰਨ ਨਾਨਕ ਸਿੰਘ ਤੋਂ ਬਿਲਕੁਲ ਵੱਖਰਾ ਸਾਹਿਤਕਾਰ ਹੋਇਆ ਹੈ। ਕੰਵਲ ਨੇ ਆਪਣੇ ਨਾਵਲਾਂ ਨੂੰ ਆਧਾਰ ਬਣਾ ਕੇ ਸਮਾਜਵਾਦੀ ਯਥਾਰਥਵਾਦ ਦਾ ਮਾਨਵਵਾਦੀ ਸੁਨੇਹਾ ਸਮਾਜ ਨੂੰ ਦਿੱਤਾ ਹੈ। ਪੇਂਡੂ ਜੀਵਨ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਆਪਸੀ ਵਿਰੋਧ ਵਿੱਚੋਂ ਉਪਜੀਆਂ ਘਟਨਾਵਾਂ ਕੰਵਲ ਦੇ ਨਾਵਲਾਂ ਦੀ ਪਿੱਠ ਭੂਮੀ ਬਣੀਆਂ ਹਨ। ਸ਼੍ਰੇਣੀ ਸੰਘਰਸ਼ ਨੂੰ ਉਹ ਪ੍ਰੀਤ ਕਥਾ ਦੇ ਪਿਛੋਕੜ ਵਿੱਚ ਰੱਖ ਕੇ ਪੇਸ਼ ਕਰਦਾ ਹੈ। ਕੰਵਲ ਦੇ ਨਾਵਲਾਂ ਦਾ ਮੂਲ ਆਧਾਰ 'ਪਿਆਰ' ਹੈ। ਮੂਲ ਰੂਪ ਵਿੱਚ ਮਾਰਕਸਵਾਦ ਦਾ ਉਸ 'ਤੇ ਬਹੁਤ ਡੂੰਘਾ ਪ੍ਰਭਾਵ ਹੈ। ਉਸ ਨੇ ਬੜੀ ਜੁਰਅਤ ਸਹਿਤ ਔਰਤ ਦੇ ਹੱਕ ਵਿੱਚ ਆਪਣੀ ਅਵਾਜ਼ ਬੁਲੰਦ ਕੀਤੀ ਹੈ। ਉਸ ਨੇ ਪੇਂਡੂਆਂ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਪੱਖਾਂ ਨੂੰ ਆਪਣੇ ਨਾਵਲਾਂ ਵਿੱਚ ਵਾਰ-ਵਾਰ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਉਸ ਨੇ ਜਾਗੀਰਦਾਰੀ ਪ੍ਰਬੰਧ ਦੀਆਂ ਕੁਰੀਤੀਆਂ ਨੂੰ ਵੀ ਬੜੇ ਜ਼ੋਰ ਨਾਲ ਭੰਡਿਆ ਹੈ।

'ਸੱਚ ਨੂੰ ਫ਼ਾਂਸੀ' ਕੰਵਲ ਦਾ ਪਹਿਲਾ ਮੌਲਿਕ ਨਾਵਲ ਸੀ, ਜਿਸ ਨੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ, ਅਧਿਆਪਕਾਂ, ਲੇਖਕਾਂ ਅਤੇ ਲੱਖਾਂ ਪਾਠਕਾਂ ਨੇ ਬੜੀ ਰੀਝ ਅਤੇ ਨੀਝ ਨਾਲ ਪੜ੍ਹਿਆ। ਜਦੋਂ ਕੰਵਲ ਦਾ ਦੂਜਾ ਨਾਵਲ 'ਪਾਲੀ' ਛਪਿਆ ਤਾਂ ਪੰਜਾਬੀ ਨਾਵਲ ਜਗਤ ਦੇ ਮਹਾਨ ਨਾਵਲਕਾਰ ਸ੍ਰ. ਨਾਨਕ ਸਿੰਘ ਜੀ ਨੇ ਉਸ ਦੀ ਲੇਖਣੀ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਸ ਨੂੰ ਲਗਾਤਾਰ ਲਿਖਦੇ ਰਹਿਣ ਲਈ ਪ੍ਰੇਰਿਤ ਕੀਤਾ। 'ਪੂਰਨਮਾਸ਼ੀ' ਨਾਵਲ ਵਿੱਚ ਕੰਵਲ ਨੇ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਅਜਿਹਾ ਖ਼ੂਬਸੂਰਤ ਦ੍ਰਿਸ਼ ਚਿਤਰਿਆ ਹੈ ਕਿ ਇਹ ਨਾਵਲ ਹਰੇਕ ਪੰਜਾਬੀ ਨੇ ਵਾਰ-ਵਾਰ ਪੜ੍ਹਿਆ। ਜਦੋਂ ਭਾਰਤੀ ਕੌਮਿਨਿਸਟ ਪਾਰਟੀ ਆਪਣੀ ਟੀਸੀ 'ਤੇ ਪੁੱਜੀ ਹੋਈ ਸੀ, ਤਦ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਆਣ ਪਿਆ। ਕੰਵਲ ਦੀਆਂ ਨਾਵਲੀ ਕ੍ਰਿਤਾਂ ਤੋਂ ਪ੍ਰਭਾਵਿਤ ਹੋ ਕੇ ਸੂਰਜਪੁਰ ਫੈਕਟਰੀ ਵਿੱਚ ਮੈਡੀਕਲ ਇੰਚਾਰਜ ਲੱਗੀ ਇੱਕ ਕੁੜੀ ਡਾ. ਜਸਵੰਤ ਕੌਰ ਗਿੱਲ ਦਾ ਝੁਕਾਅ ਉਸ ਵੱਲ ਹੋ ਗਿਆ। ਤੇ 1955 ਈਸਵੀ ਵਿੱਚ ਦੋਵਾਂ ਨੇ ਵਿਆਹ ਕਰਵਾ ਲਿਆ। ਪੱਛਮੀ ਬੰਗਾਲ ਦੇ ਜ਼ਿਲ੍ਹਾ ਦਾਰਜੀਲਿੰਗ ਦੇ ਨਕਸਲਬਾੜੀ ਪਿੰਡ ਤੋਂ ਚੱਲੀ ਮਜ਼ਦੂਰਾਂ ਦੀ ਸੰਘਰਸ਼ਮਈ ਲਹਿਰ ਨੇ ਇਨਕਲਾਬੀ ਰੂਪ ਧਾਰਨ ਕਰ ਲਿਆ ਸੀ। ਤਦ ਕੰਵਲ ਨੇ 'ਲਹੂ ਦੀ ਲੋਅ' ਨਾਵਲ ਦੀ ਸਿਰਜਣਾ ਕੀਤੀ। ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਣ ਕਾਰਨ ਪੰਜਾਬ ਦੇ ਕਿਸੇ ਵੀ ਪਬਲਿਸ਼ਰ ਨੇ ਇਸ ਨਾਵਲ ਨੂੰ ਛਾਪਣ ਦੀ ਜੁਰਅਤ ਨਾ ਕੀਤੀ। ਤਦ ਸਿੰਗਾਪੁਰ ਤੋਂ ਇਹ ਨਾਵਲ ਪ੍ਰਕਾਸ਼ਿਤ ਹੋਇਆ। ਪਾਠਕਾਂ ਨੇ ਪੂਰੀ ਰੀਝ ਨਾਲ ਇਸ ਨਾਵਲ ਨੂੰ ਪੜ੍ਹਿਆ। ਮਹਾਰਾਜਾ ਅਸ਼ੋਕ ਵੱਲੋਂ ਕਲਿੰਗਾ ਦੇ ਯੁੱਧ ਵਿੱਚ ਬਹੁਤ ਜ਼ਿਆਦਾ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਉਨ੍ਹਾਂ ਮੌਤ ਦੇ ਮੂੰਹ ਵਿੱਚ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕੰਵਲ ਨੇ 'ਤੋਸ਼ਾਲੀ ਦੀ ਹੰਸੋ' ਨਾਵਲ ਲਿਖਿਆ।


ਜਸਵੰਤ ਸਿੰਘ ਕੰਵਲ ਦੇ ਰਚੇ ਨਾਵਲਾਂ ਵਿੱਚ ਸੱਚ ਨੂੰ ਫਾਂਸੀ, ਪਾਲੀ, ਪੂਰਨਮਾਸ਼ੀ, ਜ਼ਿੰਦਗੀ ਦੂਰ ਨਹੀਂ, ਰਾਤ ਬਾਕੀ ਹੈ, ਸਿਵਲ ਲਾਈਨਜ਼, ਰੂਪਧਾਰਾ, ਹਾਣੀ, ਭਵਾਨੀ, ਮਿੱਤਰ ਪਿਆਰੇ ਨੂੰ, ਜੇਰਾ, ਬਰਫ਼ ਦੀ ਅੱਗ, ਤਾਰੀਖ਼ ਵੇਖਦੀ ਹੈ, ਲਹੂ ਦੀ ਲੋਅ, ਮਨੁੱਖਤਾ, ਮੋੜਾ, ਸੁਰ ਸਾਂਝ, ਐਨਿਆਂ 'ਚੋਂ ਉੱਠੋ ਸੂਰਮਾਂ, ਅਹਿਸਾਸ, ਖ਼ੂਬਸੂਰਤ ਦੁਸ਼ਮਣ, ਤੋਸ਼ਾਲੀ ਦੀ ਹੰਸੋ, ਚਿੱਕੜ ਦੇ ਕੰਵਲ, ਰੂਪਮਤੀ, ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਭਾਗ-1, ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਭਾਗ-2, ਮੁਕਤੀ ਮਾਰਗ, ਇੱਕ ਹੋਰ ਹੈਲਨ, ਸੁੰਦਰਾਂ ਅਤੇ ਲੱਧਾ ਪਰੀ ਨੇ ਚੰਨ ਉਜਾੜ ਵਿੱਚੋਂ ਸ਼ਾਮਲ ਹਨ। ਉਸ ਦੇ ਰਚੇ ਕਹਾਣੀ ਸੰਗ੍ਰਹਿਆਂ ਵਿੱਚ ਕੰਡੇ, ਸੰਧੂਰ, ਰੂਪ ਦੇ ਰਾਖੇ, ਫੁੱਲਾਂ ਦਾ ਮਾਲੀ, ਰੂਹ ਦਾ ਹਾਣ, ਮਾਈ ਦਾ ਲਾਲ, ਹਾਉਕਾ ਤੇ ਮੁਸਕਾਣ, ਗਵਾਚੀ ਪੱਗ, ਜੰਡ ਪੰਜਾਬ ਦਾ, ਲੰਮੇ ਵਾਲਾਂ ਦੀ ਪੀਤ ਅਤੇ ਸਾਂਝੀ ਪੀੜ ਆ ਜਾਂਦੇ ਹਨ।

ਜਸਵੰਤ ਸਿੰਘ ਕੰਵਲ ਦੇ ਲਿਖੇ ਰੇਖਾ ਚਿੱਤਰਾਂ ਵਿੱਚੋਂ ਗੋਰਾ ਮੁੱਖ ਸੱਜਣਾਂ ਦਾ, ਜੁਹੂ ਦਾ ਮੋਤੀ, ਮਰਨ ਮਿੱਤਰਾਂ ਦੇ ਅੱਗੇ, ਚਿਹਰੇ ਮੋਹਰੇ, ਸੰਖੇਪ ਜੀਵਨੀ ਲਾਲਾ ਲਾਜਪਤ ਰਾਏ ਆ ਜਾਂਦੇ ਹਨ। ਉਸ ਦੀਆਂ ਰਚੀਆਂ ਕਾਵਿ-ਪੁਸਤਕਾਂ ਵਿੱਚੋਂ ਜੀਵਨ ਕਣੀਆਂ, ਭਾਵਨਾ, ਸਾਧਨਾ, ਅਰਾਧਨਾ ਸ਼ਾਮਲ ਹਨ। ਕੰਵਲ ਦੇ ਲਿਖੇ ਸਿਆਸੀ ਫੀਚਰ ਅਤੇ ਲੇਖ ਸੰਗ੍ਰਹਿਆਂ ਵਿੱਚ ਸਿੱਖ ਜੱਦੋਜਹਿਦ, ਜਿੱਤਨਾਮਾ, ਜੱਦੋਜਹਿਦ ਜਾਰੀ ਰਹੇ, ਆਪਣਾ ਕੌਮੀ ਘਰ, ਹਾਲ ਮੁਰੀਦਾਂ ਦਾ, ਸਾਡੇ ਦੋਸਤ ਸਾਡੇ ਦੁਸ਼ਮਣ, ਕੰਵਲ ਕਹਿੰਦਾ ਰਿਹਾ, ਪੰਜਾਬ ਦਾ ਸੱਚ, ਭਗਤੀ ਤੇ ਸ਼ਕਤੀ ਦਾ ਸੱਚ, ਕੌਮੀ ਵਸੀਅਤ, ਸਚੁ ਕੀ ਬੇਲਾ, ਪੰਜਾਬੀ ! ਜੀਣਾ ਹੈ ਕਿ ਮਰਨਾ, ਕੌਮੀ ਲਲਕਾਰ, ਪੰਜਾਬ ਤੇਰਾ ਕੀ ਬਣੂੰ?, ਰੂੜ੍ਹ ਚੱਲਿਆ ਪੰਜਾਬ, ਪੰਜਾਬ ਦੀ ਵੰਗਾਰ, ਪੰਜਾਬ ਦਾ ਹੱਕ ਸੱਚ ਸ਼ਾਮਲ ਹਨ। ਕੰਵਲ ਨੇ ਆਪਣੀ ਸਵੈ-ਜੀਵਨੀ ਨੂੰ ਪੁੰਨਿਆਂ ਦਾ ਚਾਨਣ, ਰੂਹ ਦੀਆਂ ਹੇਕਾਂ, ਧੁਰ ਦਰਗਾਹ ਤਿੰਨ ਭਾਗਾਂ ਵਿੱਚ ਲਿਖਿਆ ਹੈ। ਉਸ ਨੇ ਛੋਟੇ ਬੱਚਿਆਂ ਅਤੇ ਕਿਸ਼ੋਰ ਉਮਰ ਦੇ ਮੁੰਡੇ ਕੁੜੀਆਂ ਲਈ ਹੁਨਰ ਦੀ ਜਿੱਤ, ਜੰਗਲ ਦੇ ਸ਼ੇਰ, ਸੂਰਮੇ, ਮੁਮਲ, ਨਵਾਂ ਸੰਨਿਆਸ, ਕਾਲਾ ਹੰਸ, ਝੀਲ ਦੇ ਮੋਤੀ ਨਾਵਲ ਅਤੇ ਕੀੜੀ ਦਾ ਹੰਕਾਰ ਕਹਾਣੀ ਸੰਗ੍ਰਹਿ ਰਚਿਆ ਹੈ।

ਜਸਵੰਤ ਸਿੰਘ ਕੰਵਲ ਦੀ ਪੰਜਾਬੀ ਸਾਹਿਤ ਪ੍ਰਤੀ ਸੱਚੀ ਸੁੱਚੀ ਘਾਲਣਾ ਘਾਲਣ ਲਈ ਉਸ ਨੂੰ ਬਹੁਤ ਸਾਰੇ ਮਾਨ ਸਨਮਾਨ ਵੀ ਮਿਲੇ ਹਨ। ਉਸ ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਕਰਤਾਰ ਸਿੰਘ ਧਾਲੀਵਾਲ ਐਵਾਰਡ 1986 ਈਸਵੀ ਵਿੱਚ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਸ਼੍ਰੋਮਣੀ ਸਾਹਿਤਕਾਰ ਐਵਾਰਡ 1990 ਈਸਵੀ ਵਿੱਚ ਪ੍ਰਦਾਨ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਸ ਨੂੰ ਡੀ.ਲਿੱਟ। ਦੀ ਸਨਮਾਨਿਤ ਡਿਗਰੀ ਦੇ ਕੇ ਉਸ ਦਾ ਮਾਣ ਵਧਾਇਆ। ਉਸ ਦੇ ਨਾਵਲ 'ਤੋਸ਼ਾਲੀ ਦੀ ਹੰਸੋ' ਨੂੰ ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ।

ਪੰਜਾਬੀਆਂ ਦਾ ਇਹ ਹਰਮਨ ਪਿਆਰਾ ਨਾਵਲਕਾਰ ਜਸਵੰਤ ਸਿੰਘ ਕੰਵਲ ਇੱਕ ਸੌ ਇੱਕ ਵਰ੍ਹੇ ਦੀ ਲੰਮੀ ਉਮਰ ਹੰਢਾਅ ਕੇ ਇੱਕ ਫ਼ਰਵਰੀ, 2020 ਈਸਵੀ ਨੂੰ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ। ਬੇਸ਼ੱਕ ਉਹ ਸਰੀਰਕ ਤੌਰ 'ਤੇ ਸਾਥੋਂ ਵਿੱਛੜ ਗਏ ਹਨ। ਪਰੰਤੂ ਉਨ੍ਹਾਂ ਦੀਆਂ ਲਿਖੀਆਂ ਰਚਨਾਵਾਂ ਰਾਹੀਂ ਉਹ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿੱਚ ਹਮੇਸ਼ਾ-ਹਮੇਸ਼ਾ ਲਈ ਵਸੇ ਰਹਿਣਗੇ।

## ਬਦੀ-ਨੇਕੀ



ਤੂੰ ਚੰਗੇ ਕੰਮ ਕਰ ਸਦਾ ਸੋਹਣਿਆ ਵਾਰ-ਵਾਰ ਸਮਝਾਉਂਦੀ
ਮਾੜੇ ਕੰਮਾਂ ਦੇ ਬੁਰੇ ਨਤੀਜੇ ਤੇਰੇ ਗੱਲ ਖਾਨੇ ਮੈਂ ਪਾਉਂਦੀ
ਵੇਖ ਮਿੰਨਤਾਂ ਤਰਲੇ ਤੇਰੀਆਂ ਕਰਦੀ ਮੈਂ ਵੀ ਬੇਗਾਨੀ
ਬਦੀਆਂ ਨਾ ਕਰ ਵੇ ਇੱਥੇ ਢਾਈ ਦਿਨ ਦੀ ਜ਼ਿੰਦਗਾਨੀ।

ਕਹਿੰਦੇ ਸਹਿਜ ਪੱਕੇ ਸੋ ਮਿੱਠਾ ਹੁੰਦਾ ਕਾਹਲੀ ਅੱਗੇ ਟੋਏ
ਪੁੱਤ ਵਿਗੜ ਗਏ ਜਿਨ੍ਹਾਂ ਦੇ ਉਹ ਤਾਂ ਭਰ ਭਰ ਅੱਖਾਂ ਰੋਏ
ਲੋਹੜੀ ਵੰਡੀ ਦਾ ਦੁੱਖ ਹੁੰਦਾ ਜਿਹੜੇ ਕਰਦੇ ਹੈ ਮਨਮਾਨੀ
ਵੇ ਬਦੀਆਂ ਨਾ ਕਰ ਵੇ ਇੱਥੇ ਢਾਈ ....

ਤੂੰ ਤਾਂ ਆਪ ਸਿਆਣਾ ਵੇ ਮੇਰਾ ਕਹਿਣ ਨੂੰ ਦਿਲ ਨੀ ਕਰਦਾ
ਮਾੜੇ ਕੰਮ ਉਹਨੂੰ ਲੈ ਬਹਿੰਦੇ ਨੇ ਉਹ ਮੌਤ ਕੁੱਤੇ ਦੀ ਮਰਦਾ
ਫਿਰ ਸੱਥਾਂ ਦੇ ਵਿਚ ਗੱਲਾਂ ਹੁੰਦੀਆਂ ਛੱਡਦੇ ਕਾਰ ਸ਼ੈਤਾਨੀ
ਵੇ ਬਦੀਆਂ ਨਾ ਕਰ ਵੇ ਇੱਥੇ ਢਾਈ ....

ਮੇਰੀ ਮੇਰੀ ਕਰਦਾ ਤੇ ਨਿੱਤ ਮਾਇਆ ਮਾਰਦਾ ਜੱਫੇ
ਉਹਦੇ ਘਰ ਕੋਈ ਘਾਟਾ ਨੀ ਉਹ ਸਭ ਨੂੰ ਦਿੰਦਾ ਗੱਫੇ
ਛੱਤ ਪਾੜ ਕੇ ਰੱਬ ਦਿੰਦਾ ਜੀਹਦੇ ਕੋਲ ਨਾ ਹੋਵੇ ਦੁਆਨੀ
ਵੇ ਬਦੀਆਂ ਨਾ ਕਰ ਵੇ ਇੱਥੇ ਢਾਈ ....

ਚੰਗੇ ਕੰਮਾਂ ਦੇ ਚੰਗੇ ਨਤੀਜੇ ਢਾਈ ਦਿਨ ਨਾ ਤੇਰੇ ਮੁੱਕਣੇ
ਰੋਟੀ ਟੁੱਕ ਪਕਾਉਣਾ ਕੱਲੇ ਨੇ ਸਾਹ ਤੇਰੇ ਫਿਰ ਸੁੱਕਣੇ
ਰਿਸ਼ਤਾ ਕਰਨਾ ਕਿਹੜੇ ਕੰਜਰ ਨੇ ਲੋਕ ਮਾਰਦੇ ਛਾਨੀ
ਵੇ ਬਦੀਆਂ ਨਾ ਕਰ ਵੇ ਇੱਥੇ ਢਾਈ ....

ਖੁੱਲ੍ਹ ਜਾਂਦੇ ਨੇ ਕੰਨ ਸੋਹਣਿਆ ਲੱਗ ਜਾਣ ਪੈਣ ਤਰੀਕਾਂ
ਫਿਰ ਮੁਲਾਕਾਤ ਨਾ ਕਰਦਾ ਕੋਈ ਕਰਦੇ ਰਹਿਣ ਉਡੀਕਾਂ
''ਦੇਵ ਘੋਲੀਏ'' ਵਾਲਿਆ ਵੇ ਤੇਰੀ ਰੁਲ ਜਾਊ ਜੇਲ੍ਹ ਜਵਾਨੀ
ਵੇ ਬਦੀਆਂ ਨਾ ਕਰ ਵੇ ਇੱਥੇ ਢਾਈ ਦਿਨ ਦੀ ਜ਼ਿੰਦਗਾਨੀ।

- ਦੇਵ ਘੋਲੀਆ ਖੁਰਦ,
559-232-7764

# ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਮਾਘ ਸ਼ੁਕਲ ਪੰਚਮੀ ਦੇ ਦਿਨ ਬਸੰਤ ਦਾ ਜਨਮ ਹੋਇਆ। ਬਸੰਤ ਪੰਚਮੀ ਦੇ ਦਿਨ ਕਲਾ ਅਤੇ ਸੰਗੀਤ ਦੀ ਦੇਵੀ ਸਰਸਵਤੀ ਦੀ ਪੂਜਾ ਹੁੰਦੀ ਹੈ । ਫਲ, ਫੁੱਲਾਂ ਅਤੇ ਰੰਗ ਬਰੰਗੀਆਂ ਵੇਲਾਂ ਦੇ ਬੰਦਨਵਾਰ ਮਹਾਰਾਣੀ ਬਸੰਤ ਰੁੱਤ ਦਾ ਸਵਾਗਤ ਕਰਦੇ ਹਨ । ਇਹ ਤਿਉਹਾਰ ਵਾਸਤਵ ਵਿਚ ਰੁੱਤਾਂ ਦੀ ਰਾਣੀ ਬਸੰਤ ਦੀ ਅਗਵਾਈ ਦੀ ਸੂਚਨਾ ਦਿੰਦਾ ਹੈ।

ਬਸੰਤ ਫਬੀਲੇ ਮੌਸਮ ਦਾ ਮਹਾਮੇਲਾ ਹੈ। ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ । ਸੁੰਦਰ ਸੁੰਦਰ ਖਿੜਦੇ ਫੁੱਲਾਂ ਨੂੰ ਚੁੰਮਦੇ ਤਰੇਲ ਦੇ ਤੁਪਕੇ ਜ਼ਿੰਦਗੀ ਦੀ ਹਕੀਕੀ ਜਾਣ ਪਹਿਚਾਣ ਕਰਵਾਉਂਦੇ ਨਜ਼ਰ ਆਉਂਦੇ ਹਨ । ਖੇਤਾਂ ਵਿਚ ਦੂਰ-ਦੂਰ ਤੱਕ ਸਰ੍ਹੋਂ ਦੀਆਂ ਪੀਲੀਆਂ ਸੋਨੇ ਵਾਂਗ ਚਮਕਦੀਆਂ ਫਸਲਾਂ ਅੱਖਾਂ ਲਈ ਇਕ ਤੰਦਰੁਸਤ ਖ਼ੁਰਾਕ, ਸੁੰਦਰ ਨਜ਼ਾਰਿਆਂ ਨੂੰ ਤ੍ਰਿਪਤੀ ਵਿਚ ਬਦਲਦੀ ਹੈ।

ਮੌਸਮ ਦੇ ਖ਼ੂਬਸੂਰਤ ਪਰਿਵਰਤਨ ਦਾ ਨਾਮ ਹੈ ਬਸੰਤ। ਸੂਰਜ ਤੜਕ ਸਵੇਰਾ ਲੈ ਕੇ ਜਦ ਸਤਿਕਾਰ ਵੰਡਦਾ ਹੈ ਤਾਂ ਮੌਸਮ ਦੀ ਅੰਗੜਾਈ ਵਿਚ ਖ਼ੁਸ਼ਬੂਆਂ ਪਿਆਰ ਭਰਦੀਆਂ ਹਨ। ਲਹਿਲਹਾਂਦੇ ਹਰੇ ਭਰੇ ਖੇਤ, ਫੁੱਲਾਂ ਦੇ ਰੰਗਾਂ ਦੀ ਸੁੰਦਰ ਦਿਖ, ਅੰਬਾਂ ਉਤੇ ਪਿਆ ਬੂਰ ਕਿਸੇ ਮਤਵਾਲੀ ਕੋਇਲ ਦਾ ਇਕਰਾਰ ਮਨਮੋਹਣੀ ਆਵਾਜ਼ ਨੂੰ ਤਰਸਦਾ ਹੈ। ਫਿਰ ਬਸੰਤ ਰੁੱਤ ਵਿਚ ਰੰਗਿਆ ਜਾਂਦਾ ਹੈ ਸਾਰਾ ਸੰਸਾਰ, ਸਾਰੀ ਕਾਇਨਾਤ, ਸਾਰੀ ਮਨੁੱਖਤਾ।

ਤੁਰਲੇ ਵਾਲੀ ਪੀਲੀ ਪਗੜੀ, ਤੇੜ ਗੁਲਾਬੀ ਲਾਚਾ, ਕਿਸੇ ਮੁੱਛ ਫੁੱਟ ਗੱਭਰੂ ਦੇ ਗੋਰੇ ਮੁੱਖ ਉਤੇ ਸੂਰਜ ਵਰਗਾ ਹਾਸਾ, ਹੱਥ ਵਿਚ ਖੂੰਡਾ, ਗਲ ਵਿਚ ਮਾਲਾ, ਛਾਤੀ ਉਪੱਰ ਮਚਲਦਾ ਸੋਨੇ ਦਾ ਕੈਂਠਾਂ, ਮੁਕੰਮਲ ਪੰਜਾਬੀ ਸੱਭਿਆਚਾਰ ਵਿਚ ਬਸੰਤ ਦਾ ਰੂਪ। ਲਹਿਲਹਾਂਦੇ ਹੋਏ ਖੇਤਾਂ ਵਿਚ ਇਕ ਸੁਹਣੀ ਮੁਟਿਆਰ, ਸਿਰ ਉੱਪਰ ਪੀਲੀ ਚੁੰਨੀ ਘਟਾਵਾਂ ਵਾਂਗ ਲਹਿਰਾਂਦੀ, ਪੈਰ੍ਹੀਂ ਝਾਂਜਰਾਂ ਦੀ ਛਣਕਾਟ, ਲੰਬੀ ਪਰਾਂਦੇ ਵਾਲੀ ਗੁੱਤ ਵਿਚ ਸਜੇ ਫੁੰਮਣ, ਮਟਕ-ਮਟਕ ਪਬ ਧਰਦੀ ਜਾਂਦੀ ਬਸੰਤ ਦੇ ਵਿਚਕਾਰ ਬਸੰਤ ਦੀ ਆਮਦ ਦਾ ਪਿਆਰ।

ਹਾੜੀ ਦੀਆਂ ਫਸਲਾਂ ਖਿੜ-ਖਿੜ ਹੱਸਣ ਜੋਬਨ ਰੁੱਤੇ, ਕੋਮਲ-ਕੋਮਲ ਟਹਿਣੀਆਂ ਉਪੱਰ ਫੁੱਟਦੇ ਆਨਾਰ। ਸਰਦੀ ਅਤੇ ਗਰਮੀ ਆਪਸ ਵਿਚ ਅੱਖ ਮਿਚੋਲੀ ਖੇਡਦੇ ਹੋਏ ਦਿਲਕਸ਼ ਮੌਸਮ ਦੇ ਨਾਮ ਪਤਝੜੀ ਕਿਰਿਆਵਾਂ ਨੂੰ ਅਲਵਿਦਾ ਕਹਿੰਦੇ ਹੋਏ ਅਤੀਤ ਦੇ ਪੈਰ੍ਹਾਂ ਵਿਚ ਵਰਤਮਾਨ ਦੇ ਅਤਿ ਸੁੰਦਰ ਚਿੰਨ੍ਹ ਛੱਡ ਜਾਂਦੇ। ਕਿਸਾਨ ਆਪਣੀ ਕਮਾਈ ਦੀ ਖੁਸ਼ੀ ਦੇ ਚਿੰਨ੍ਹ ਜਵਾਨ ਭਰਪੂਰ ਖਿੜੀਆਂ ਪੱਕ ਰਹੀਆਂ ਫਸਲਾਂ ਦੇ ਸੁਨਹਿਰੀ ਦ੍ਰਿਸ਼ ਦੇਖਦਾ ਹੋਇਆ ਘਰੇਲੂ ਮਜ਼ਬੂਰੀਆਂ ਤੇ ਕਰਜ਼ਿਆਂ ਤੋਂ ਛੁਟਕਾਰਾ ਪਾਉਣ ਦੀ ਲਲਕ ਵਿਚ ਤਤਪਰ ਹੁੰਦਾ ਹੈ।

ਬਸੰਤ ਰੁੱਤ ਸੁੰਦਰਤਾ ਦੀ ਅਸਲੀ ਪਰਿਭਾਸ਼ਾ ਅਤੇ ਇਸ ਮੌਸਮ ਵਿਚ ਕਾਮ-ਉਤੇਜਨਾ ਹਿਰਦੇ ਵਿਚ ਜਗਾਅ ਦਿੰਦੀ ਹੈ ਅਭਿਲਾਸ਼ਾ। ਬਾਗਾਂ ਵਿਚ ਤਿਤਲੀਆਂ ਅਤੇ ਭੌਰਿਆਂ ਦੇ ਫੁੱਲਾਂ ਨਾਲ ਦਿਲਕਸ਼ ਕਲੋਲ ਸੁੰਦਰਤਾ ਦੇ ਮੇਲੇ ਨੂੰ ਚਾਰ ਚੰਨ ਲਗਾ ਦਿੰਦੇ ਹਨ। ਖਿੜ੍ਹੇ ਸੁੰਦਰ ਫੁੱਲਾਂ ਅਤੇ ਕਲੀਆਂ ਦੇ ਸਫੇਦ ਜਿਸਮ ਬਹਾਰਾਂ ਦੀ ਜ਼ਿੰਦਗੀ ਨੂੰ ਅਲੌਕਿਕਤਾ ਬਖ਼ਸ਼ਦੇ ਹਨ । ਪੰਛੀਆਂ ਦੀ ਚਹਿਚਹਾਹਟ, ਸੂਰਜ ਦੀਆਂ ਸੱਜਰੀਆਂ ਕਿਰਨਾਂ ਨਾਲ ਮਾਨਵਤਾ ਨੂੰ ਸੰਦੇਸ਼ ਦਿੰਦੀਆਂ ਹਨ। ਸੁੰਦਰ ਮੌਸਮ ਵਿਚ ਏਕਤਾ, ਸਦਭਾਵਨਾ, ਅਗਵਾਈ, ਦ੍ਰਿੜ ਇਰਾਦੇ, ਆਪਸੀ ਭਾਈਚਾਰੇ ਦੀ ਇਕ ਜੀਵਤ ਉਦਾਹਰਣ ਬਣਦੇ ਹਨ ਪਰਵਾਸੀ ਪੰਛੀਆਂ ਦੇ ਝੁੰਡ। ਇਹ ਸਭ ਕੁਝ ਬਸੰਤ ਦੀ ਖ਼ੂਬਸੂਰਤੀ ਦਾ ਹੀ ਹੀਲਾ ਵਸੀਲਾ ਹੈ।

ਬੁਲਬੁਲਾਂ, ਕੋਇਲ, ਪਪੀਹੇ, ਮੋਰ ਬਨਸਪਤੀ ਦੀ ਸੁੰਦਰਤਾ ਉਪੱਰ ਖੁਸ਼ ਹੋ ਕੇ ਬਸੰਤ ਦੀ ਖ਼ੂਬਸੂਰਤੀ ਨੂੰ ਚਾਰ ਚੰਨ੍ਹ ਲਗਾ ਦਿੰਦੇ ਹਨ । ਬਸੰਤ ਰੁੱਤ ਦੀਆਂ ਮਿਹਰਬਾਨੀਆਂ, ਅਭਿਵਾਦਨ, ਅਭਿਨੰਦਨ ਧਰਤੀ ਨੂੰ ਮਾਲਾਮਾਲ ਕਰ ਦਿੰਦੇ ਹਨ। ਸ਼ੁਭ ਸ਼ਗੁਨ ਦੀ ਪਵਿੱਤਰ ਪਰੰਪਰਾ ਹੈ ਬਸੰਤ ਦੀ ਰੁੱਤ । ਸਾਰੀ ਕੁਦਰਤ ਕਾਇਨਾਤ ਅਤੇ ਬਨਸਪਤੀ ਮਨੁੱਖਤਾ ਨੂੰ ਸਤਿਅਮ, ਸ਼ਿਵਮ-ਸੁੰਦਰਤਾ ਦਾ ਸੰਦੇਸ਼ ਦਿੰਦੀ ਹੈ।

ਨਦੀਆਂ-ਦਰਿਆਵਾਂ ਵਿਚ ਪਾਣੀ ਦੀ ਸ਼ੁੱਧਤਾ ਵਧਦੀ ਹੋਈ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ। ਪਹਾੜਾਂ ਦੀ ਖ਼ੂਬ-ਸੂਰਤੀ ਵਿਚ ਬਸੰਤ ਦੀ ਰੁੱਤ, ਦੁਲਹਨਾਂ ਵਾਂਗੂੰ ਸਜਦੀ ਹੋਈ ਜੰਨਤ ਦਾ ਭੁਲੇਖਾ ਪਾਉਂਦੀ ਹੈ। ਇਹ ਰੁੱਤ ਮਾਨਵਤਾ ਦੀ ਖੁਸ਼ਹਾਲੀ ਦੀ ਪ੍ਰਤੀਕ ਹੈ। ਅੰਬਰ ਛੂਹਦੀਆਂ ਪਹਾੜਾਂ ਦੀਆਂ ਟੀਸੀਆਂ, ਬੁਲੰਦੀਆਂ ਉਪੱਰ ਖਿੜਦੀ ਬਸੰਤ ਵਿਚ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀ ਮਹਿਕ ਟੇਢੀਆਂ-ਮੇਢੀਆਂ ਪਗਡੰਡੀਆਂ ਨੂੰ ਜ਼ਿੰਦਗੀ ਦੇ ਦਿੰਦੀਆਂ। ਪਹਾੜਾਂ ਦੀ ਖ਼ੂਬਸੂਰਤੀ ਵਿਚ ਵੀ ਬਸੰਤ ਦੀ ਰੁੱਤ ਸਮੇਂ ਇਕ ਵਿਲੱਖਣ ਸੱਜਰਾ ਪਰਿਵਰਤਨ ਹੁੰਦਾ ਹੈ। ਬਰਫ਼ ਖੁਰਨ ਨਾਲ ਸ਼ੁੱਧ ਪਾਣੀ ਆਪਣੀ ਪਰਿਵਰਤਨਸ਼ੀਲਤਾ ਵਿਚ ਨਵੀਨਤਾ ਪੈਦਾ ਕਰਦਾ ਹੈ। ਝਰਨਿਆਂ ਵਿਚ ਦੁੱਧ ਚਿੱਟਾ ਪਾਣੀ ਉਪੱਰੋਂ ਵਹਿੰਦਾ ਹੋਇਆ ਹੇਠਾਂ ਧਰਤੀ ਨੂੰ ਜਦ ਚੁੰਮਦਾ ਹੈ ਤਾਂ ਸ਼ੀਸ਼ੇ ਦੀਆਂ ਕਿਰਚੀਆਂ ਵਾਂਗੂੰ ਟੁੱਟ ਕੇ ਫੈਲਦਾ ਹੋਇਆ ਅਨੇਕਾਂ ਅਕਸ ਪੈਦਾ ਕਰਦਾ ਹੈ ਜੋ ਜਵਾਨੀ ਸੁੰਦਰਤਾ ਅਤੇ ਜੰਨਤ ਦਾ ਆਭਾਸ਼ ਕਰਵਾਉਂਦਾ ਹੈ।



ਇਸ ਦਿਨ ਚਾਰੇ ਪਾਸੇ ਬਸੰਤੀ ਰੰਗ ਦੀ ਸੁੰਦਰਤਾ ਬਿਖਰ ਜਾਂਦੀ ਹੈ। ਬਸੰਤੀ ਪਗੜੀਆਂ, ਬਸੰਤੀ ਦੁਪੱਟੇ, ਬਸੰਤੀ ਰੁਮਾਲ, ਬਸੰਤੀ ਸੁਨਹਿਰੀ ਗਹਿਣੇ ਧਰਤੀ ਦੀ ਸੁੰਦਰਤਾ ਨੂੰ ਜੰਨਤ ਪਰੋਸ ਦਿੰਦੀ ਹੈ।

ਬਸੰਤ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ: ਬਨਸਪਤਿ ਮਉਲੀ ਚੜ੍ਹਿਆ ਬਸੰਤ। ਇਹੁ ਮਨੁ ਮਉਲਿਆ ਸਤਿਗੁਰੂ ਸੰਗ। ਤੁਮ ਸਾਚੁ ਧਿਆਵਹੁ ਮੁਗਧ ਮਨਾ। ਤਾ ਮੁਖ ਪਾਵਹੁ ਮੇਰੇ ਮਨਾ। ਇਹ ਲਾਈਨਾਂ ਜੀਵਨ ਦੇ ਸੁਖਦ ਪਲਾਂ ਨੂੰ ਬਿਆਨ ਕਰਦੀਆਂ ਹਨ। ਬਨਸਪਤੀ ਆਣ 'ਤੇ ਬਸੰਤ ਦੀ ਆਮਦ ਅਤੇ ਸੁੱਖ ਦੀ ਪ੍ਰਾਪਤੀ ਸਤਿਗੁਰੂ ਦੀ ਉਪਾਸਨਾ ਨਾਲ ਹੀ ਹੈ।

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਲਿਖਦੇ ਹਨ, ਮਉਲੀ ਧਰਤੀ ਮਉਲਿਆ ਆਕਾਸੁ। ਘਟਿ ਘਟਿ ਮਉਲਿਆ ਆਤਮ ਪ੍ਰਗਾਸੁ। ਆਦਿ

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਖਦੇ ਹਨ: ਤਿਸੁ ਬੰਸਤ ਜਿਸੁ ਪ੍ਰਭੁ ਕ੍ਰਿਪਾਲੁ ਤਿਸ ਬਸੰਤ ਜਿਸੁ ਗੁਰੁ ਦਇਆਲੂ ਮੰਗਲ ਤਿਸਕੈ ਜਿਸੁ ਏਕੁ ਨਾਮੁ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮ 1 ਆਦਿ।

ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ: ਬਸੰਤ ਚੜ੍ਹਿਆ ਫੂਲੀ ਬਨਰਾਇ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ਗੁਰੂ ਸਾਹਿਬਾਨ ਨੇ ਵੀ ਬਸੰਤ ਦੀ ਉਸਤਤ ਵਿਚ ਖ਼ੂਬ ਲਿਖਿਆ ਅਤੇ ਸੁੰਦਰ ਮਾਨਵਤਾਵਾਦੀ ਤਸ਼ਬੀਹਾਂ ਦਿੱਤੀਆਂ ਹਨ।

ਇਸ ਦਿਨ ਅਸਮਾਨ ਵਿਚ ਪਤੰਗਾਂ (ਗੁੱਡੀਆਂ) ਅਤੇ ਡੋਰਾਂ ਇਸ ਤਰ੍ਹਾਂ ਪੇਚੇ ਲੜਾਉਂਦੀਆਂ ਹਨ ਕਿ ਸਾਰਾ ਅਸਮਾਨ ਇਵੇਂ ਨਜ਼ਰ ਆਉਂਦਾ ਹੈ ਜਿਵੇਂ ਕਿਸੇ ਚਿੱਤਰਕਾਰ ਨੇ ਹਵਾ ਵਿਚ ਚਿੱਤਰਕਾਰੀ ਕੀਤੀ ਹੋਵੇ। ਰੰਗ ਬਰੰਗੀਆਂ ਪਤੰਗਾਂ ਦੀ ਖ਼ੂਬਸੂਰਤੀ ਅਸਮਾਨ ਨੂੰ ਸੁੰਦਰਤਾ ਬਖ਼ਸ਼ ਦਿੰਦੀ ਹੈ। ਆ, ਬੋ, ਈ, ਓ! ਦੀਆਂ ਲੰਬੀਆਂ ਹੇਕਾਂ ਫ਼ਿਜ਼ਾਂ ਵਿਚ ਜਦ ਗੂੰਜਦੀਆਂ ਹਨ ਤਾਂ ਜਵਾਨੀ ਦੀ ਪਰਿਭਾਸ਼ਾ ਉਮੜ ਆਉਂਦੀ ਹੈ। ਬਸੰਤ ਸਫ਼ਲ ਹੋ ਜਾਂਦੀ ਹੈ।

ਬਸੰਤ ਵਾਲੇ ਦਿਨ ਸਾਰੇ ਭਾਰਤ ਵਿਚ ਕਈ ਵੱਡੇ ਮੇਲੇ ਅਤੇ ਪਤੰਗਬਾਜੀ ਦੇ ਲੱਖਾਂ ਦੇ ਮੁਕਾਬਲੇ ਹੁੰਦੇ ਹਨ। ਖ਼ਾਸ ਕਰਕੇ ਲਖਨਊ ਆਦਿ ਸ਼ਹਿਰਾਂ ਵਿਚ ਪਤੰਗਬਾਜੀ ਦੀਆਂ ਸ਼ਰਤਾਂ ਲਗਦੀਆਂ ਹਨ। ਪੰਜਾਬ ਵਿਚ ਖ਼ਾਸ ਕਰਕੇ ਸਾਰੇ ਸ਼ਹਿਰਾਂ ਨਗਰਾਂ ਤੋਂ ਇਲਾਵਾ ਅੰਮ੍ਰਿਤਸਰ, ਫਿਰੋਜ਼ਪੁਰ, ਆਦਿ ਸ਼ਹਿਰਾਂ ਵਿਚ ਪਤੰਗਬਾਜੀ ਦੀਆਂ ਸ਼ਰਤਾਂ ਲਗਦੀਆਂ ਹਨ ਅਤੇ ਦੇਰ ਰਾਤ ਤੱਕ ਪਤੰਗਾਂ ਦੇ ਪੇਚੇ ਚਲਦੇ ਹਨ। ਪਤੰਗਬਾਜੀ ਦਾ ਤਿਉਹਾਰ ਵੀ ਇਸ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੜਕੇ ਅਤੇ ਲੜਕੀਆਂ ਵੀ ਪਤੰਗਾਂ ਉਡਾਂਦੀਆਂ ਹਨ। ਮਾਂ-ਬਾਪ ਆਪਣੀਆਂ ਪਿਆਰੀਆਂ ਪਿਆਰੀਆਂ ਧੀਆਂ ਨੂੰ ਖੁਦ ਪਤੰਗ-ਡੋਰ ਖਰੀਦ ਕੇ ਦਿੰਦੇ ਹਨ ਤਾਂ ਜੋ ਲੜਕੀਆਂ ਨੂੰ ਬਰਾਬਰਤਾ ਦੀ ਸ਼ਕਤੀ ਪ੍ਰਦਾਨ ਹੋਵੇ।

ਭਾਈ ਗੁਰਦਾਸ ਜੀ ਨੇ ਮਨੁੱਖ ਨਾਲ ਤਸ਼ਬੀਹ ਦਿੰਦੇ ਹੋਏ ਆਪਣੇ ਕਬਿੱਤ ਵਿਚ ਪਤੰਗ (ਗੁੱਡੀ) ਬਾਰੇ ਕਮਾਲ ਦਾ ਫੁਰਮਾਣ ਕੀਤਾ ਹੈ:

"ਪਵਨ ਗਵਨ ਜੈਸੇ ਗੁਡੀਆ ਉਡਤ ਰਹੈ,
ਪਵਨ ਰਹਿਤ ਗੁਡੀ ਉਡ ਨ ਸਕਤ ਹੈ ।
ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ,
ਤਾਉ ਮਿਟੈ ਗਿਰ ਪਰੈ ਖਕਤ ਹੈ ।
ਕੰਚਨ ਅਸੁਧ ਜਿਉ ਕੁਠਾਰੀ ਠਹਗਤ ਨਾਹੀ,
ਸ਼ੁਧ ਭਏ ਨਿਹਚਲ ਛਬਿ ਕੈ ਛਕਤ ਹੈ।
ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ,
ਗੁਰ ਮਤਿ ਏਕ ਏਕ ਮੌਨ ਨ ਬਕਤ ਹੈ ।"

ਬਸੰਤ ਦੇ ਦਿਨ ਹੀ ਘਰਾਂ-ਧਾਰਮਿਕ ਸਥਾਨਾਂ, ਸੰਸਥਾਵਾਂ ਆਦਿ ਵਿਖੇ ਪੀਲੇ ਰੰਗ ਦੇ ਪ੍ਰਸ਼ਾਦਿ, ਪੀਲੇ ਰੰਗ ਦੇ ਚਾਵਲ (ਮਿੱਠੇ) ਬਣਾਏ ਜਾਂਦੇ ਹਨ । ਹਰ ਸ਼ਹਿਰ, ਨਗਰ, ਪਿੰਡ ਵਿਚ ਮੇਲੇ ਲਗਦੇ ਹਨ। ਕਾਮ ਅਤੇ ਰੱਤੀ ਦੀ ਵਿਸ਼ੇਸ਼ ਪੂਜਾ ਹੁੰਦੀ ਹੈ। ਇਸ ਦਿਨ ਸਰਸਵਤੀ ਦੇਵੀ ਵਿਦਿਆ ਬੁੱਧੀ ਸਕੰਲਪ ਸ਼ਕਤੀ ਬਖ਼ਸ਼ਦੀ ਹੈ। ਬਸੰਤ ਹਾਸਿਆਂ-ਖੇੜਿਆਂ ਦਾ ਸੰਦੇਸ਼ ਦਿੰਦੀ ਹੈ। ਪ੍ਰਫੁਲਤਾ ਅਤੇ ਤਾਜ਼ਗੀ ਬਖ਼ਸ਼ਦੀ ਹੈ।

ਮਹਾਭਾਰਤ ਕਾਲ ਵਿਚ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ, 'ਮੈਂ ਰੁੱਤਾਂ ਵਿੱਚੋਂ ਰੁੱਤ ਬਸੰਤ ਹਾਂ।'' ਇਸ ਦਿਨ ਬੰਗਾਲ, ਆਸਾਮ ਅਤੇ ਬੰਗਲਾ ਦੇਸ਼ ਵਿਚ ਪੀਲੇ ਅਤੇ ਗੁਲਾਬੀ ਰੰਗ ਵਿਚ ਹੋਲੀ ਖੇਡੀ ਜਾਂਦੀ ਹੈ। ਬਸੰਤ ਪ੍ਰਦੂਸ਼ਣ ਦੂਰ ਕਰਦੀ ਹੈ, ਜੰਗਲ ਵਿਚ ਮੰਗਲ ਕਰਦੀ ਹੈ। ਸਰੀਰ ਨੂੰ ਊਰਜਾ, ਸਿਹਤ ਅਤੇ ਨਿਰੋਗਤਾ ਦੀ ਪ੍ਰਤੀਕ ਹੈ। ਖੁਸ਼ੀਆਂ ਹੀ ਖੁਸ਼ੀਆਂ ਦਾ ਸੰਦੇਸ਼ ਦਿੰਦੀ ਹੈ।

ਇਸ ਦਿਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਆਉਂਦਾ ਹੈ। ਖ਼ਾਸ ਕਰਕੇ ਵੀਰ ਹਕੀਕਤ ਹਾਇ ਦੀ ਸ਼ਹਾਦਤ, ਨਾਮਧਾਰੀ ਕੂਕਿਆਂ ਦੀ ਬਹਾਦਰੀ, ਜਰਨੈਲ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ ਆਦਿ ਘਟਨਾਵਾਂ ਅਤੇ ਸ਼ੁਭ ਕਾਰਜਾਂ ਦੀ ਜ਼ਿਕਰ ਆਉਂਦਾ ਹੈ। ਵੀਰ ਹਕੀਕਤ ਰਾਇ ਦਾ ਬਟਾਲਾ (ਗੁਰਦਾਸਪੁਰ) ਪੰਜਾਬ ਵਿਖੇ ਭਾਰੀ ਮੇਲਾ ਲਗਦਾ ਹੈ।

ਇਸ ਦਿਨ ਧਾਰਮਿਕ ਸਥਾਨਾਂ ਵਿਖੇ ਕੀਰਤਨ ਅਤੇ ਪ੍ਰਵਚਨਾਂ ਨਾਲ ਬਸੰਤ ਦੀ ਉਸਤਤ ਕੀਤੀ ਜਾਂਦੀ ਹੈ। ਖਾਸ ਕਰਕੇ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਅੰਮ੍ਰਿਤਸਰ ਵਿਖੇ ਸਾਰਾ ਦਿਨ ਬਸੰਤ ਦੀ ਉਸਤਤ ਵਿਚ ਸ਼ਬਦ ਗਾਇਨ ਕੀਤੇ ਜਾਂਦੇ ਹਨ।

ਬਸੰਤ ਰੁੱਤ ਸਭ ਰੁੱਤਾਂ ਦੀ ਸਰਵੋਤਮ ਰਾਣੀ ਹੈ। ਮਨੁੱਖਤਾ ਦੇ ਜੀਵਨ ਵਿਚ ਇਸ ਦੀ ਮਹਾਨਤਾ ਹਿਰਦੇ ਵਿਚ ਉਤਰਨ ਵਾਲੀ ਅਤੇ ਸ਼ੁੱਧਤਾ, ਸੁੰਦਰਤਾ, ਸ਼ਾਂਤੀ ਦੀ ਪ੍ਰਤੀਕ ਹੈ।

## ਗੀਤ

ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਧਰਤੀ ਦੁਲਹਨ ਵਾਂਗ ਸਜਾ ਕੇ ਆਈ ਫੇਰ ਬਸੰਤ ।
ਖੁਸ਼ਬੂਆਂ ਦੇ ਅਲੰਕਾਰ ਸੁਸ਼ੋਭਿਤ ਵਿੱਚ ਹਵਾਵਾਂ ਦੇ ।
ਸਰਸਵਤੀ ਦੇ ਉਤਸਵ ਚਾਰ ਚੁਫ਼ੇਰੇ ਰਾਵ੍ਹਾਂ ਦੇ ।
ਬਨਸਪਤੀ ਦੇ ਵਿਚ ਨਹਾ ਕੇ ਆਈ ਫੇਰ ਬਸੰਤ
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਅਠਖੇਲੀਆਂ ਦੇ ਮਨਮੌਜੀ ਦ੍ਰਿਸ਼-ਦਰਸ਼ਨ ਲੈ ਕੇ ।
ਮੌਸਮ ਪਰਿਵਰਤਨ ਵਾਲੇ ਨਿੱਘ ਅਰਪਨ ਲੈ ਕੇ ।
ਨਿਰਮਲਤਾ ਦਾ ਸੰਤੋਖ ਉਠਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਫਸਲਾਂ, ਫੁੱਲਾਂ ਦੇ ਜੋਬਨ 'ਤੇ ਬੇਪਰਵਾਹ ਸਵਾਗਤ ।
ਕੁਦਰਤ ਨੇ ਹਸਤਾਖਰ ਕਰਕੇ ਲਿਖ ਦਿੱਤੀ ਈਬਾਦਤ । ।
ਧੁੱਪਾਂ ਛਾਵਾਂ ਨਾਲ ਨਹਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਭੁੱਗਾ, ਰੌ, ਗੁੜ, ਰਿਉੜੀ, ਗਚਕ ਪਤੀਸਾ ਮੂੰਗਫਲੀ।
ਖਿਚੜੀ, ਸਾਗ, ਦਹੀਂ, ਮੱਖਣ, ਘਿ , ਮਿਸ਼ਰੀ ਦੀ ਡਲੀ ।
ਜ਼ਾਇਕੇਦਾਰ ਤਿਉਹਾਰ ਬਣਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਸਾਂਝਾਂ ਦੀ ਵਾਰਿਸ, ਰੁੱਤਾਂ ਦੀ ਰਾਣੀ ਕਹਿਲਾ ਕੇ ।
ਅਭਿਵਾਦਨ ਕਰਦੀ ਫੁਲਕਾਰੀ ਦਾ ਘੁੰਡ ਉਠਾ ਕੇ ।
ਚੰਚਲਤਾ ਦੇ ਵਿੱਚ ਸ਼ਰਮਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਅੰਬਰ ਵਿਚ ਕੀਤੀ ਚਿੱਤਰਕਾਰੀ ਡੋਰ ਪਤੰਗਾਂ ਨੇ ।
ਇੱਕ ਅਲੌਕਿਕ ਸੁੰਦਰ ਤੋਹਫ਼ਾ ਦਿੱਤਾ ਰੰਗਾਂ ਨੇ ।
ਖੁਸ਼ੀਆਂ ਦੀ ਉਪਮਾ ਅਪਣਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਮਾਨਵਤਾ ਦੀ ਆਸ਼ਾ ਚਰਿੱਤਰ ਅੰਗੀਕਾਰ ਬਣੇ ।
ਘਰ-ਘਰ ਦੇ ਵਿਚ 'ਬਾਲਮ' ਪਿਆਰ ਬਣੇ ਸਤਿਕਾਰ ਬਣੇ
ਰੰਗਾਂ, ਧਰਮਾਂ ਨੂੰ ਸਮਝਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।

**- ਬਲਵਿੰਦਰ 'ਬਾਲਮ'**
**91-98156-25409**

# ਧਾਮੀ ਸਾਹਿਬ ਫੁੰਕਾਰਾ ਮਾਰੋ ਫੁੰਕਾਰਾ!!



ਸੰਨ 1999 ਤੋਂ ਬਾਅਦ ਦੀ ਗੱਲ ਹੈ ਇਕ ਵਾਰ ਮੈਂ ਦਲ ਖਾਲਸਾ ਵਾਲ਼ੇ ਭਾਈ ਹਰਚਰਨਜੀਤ ਸਿੰਘ ਧਾਮੀ ਹੁਣਾ ਦੇ ਸੱਦੇ ਉੱਤੇ ਇਕ ਰਾਤ ਦੇ ਦੀਵਾਨ ਵਿਚ ਹਾਜਰੀ ਭਰਨ ਲਈ ਹੁਸ਼ਿਆਰ ਪੁਰ ਗਿਆ ਸਾਂ ਤੇ ਉਨ੍ਹਾਂ ਦੇ ਘਰੇ ਹੀ ਰਾਤ ਰਿਹਾ ਸਾਂ।

ਦੀਵਾਨ ਵਾਲਾ ਪਿੰਡ ਮੌਜੂਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਧਾਮੀ ਸਾਹਬ ਦੇ ਹਲਕੇ ਵਿਚ ਵਾਕਿਆ ਸੀ,ਇਸ ਕਰਕੇ ਦੋਵੇਂ ਧਾਮੀ ਅਤੇ ਮੈਂ ਇੱਕੋ ਗੱਡੀ 'ਚ ਸਮਾਗਮ ਵਾਲ਼ੇ ਪਿੰਡ ਗਏ ਅਤੇ ਵਾਪਸ ਆਏ ਸਾਂ।

ਰਾਹ ਵਿਚ ਗੱਲਾਂ ਬਾਤਾਂ ਕਰਦਿਆਂ ਹੁਣ ਵਾਲ਼ੇ ਪ੍ਰਧਾਨ ਧਾਮੀ ਸਾਹਬ ਨੇ ਮੇਰੇ ਇਕ ਮੈਂਬਰ ਮਿੱਤਰ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ ਅਖੇ ਦੁਪਾਲ ਪੁਰੀ ਜੀ ਤੁਹਾਡਾ ਮਿੱਤਰ ਫਲਾਣੀ ਰੈਲੀ ਵਿਚ ਨਾਹਰੇ ਮਾਰਦਾ ਸੀ-

'ਬਾਦਲ ਸਾਬ੍ਹ ਤੇਰੀ ਸੋਚ 'ਤੇ
ਪਹਿਰਾ ਦਿਆਂ ਗੇ ਠੋਕ ਕੇ !'

'ਹਾ...ਹਾ...ਹਾ...ਹਾ' ਧਾਮੀ ਜੀ ਹੱਸਦਿਆਂ ਕਹਿੰਦੇ-

"ਮੈਖਿਆਂ ਫਲਾਣਾ ਸਿਆਂ,ਤੂੰ ਹੀ ਬਾਦਲ ਮਗਰ 'ਪਹਿਰਾ' ਦੇਈ ਜਾਹ ਭਰਾਵਾ, ਆਪਾਂ ਤਾਂ ਨੀ ਉਹਦਾ ਪ੍ਰਛਾਵਾਂ ਵੀ ਲੈਂਦੇ !"

ਹੁਣ ਪਿਛਲੇ ਕਈ ਦਿਨਾਂ ਤੋਂ ਉਹ ਕੁੱਟੇ-ਮਿੱਧੇ ਪਏ ਸੱਪ ਵਾਂਗ ਅੰਦਰੋ ਅੰਦਰ ਵਿਸ ਜਿਹੀ ਘੋਲ਼ੀ ਜਾ ਰਹੇ ਹਨ! ਸੋ ਮੈਂ ਸੋਚਿਆ ਕਿ ਦੁਚਿੱਤੀ 'ਚ ਫਸੇ ਹੋਏ ਮਾਨਯੋਗ ਧਾਮੀ ਜੀ ਨੂੰ ਉਨ੍ਹਾਂ ਦਾ ਪੁਰਾਣਾ ਬਚਨ ਚੇਤੇ ਕਰਾ ਕੇ ਸਲਾਹ ਦਿਆਂ ਕਿ ਭਰਾ ਜੀ ਵਿਸ ਘੋਲਣੀ ਛੱਡ ਕੇ ਫੁੰਕਾਰਾ ਮਾਰੋ ਫੁੰਕਾਰਾ ! ਨਹੀਂ ਤਾਂ ਤੁਸੀਂ ਕੌਮੀ ਇਤਹਾਸ ਵਿੱਚ 'ਮੱਕੜ' 'ਚੀਮੇ' ਅਤੇ 'ਗੁਰਬਚਨ ਸਿੰਘ' ਵਾਂਗ ਹੀ ਅੰਕਿਤ ਕੀਤੇ ਜਾਉ ਗੇ ਐਡਵੋਕੇਟ ਸਾਹਬ ਜੀ!

ਤੁਹਾਡਾ ਸ਼ੁੱਭਚਿੰਤਕ ਤੇ ਪੁਰਾਣਾ ਮਿੱਤਰ


**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

# ਪੁਸਤਕ ਸਮੀਖਿਆ

## ਅੱਧੀ ਛੁੱਟੀ ਸਾਰੀ

**ਰੀਵਿਊਕਾਰ:ਬਲਜਿੰਦਰ ਮਾਨ 98150-18947**
**ਨਾਵਲਕਾਰ:ਡਾ.ਕੁਲਬੀਰ ਸਿੰਘ ਸੁਰੀ**
**ਪ੍ਰਕਾਸ਼ਕ:ਸੰਗਮ ਪਬਲੀਕੇਸ਼ਨ ਸਮਾਣਾ**
**ਸਫੇ: 112, ਮੁੱਲ: 150/-**

ਪੰਜਾਬੀ ਸਾਹਿਤ ਜਗਤ ਖਾਸਕਾਰ ਬਾਲ ਸਾਹਿਤ ਜਗਤ ਵਿੱਚ ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਡਾ. ਕੁਲਬੀਰ ਸਿੰਘ ਸੂਰੀ ਹੋਰਾਂ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਬਾਲ ਨਾਵਲ 'ਅੱਧੀ ਛੁੱਟੀ ਸਾਰੀ ' ਵਿੱਚ ਅਜੋਕੇ ਸਮੇਂ ਦੇ ਬਚਪਨ, ਪਰਿਵਾਰਕ, ਸਮਾਜਕ, ਮਨੋਵਿਗਿਆਨਕ ਨਜ਼ਰੀਏ ਨਾਲ ਵਿਚਾਰਿਆ ਤੇ ਨਿਖਾਰਿਆ ਗਿਆ ਹੈ। ਜਿਹੜੇ ਲੋਕ ਆਪਣੇ ਬਜ਼ੁਰਗਾਂ ਦਾ ਆਦਰ ਮਾਣ ਭੁੱਲ ਗਏ ਹਨ ਉਹਨਾਂ ਨੂੰ ਇਸ ਰਾਹੀਂ ਬੜੀ ਕੀਮਤੀ ਇਕੱਲਾਪਣ ਉਹਨਾਂ ਨੂੰ ਵੱਢ ਵੱਢ ਖਾ ਰਿਹਾ ਹੈ। ਉਹ ਮਾਨਸਿਕ ਪੀੜਾ ਦਾ ਸ਼ਿਕਾਰ ਰਹੇ ਹਨ ਅਤੇ ਉਹਨਾਂ ਦੇ ਪੁੱਤ ਪੋਤੇ ਦੇਸ਼ਾਂ ਵਿਦੇਸ਼ਾਂ ਵਿੱਚ ਐਸ਼ਾਂ ਲੁੱਟ ਰਹੇ ਹਨ। ਤਾਰ ਇਸ ਮੀਕਾ, ਬਿੱਲੂ, ਜੱਸ ਅਤੇ ਸੋਨੂ ਦੁਆਰਾ ਬੜੀ ਰੌਚਕ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ। ਚਾਰੋ ਮਿੱਤਰ ਇੱਕੋ ਸਕੂਲ




ਅਤੇ ਇੱਕੋ ਕਲਾਸ ਦੇ ਵਿਦਿਆਰਥੀ ਹਨ। ਕਹਾਣੀ ਦੀ ਮਦਦ ਕਰਨ ਤੋਂ ਹੁੰਦਾ ਹੈ। ਜਿਸ ਤੇ ਉਹਨਾਂ ਦੇ ਮਾਪੇ ਸ਼ਾਬਾਸ਼ ਦਿੰਦੇ ਹੋਏ ਅਜਿਹੇ ਕਾਰਜਾਂ ਲਈ ਪ੍ਰੇਰਿਤ ਕਰਦੇ ਹਨ। ਉਹ ਸਕੂਲ ਵਿੱਚ ਵੀ ਬਹੁਤ ਸੁਚੱਜੇ ਢੰਗ ਨਾਲ ਵਿਣਾਦਾਦਾਦਾਦੋ ਹਨ। ਸਕੂਲ ਦੇ ਬਗੀਚੇ ਦੇ ਫੁੱਲਾਂ ਦੀ ਸਾਂਭ ਸੰਭਾਲ ਦਾ ਵੀ ਉਚੇਚਾ ਖਿਆਲ ਕਰਦੇ ਹਨ। ਮਾਪਿਆਂ ਦੇ ਸਤਿਕਾਰ ਤੋਂ ਬਾਅਦ ਉਹ ਅਧਿਆਪਕਾਂ ਨੂੰ ਵੀ ਪੂਰਾ ਮਾਣ ਨਾਲ ਇੰਨੀ ਦਿਲਚਸਪ ਹੈ ਕਿ ਹਰ ਪਾਠਕ ਦੇ ਦਿਲ ਦੀਆਂ ਗਹਿਰਾਈਆਂ ਤੱਕ ਉਤਰ ਜਾਂਦੀ ਹੈ:

"ਇਹ ਸਬਕ ਇੰਨਾ ਸੌਖਾ ਤੇ ਨਹੀਂ"। ਜਸ ਬੋਲਿਆ "ਮੇਰੇ ਹਿਸਾਬ ਨਾਲ ਤਾਂ ਇਹ ਸਬਕ ਸਭ ਤੋਂ ਔਖਾ ਏ। ਗੁੱਸੇ ਤੇ ਕਾਬੂ ਪਾਣਾ ਕੋਈ ਸੌਖੀ ਗੱਲ ਏ"? ਸੋਨੂ ਨੇ ਸਾਰਿਆਂ ਵੱਲ ਵੇਖਦਿਆਂ ਕਿਹਾ। "ਸਬਕ ਯਾਦ ਕਰਨ ਦਾ ਗੁੱਸੇ ਉੱਤੇ ਕਾਬੂ ਪਾਉਣ ਨਾਲ ਕੀ ਤੁਆਲਕ"? ਮੀਕੇ ਨੇ ਸਵਾਲ ਕਰ ਦਿੱਤਾ।

"ਇਹੋ ਤੇ ਗੱਲ ਹੈ। ਮੇਰੇ ਹਿਸਾਬ ਨਾਲ ਕਿਸੇ ਵੀ ਸਬਕ ਨੂੰ ਸਿਰਫ ਘੋਟਾ ਲਾ ਕੇ ਯਾਦ ਕਰਨ ਦਾ ਕੋਈ ਫਾਇਦਾ ਨਹੀਂ। ਸਾਨੂੰ ਹਰ ਸਬਕ ਦੇ ਅਰਥ ਸਮਝ ਕੇ ਉਸ ਉੱਪਰ ਅਮਲ ਕਰਨਾ ਚਾਹੀਦਾ ਹੈ। ਅਧਿਆਪਕਾਂ ਦੁਆਰਾ ਸਕੂਲ ਵਿੱਚ ਦਿੱਤੀਆਂ ਜਾਂਦੀਆਂ ਨਸੀਹਤਾਂ ਨੂੰ ਉਹ ਜੀਵਨ ਵਿੱਚ ਸਿਰਫ ਯਾਦ ਹੀ ਨਹੀਂ ਕਰਦੇ ਸਗੋਂ ਅਪਣਾਉਂਦੇ ਵੀ ਹਨ। ਇਤਿਹਾਸ ਦੇ ਅਧਿਆਪਕ ਸ਼ਿਕਾਰ ਖੇਡਣ ਤੋਂ ਮਨ੍ਹਾਂ ਕਰਨ ਦੀ ਕਹਾਣੀ ਆਪਸੀ ਪਿਆਰ ਸਤਿਕਾਰ ਅਤੇ ਮੁਹੱਬਤ ਦਾ ਸੁਨੇਹਾ ਦਿੰਦੀ ਹੈ ਤਿਆਰ ਕਰਦੀ ਹੈ। ਰਾਜ ਕੁਮਾਰ ਖ਼ੂਨ ਖਰਾਬੇ ਦੀ ਜਗ੍ਹਾ ਦਾ ਆਨੰਦ ਮਾਨਣ ਨੂੰ ਤਰਜੀਹ ਦਿੰਦਾ ਹੈ। ਉਹ ਨਫਰਤ ਦੀ ਥਾਂ ਪਿਆਰ ਨੂੰ ਚਣਦਾ ਹੈ। ਸਮੇਂ ਕਾਰਾਕਾਦਾ ਕਰਾ ਦੀਆਂ ਕਿਰਤਾਂ ਨਾਲ ਸਾਂਝ ਪਾਉਣ ਦੀ ਸਲਾਹ ਵੀ ਦਿੱਤੀ ਗਈ ਹੈ।


ਸੋਨੂ ਗੁੱਸੇ ਤੇ ਕਾਬੂ ਪਾਉਣ ਦੇ ਪਾਠ ਨੂੰ ਸਿਰਫ ਯਾਦ ਹੀ ਨਹੀਂ ਕਰਦਾ ਸਗੋਂ ਆਪਣੇ ਵਿੱਚੋਂ ਗੁੱਸੇ ਨੂੰ ਖਤਮ ਵੀ ਕਰ ਦਿੰਦਾ ਹੈ। ਜਿਸਦੀ ਉਦਾਹਰਣ ਅਧਿਆਪਕ ਦੁਆਰਾ ਉਸਬਾਦਾ ਮਾਦਾਦਾ ਨਾ ਆਉਣਾ ਹੈ। ਇਹ ਘਟਨਾ ਅਧਿਆਪਕ ਅਤੇ ਵਿਦਿਆਰਥੀ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਇਸ ਤਰ੍ਹਾਂ ਇਹ ਪਰਉਪਕਾਰੀ ਬੱਚੇ ਮਾਪਿਆਂ ਤੇ ਅਧਿਆਪਕਾਂ ਦੇ ਆਗਿਆ ਕਦੇ ਕਾਰਦੀ ਕਰਦੀ ਉਹਨਾਂ ਦੀ ਜ਼ਿੰਦਗੀ ਦਾ ਉਦੇਸ਼ ਬਣ ਜਾਂਦਾ ਹੈ। ਮਾਪਿਆਂ ਵੱਲੋਂ ਦਿੱਤੀ ਪ੍ਰੇਰਨਾ ਉਹਨਾਂ ਨੂੰ ਇਸ ਖੇਤਰ ਵਿੱਚ ਹੋਰ ਸਰਗਰਮ ਕਰਦੀ ਹੈ । ਉਹ ਆਪਣੀਆਂ ਜਿੰਮੇਵਾਰੀਆਂ ਬਾਖੂਬੀ ਨਿਭਾਉਂਦੇ ਵੀ ਹਨ। 'ਅੱਧੀ ਛੁੱਟੀ ਸਾਰੀ' ਨਾਵਲ ਦਾ ਮਨੋਰਥ ਨਵੀਂ ਪਨੀਰੀ ਨੂੰ ਆਪਣੇ ਮਾਪਿਆਂ ਨਾਲ ਜੋੜਨਾ ਅਤੇ ਉਹਨਾਂ ਦੇ ਆਦਰ ਮਾਣ ਅਤੇ ਖੁਸ਼ੀਆਂ ਸ਼ੈਲੀ ਵਿੱਚ ਰਚਿਆ ਗਿਆ ਇਹ ਨਾਵਲ ਹਰ ਬਾਲ ਪਾਠਕ ਨੂੰ ਪ੍ਰੇਰਨਾ ਦਿੰਦਾ ਹੋਇਆ ਅਜੋਕੇ ਸਮੇਂ ਵਿੱਚ ਵਰਤ ਰਹੇ ਨਕਾਰਾਤਮਕ ਵਰਤਾਰਿਆਂ ਪ੍ਰਤੀ ਸੁਚੇਤ ਕਰਦਾ ਹੈ। ਮਾਨਵੀ ਕਦਰਾਂ ਕੀਮਤਾਂ ਦਾ ਗਿਆਨ ਪ੍ਰਦਾਨ ਕੀਤਾ ਗਿਆ ਹੈ। ਬਜ਼ੁਰਗਾਂ ਵੱਲੋਂ ਮਾਨਵਤਾ ਦਾ ਪੱਲਾ ਕਦੀ ਨਾ ਛੱਡਣ ਦੀ ਨਸੀਹਤ ਦਿੱਤੀ ਗਈ ਹੈ। ਮਿਹਨਤ, ਹਿੰਗਨਸ਼ਾਲਕੇ, ਦਾ ਨਾਂ ਉੱਚਾ ਕਰਨ ਦਾ ਸੰਦੇਸ਼ ਵੀ ਮਿਲਦਾ ਹੈ।

ਬਜ਼ੁਰਗਾਂ ਦਾ ਆਦਰ ਕਰਦੇ ਹੋਏ ਉਹਨਾਂ ਦੀ ਸੰਗਤ ਦਾ ਆਨੰਦ ਲੈਣਗੇ। ਸਮਾਂ ਭਾਵੇਂ ਕਿਸੇ ਤਰ੍ਹਾਂ ਦਾ ਵੀ ਹੋਵੇ ਉਹ ਬਜ਼ੁਰਗਾਂ ਦੀਆਂ ਖੁਸ਼ੀਆਂ ਵਿੱਚ ਹਮੇਸ਼ਾ ਵਾਧਾ ਕਰਨਗੇ।

## ਮੇਰੀ ਜੀਵਨ ਕਥਾ: ਸਚੋ ਸੱਚ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਬਾਬਾ ਗੇਂਦਾ ਸਿੰਘ ਦੌਧਰ**
**ਸੰਪਾਦਕ: ਸੁਖਦੇਵ ਸਿੰਘ ਸਿਰਸਾ**
**ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ ,**
**ਪੰਨੇ: 152, ਮੁੱਲ: 300 ਰੁਪਏ**

ਭਾਰਤ ਦੀ ਆਜ਼ਾਦੀ ਦੀ ਜੰਗ ਵਿੱਚ ਅਨੇਕਾਂ ਯੋਧਿਆਂ ਨੇ ਆਪਣੀ ਕੁਰਬਾਨੀ ਦਿੱਤੀ ਹੈ। ਬਹੁਤ ਸਾਰੇ ਯੋਧਿਆਂ ਬਾਰੇ ਆਮ ਲੋਕਾਂ ਨੂੰ ਪਤਾ ਹੀ ਨਹੀਂ ਕਿਉਂਕਿ ਉਹਨਾਂ ਦੀ ਜੀਵਨੀ ਕਿਸੇ ਤੋਂ ਸੰਭਾਲੀ ਨਹੀਂ ਗਈ। ਜੇਕਰ ਥੋੜੇ ਬਹੁਤ ਵੇਰਵੇ ਉਪਲਬਧ ਵੀ ਹਨ ਤਾਂ ਉਹ ਅਧੂਰੇ ਹਨ ਤੇ ਉਨਾਂ ਦੀ ਜੀਵਨ ਗਾਥਾ ਨੂੰ ਬਿਆਨਿਆ ਹੀ ਨਹੀਂ ਜਾ ਸਕਦਾ। ਗੱਲ ਸਿਰਫ ਨਾਵਾਂ ਤੇ ਥਾਵਾਂ ਤੱਕ ਹੀ ਰਹਿ ਜਾਂਦੀ ਹੈ। ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਦਾ ਉਲੇਖ ਨਹੀਂ ਹੁੰਦਾ। ਬਾਬਾ ਗੇਂਦਾ ਸਿੰਘ ਦੌਧਰ ਦੀ ਜੀਵਨੀ ਵੀ ਉਨ੍ਹਾਂ ਦੀ ਸਵੈ ਜੀਵਨੀ ਹੈ। ਜੋ ਉਨ੍ਹਾਂ ਨੇ ਖੁਦ ਆਪਣੇ ਹੱਥੀਂ ਲਿਖੀ ਹੋਈ ਹੈ। ਡਾਕਟਰ ਸੁਖਦੇਵ ਸਿੰਘ ਸਿਰਸਾ ਦੀ ਇਸ ਖੋਜ ਨੂੰ ਸਲਾਮ ਕਰਨੀ ਬਣਦੀ ਹੈ ਜਿਨ੍ਹਾਂ ਇੱਕ ਸੂਰਬੀਰ ਯੋਧੇ ਦੀ ਜੀਵਨੀ ਨੂੰ ਪਾਠਕਾਂ ਦੇ ਸਨਮੁਖ ਕੀਤਾ ਹੈ। ਅਜਿਹੇ ਕਾਰਜ ਸਾਨੂੰ ਭਵਿੱਖ ਦੀਆਂ ਯੋਜਨਾਵਾਂ ਉਲੀਕਣ ਲਈ ਤਿਆਰ ਕਰਦੇ ਹਨ। ਇਹ ਪੁਸਤਕ ਜਿੱਥੇ ਇੱਕ ਇਤਿਹਾਸਿਕ ਦਸਤਾਵੇਜ਼ ਬਣਦੀ ਹੈ ਉੱਥੇ ਜੀਵਨ ਦੇ ਸੰਘਰਸ਼ ਨੂੰ ਵੀ ਪੇਸ਼ ਕਰਦੀ ਹੈ। ਅੱਤ ਦੀ ਗਰੀਬੀ ਨਾਲ ਅਤੇ ਫੇਰ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਈ ਲੜਨਾ ਕਿਸੇ ਐਰੇ ਗਰੇ ਦਾ ਕੰਮ ਨਹੀਂ। ਜਿਨ੍ਹਾਂ ਨੇ ਮੌਤ ਨੂੰ ਲਾੜੀ ਮੰਨਿਆ ਉਹੀ ਇਸ ਖੇਤਰ ਵਿੱਚ ਸਰਗਰਮ ਯੋਗਦਾਨ ਪਾਉਂਦੇ ਰਹੇ।




ਬਾਬਾ ਗੇਂਦਾ ਸਿੰਘ ਦੌਧਰ ਦੀ ਜਦੋਂ ਇਹ ਸਵੈ ਜੀਵਨੀ ਪੜ੍ਹਦੇ ਹਾਂ ਤਾਂ ਸਾਡਾ ਉਹਨਾਂ ਦੀਆਂ ਕਿਰਤਾਂ ਅੱਗੇ ਸਿਰ ਝੁਕਦਾ ਹੈ। ਦੇਸ਼ ਵਿਦੇਸ਼ ਵਿੱਚ ਅੰਤਾਂ ਦੇ ਮਾੜੇ ਹਾਲਾਤਾਂ ਨਾਲ ਟੱਕਰ ਲੈਂਦੇ ਹੋਏ ਵੀ ਉਨ੍ਹਾਂ ਅੰਦਰੋਂ ਦੇਸ਼ ਪਿਆਰ ਦਾ ਜਜ਼ਬਾ ਕਦੀ ਮਰਿਆ ਨਹੀਂ। ਜੇਲਾਂ ਵਿੱਚ ਥੋੜਾ ਬਹੁਤ ਭਾਸ਼ਾਈ ਗਿਆਨ ਹਾਸਿਲ ਕੀਤਾ ਅਤੇ ਦੇਸ਼ ਦੁਨੀਆਂ ਦੇ ਹਾਲਾਤਾਂ ਨੂੰ ਵਾਚਿਆ ਤੇ ਫਿਰ ਉਹਨਾਂ ਬਾਰੇ ਸੱਚੋ ਸੱਚ ਬਿਆਨਿਆ। ਇਸੇ ਕਰਕੇ ਸੰਪਾਦਕ ਨੇ ਉਨ੍ਹਾਂ ਦੀ ਭਾਸ਼ਾ ਨਾਲ ਕੋਈ ਛੇੜਛਾੜ ਨਹੀਂ ਕੀਤੀ ਸਗੋਂ ਜਿਵੇਂ ਉਨ੍ਹਾਂ ਨੇ ਲਿਖਿਆ ਹੈ, ਉਸੇ ਤਰ੍ਹਾਂ ਉਸਨੂੰ ਪ੍ਰਕਾਸ਼ਿਤ ਕੀਤਾ ਹੈ। ਬਾਬਾ ਜੀ ਵੱਲੋਂ ਵਰਤੇ ਗਏ ਸ਼ਬਦਾਂ ਦੇ ਅਰਥ ਪੁਸਤਕ ਦੇ ਅਖੀਰ ਵਿੱਚ ਦੇ ਦਿੱਤੇ ਗਏ ਹਨ ਤਾਂ ਕਿ ਪਾਠਕ ਨੂੰ ਕੋਈ ਭੁਲੇਖਾ ਨਾ ਰਹੇ। 16 ਪੰਨਿਆਂ ਤੇ ਛਪੀਆਂ ਦੇਸ਼ ਭਗਤਾਂ ਦੀਆਂ ਤਸਵੀਰਾਂ ਇਸ ਪੁਸਤਕ ਦੇ ਮੁੱਲ ਵਿੱਚ ਚੋਖਾ ਵਾਧਾ ਕਰਦੀਆਂ ਹਨ। ਭਾਵੇਂ ਇਹ ਗਦਰੀ ਬਾਬਾ ਗੇਂਦਾ ਸਿੰਘ ਦੌਧਰ ਦੀ ਸਵੈ ਜੀਵਨੀ ਹੈ ਪਰ ਇਸ ਵਿੱਚ ਆਜ਼ਾਦੀ ਪ੍ਰਾਪਤ ਕਰਨ ਲਈ ਚੱਲੀਆਂ ਲਹਿਰਾਂ ਦਾ ਸੱਚੋ ਸੱਚ ਬਿਆਨ ਮਿਲਦਾ ਹੈ। ਉਹਨਾਂ ਆਪਣੇ ਪਿੰਡੇ ਤੇ ਹੰਡਾਏ ਕੌੜੇ ਸੱਚ ਨੂੰ ਬਿਆਨਿਆ ਹੀ ਨਹੀਂ ਸਗੋਂ ਹਾਲਾਤਾਂ ਤੇ ਤਬਸਰਾ ਵੀ ਕੀਤਾ ਹੈ। ਸੰਪਾਦਕ ਨੇ ਪਿੰਡ ਦੌਧਰ ਦੀਆਂ ਇਤਿਹਾਸਿਕ ਪ੍ਰਾਪਤੀਆਂ ਦੀ ਚਰਚਾ ਵੀ ਬਾਖੂਬੀ ਕੀਤੀ ਹੈ।

ਬਾਬਾ ਗੇਂਦਾ ਸਿੰਘ ਦਾ ਜਨਮ ਪਿਤਾ ਬੁੱਧ ਸਿੰਘ ਤੇ ਮਾਤਾ ਸ਼ਾਮ ਕੌਰ ਦੇ ਘਰ 1888 ਈਸਵੀ ਵਿੱਚ ਹੋਇਆ। 1913 ਈਸਵੀ ਵਿੱਚ ਬਾਬਾ ਗੇਂਦਾ ਸਿੰਘ ਘਰ ਦੀ ਗਰੀਬੀ ਤੋਂ ਤੰਗ ਆ ਕੇ ਕੁਆਲਾਲੰਪਰ ਚਲੇ ਗਏ। ਉੱਥੇ ਵੀ ਨੌਕਰੀ ਲਈ ਸੰਘਰਸ਼ ਕਰਨਾ ਪਿਆ। ਕਿਰਤੀ ਕਿਸਾਨ ਪਾਰਟੀ ਬੰਗਾਲ ਨਾਲ ਬਾਬਾ ਜੀ ਦੀ ਸਾਂਝ 1927 ਵਿੱਚ ਪਈ। ਆਪਣੇ ਸਾਥੀਆਂ ਨਾਲ ਮਿਲ ਕੇ 1932 ਵਿੱਚ ਡਰਾਈਵਰ ਨਾਮੀ ਅਖਬਾਰ ਕੱਢਿਆ। 1935 ਨੂੰ ਮੋਗੇ ਵਿੱਚ ਸਾਂਝੀਵਾਲ ਪਾਰਟੀ ਬਣਾਈ। ਜੇਲਾਂ ਵਿੱਚ ਪੁਲਿਸ ਦਾ ਤਸ਼ੱਦਦ ਝੱਲਦੇ ਹੋਏ ਉਹ ਕਦੀ ਕਿਰਤੀ ਅਖ਼ਬਾਰ, ਕਦੀ ਲਾਲ ਢੰਡੋਰਾ ਅਤੇ ਲਾਲ ਝੰਡਾ ਅਖ਼ਬਾਰ ਨਾਲ ਜੁੜ ਕੇ ਕੰਮ ਕਰਦੇ ਰਹੇ। ਆਜ਼ਾਦੀ ਦੀਆਂ ਲਹਿਰਾਂ ਵਿੱਚ ਯੋਗਦਾਨ ਪਾਉਣ ਵਾਸਤੇ ਆਪ ਦੇ ਪਰਿਵਾਰ ਨੇ ਪੂਰਾ ਸਹਿਯੋਗ ਦਿੱਤਾ ਅਤੇ ਉਸਦੀ ਜੀਵਨ ਸਾਥਣ ਨੇ ਕਦੀ ਕੋਈ ਗਿਲਾ ਨਹੀਂ ਕੀਤਾ। ਅੰਗਰੇਜ਼ ਸਰਕਾਰ ਵਲੋਂ ਜ਼ਮੀਨਾਂ ਤੇ ਧਨ ਦੀਆਂ ਥੈਲੀਆਂ ਦੇਣ ਦੇ ਲਾਲਚਾਂ ਨੂੰ ਵੀ ਉਹਨਾਂ ਲੱਤ ਮਾਰ ਦਿੱਤੀ। ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਤਾਮਰ ਪੱਤਰ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ।


ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਆਪਣੀ ਸੰਪਾਦਨ ਕਲਾ ਨਾਲ ਇਸ ਪੁਸਤਕ ਨੂੰ ਪਾਠਕਾਂ ਲਈ ਇੱਕ ਨਗੀਨਾ ਬਣਾ ਦਿੱਤਾ ਹੈ। ਇਹ ਉਹ ਨਗੀਨਾ ਹੈ ਜਿਸ ਨਾਲ ਅਸੀਂ ਆਪਣੇ ਇਤਿਹਾਸ ਅਤੇ ਆਧੁਨਿਕ ਸਮੇਂ ਨੂੰ ਪੜਚੋਲਦੇ ਹੋਏ ਭਵਿੱਖ ਲਈ ਤਿਆਰ ਹੋ ਸਕਦੇ ਹਾਂ। ਅਜਿਹੀਆਂ ਪੁਸਤਕਾਂ ਨਵੀਂ ਪਨੀਰੀ ਨੂੰ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਕਿ ਉਹ ਭਵਿੱਖ ਦੀ ਜੰਗ ਲਈ ਤਿਆਰ ਹੋ ਸਕਣ। ਬਾਬਾ ਗੇਂਦਾ ਸਿੰਘ ਦੌਧਰ ਦੀ ਇਹ ਪੁਸਤਕ ਸਾਨੂੰ ਇਤਿਹਾਸ ਦੇ ਵੱਖ ਵੱਖ ਪੰਨਿਆਂ ਬਾਰੇ ਸਿਰਫ ਜਾਣਕਾਰੀ ਹੀ ਪ੍ਰਦਾਨ ਨਹੀਂ ਕਰਦੀ ਸਗੋਂ ਆਜ਼ਾਦੀ ਘੁਲਾਟੀਆਂ ਦੇ ਜੀਵਨ ਬਾਰੇ ਵੀ ਗਿਆਨ ਕਰਵਾਉਂਦੀ ਹੈ।

ਕੁਰਬਾਨੀ ਦੇ ਪੁੰਜ ਬਾਬਾ ਗੇਂਦਾ ਸਿੰਘ ਦੌਧਰ 12 ਦਸੰਬਰ 1982 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਨਾ ਸਿਰਜੇ ਜਾਣ ਦਾ ਉਹਨਾਂ ਨੂੰ ਹਮੇਸ਼ਾ ਦੁੱਖ ਰਿਹਾ।

## ਖ਼ੂਬਸੂਰਤ ਇਰਾਦਿਆਂ ਦੀ ਵਰਣਮਾਲਾ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਅਮਰਜੀਤ ਬਰਾੜ**
**ਪ੍ਰਕਾਸ਼ਕ, ਪੰਜ ਆਬ ਪ੍ਰਕਾਸ਼ਨ ਜਲੰਧਰ, ਪੰਨੇ 120, ਮੁੱਲ 175/-**

ਇੱਕ ਦਰਜਨ ਤੋਂ ਵੱਧ ਖੋਜ ਭਰਪੂਰ ਅਤੇ ਕੀਮਤੀ ਪੁਸਤਕਾਂ ਦੀ ਸਿਰਜਣਾ ਕਰਨ ਵਾਲੇ ਲੇਖਕ ਅਮਰਜੀਤ ਬਰਾੜ ਦੀ ਇਹ ਇੱਕ ਬਹੁਤ ਹੀ ਦਿਲਚਸਪ, ਸਿੱਖਿਆਦਾਇਕ ਤੇ ਪ੍ਰੇਰਨਾਦਾਇਕ ਪੁਸਤਕ ਹੈ। ਪੁਸਤਕ ਦੇ ਪੰਨੇ ਫਰੋਲਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਹਰ ਪੰਨੇ ਚੋਂ ਜ਼ਿੰਦਗੀ ਦੀ ਖੁਸ਼ਹਾਲੀ, ਸਫਲਤਾ ਅਤੇ ਉੱਚੇ ਵਿਚਾਰਾਂ ਦੀ ਮਹਿਕ ਆ ਰਹੀ ਹੈ। ਵਿਚਾਰਾਂ ਦੀ ਲੜੀ ਪਾਠਕ ਦੇ ਦਿਲ ਦਿਮਾਗ ਦੇ ਬੰਦ ਦਰ ਦਰਵਾਜ਼ਿਆਂ ਨੂੰ ਖੋਲ੍ਹਦੀ ਜਾਂਦੀ ਹੈ। ਉੱਤਮ ਦਰਜੇ ਦੀ ਸ਼ਖਸ਼ੀਅਤ ਦੇ ਨਿਰਮਾਣ ਵਿੱਚ ਆਉਣ ਵਾਲੇ ਗੁਣਾਂ ਨੂੰ ਇਸ ਪੁਸਤਕ ਦੇ ਹਰ ਪਾਠ ਵਿੱਚ ਸ਼ਾਮਿਲ ਕੀਤਾ ਗਿਆ ਹੈ। ਜਦੋਂ ਪਾਠਕ ਪੁਸਤਕ ਦਾ ਪਹਿਲਾ ਪੰਨਾ ਫਰੋਲਦਾ ਹੈ ਤਾਂ ਜ਼ਿੰਦਗੀ ਦੇ ਅਨੁਭਵ ਅਨੁਵਾਨ ਹੇਠ ਛਪੇ ਵਿਚਾਰ ਉਸ ਨੂੰ ਹੋਰ ਅੱਗੇਰੇ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਇਹ ਵਿਚਾਰ ਉਹ ਸੱਚਾਈਆਂ ਹਨ ਜੋ ਸਕੂਲਾਂ ਦੀਆਂ ਕੰਧਾਂ ਤੇ ਦਰਜ ਕੀਤੇ ਜਾਣ ਦੇ ਕਾਬਲ ਹਨ। ਇਨਸਾਨ ਅੰਦਰ ਛੁਪੇ ਲਾਲਚ ਉਸ ਨੂੰ ਕਿਵੇਂ ਮਾਨਵ ਤੋਂ ਹੈਵਾਨੀਅਤ ਵੱਲ ਲੈ ਜਾਂਦੇ ਹਨ ਇਹ ਸਾਰੀਆਂ ਵਿਚਾਰਾਂ ਇਸ ਪੁਸਤਕ ਵਿੱਚ ਸਹਿਜੇ ਹੀ ਮਿਲ ਜਾਂਦੀਆਂ ਹਨ। ਇਸੇ ਕਰਕੇ ਲੇਖਕ ਨੇ ਸਾਨੂੰ ਆਪਣੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਉਜਾਗਰ ਕਰਨ ਦੇ ਤੌਰ ਤਰੀਕੇ ਦਰਸਾਏ ਹਨ। ਕੀਮਤੀ ਵਿਚਾਰਾਂ ਨਾਲ ਸ਼ਿੰਗਾਰੀ ਇਸ ਪੁਸਤਕ ਵਿੱਚ 27 ਪਾਠ ਦਰਜ ਕੀਤੇ ਗਏ ਹਨ। ਅਖੀਰ ਵਿੱਚ ਜਸਬੀਰ ਸਿੰਘ ਬੜਿੰਗ ਅਤੇ ਕੁਲਦੀਪ ਕੌਰ ਦੇ ਵਿਚਾਰ ਵੀ ਪੁਸਤਕ ਬਾਰੇ ਦਰਜ ਹਨ। ਪੁਸਤਕ ਵਿੱਚ ਦਰਜ ਲੇਖਾਂ ਦੇ ਸਿਰਲੇਖ ਪਾਠਕਾਂ ਲਈ ਬਹੁਤ ਪ੍ਰੇਰਨਾਦਾਇਕ ਹਨ। ਜਿਵੇਂ ਜ਼ਿੰਦਗੀ ਦਾ ਹੁਸਨ, ਤੁਹਾਡੀ ਸਫਲਤਾ ਦਾ ਆਧਾਰ ਤੁਹਾਡਾ ਵਿਵਹਾਰ, ਆਜ਼ਾਦੀ ਦਾ ਮਤਲਬ ਅਨੁਸ਼ਾਸਨਹੀਣਤਾ ਨਹੀਂ, ਨਿਮਰਤਾ ਕਰਦੀ ਹੈ ਤੁਹਾਡੀ ਸ਼ਖਸ਼ੀਅਤ ਦਾ ਨਿਰਮਾਣ, ਆਪਣੇ ਆਪ ਨਾਲ ਤੁਹਾਡਾ ਰਿਸ਼ਤਾ, ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿੱਚ ਰੱਖੋ, ਘਰ ਜ਼ਿੰਦਗੀ ਦੀ ਮੁੱਢਲੀ ਪਾਠਸ਼ਾਲਾ, ਕਿੰਨਾ ਜ਼ਰੂਰੀ ਹੈ ਆਤਮ ਵਿਸ਼ਵਾਸ, ਸਮਝ ਤੋਂ ਸਿਆਣਪ ਤੱਕ ਦਾ ਸਫ਼ਰ, ਆਪਸੀ ਮੇਲ ਮਿਲਾਪ ਦੀ ਖੁਸ਼ਹਾਲੀ ਅਤੇ ਖ਼ੂਬਸੂਰਤ ਇਰਾਦਿਆਂ ਦੀ ਵਰਣਮਾਲਾ ਆਦਿ।




ਪੁਸਤਕ ਵਿੱਚ ਦਰਜ ਕੁਝ ਵਿਚਾਰ ਨਮੂਨੇ ਦੇ ਤੌਰ ਤੇ ਪੇਸ਼ ਕੀਤੇ ਜਾ ਸਕਦੇ ਹਨ:- ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹੀ ਅਤੇ ਆਪਣੇ ਪ੍ਰਤੀ ਬੇਪਰਵਾਹੀ ਖਤਰਨਾਕ ਹੈ। ਸਪਸ਼ਟ ਕਰੋ ਕਿ ਕਿਹੜਾ ਪ੍ਰੋਗਰਾਮ ਕਿਹੜੀ ਕਿਤਾਬ ਜਾਂ ਕਿਹੜਾ ਕੰਮ ਤੁਸੀਂ ਕਰਨਾ ਹੈ। ਸੋਸ਼ਲ ਮੀਡੀਆ ਤੇ ਹਰ ਵਿਅਕਤੀ ਅਤੇ ਹਰ ਗੱਲ ਨੂੰ ਸੁਣਨ ਦਾ ਮਤਲਬ ਹੈ ਕਿ ਸਮਾਂ, ਸਿਹਤ ਅਤੇ ਪੈਸੇ ਦੀ ਬਰਬਾਦੀ। ਆਪਣੇ ਦਿਮਾਗ ਨੂੰ ਕੂੜਾ ਦਾਨ ਨਾ ਬਣਾਓ। ਆਪਣੀਆਂ ਗਲਤੀਆਂ ਤੋਂ ਸਿੱਖੋ ਅਤੇ ਆਪਣੇ ਕਦ ਨੂੰ ਆਪਣੀਆਂ ਗਲਤੀਆਂ ਨਾਲੋਂ ਵੱਡਾ ਕਰੋ। ਸਹੱਪਣ ਸਿਰਫ ਚਿਹਰੇ ਦਾ ਹੀ ਨਹੀਂ ਬਲਕਿ ਇਹ ਤੁਹਾਡੇ ਕੰਮਾਂ ਦਾ ਵੀ ਹੁੰਦਾ ਹੈ। ਗੱਲਬਾਤ ਕਰਨਾ ਵੀ ਇਹ ਕਲਾ ਹੈ। ਜੋ ਤੁਹਾਡੀ ਜ਼ਿੰਦਗੀ ਦੀ ਸੁੰਦਰਤਾ ਵਿੱਚ ਵਾਧਾ ਕਰਦੀ ਹੈ । ਆਪਣੇ ਮਨ ਦੀ ਅਤੇ ਸਮਾਜ ਦੀ ਉਸ ਪਰੰਪਰਾ ਨੂੰ ਤੋੜਨਾ ਲਾਜ਼ਮੀ ਹੈ ਜੋ ਤੁਹਾਡੇ ਤੇ ਇਸ ਗੱਲ ਦਾ ਬੰਧਨ ਲਾਉਂਦੀ ਹੈ ਕਿ ਤੁਸੀਂ ਅਜਿਹਾ ਨਹੀਂ ਕਰ ਸਕਦੇ ਜਾਂ ਤੁਸੀਂ ਇਸ ਕੰਮ ਲਈ ਬਣੇ ਹੀ ਨਹੀਂ ਹੈ। ਪਾਠਕਾਂ ਦੇ ਮਨ ਨੂੰ ਸਰਸ਼ਾਰ ਕਰਨ ਵਾਲੀਆਂ ਅਜਿਹੀਆਂ ਕੀਮਤੀ ਵਿਚਾਰਾਂ ਚਸ਼ਮੇ ਵਾਂਗ ਇਸ ਪੁਸਤਕ ਵਿੱਚੋਂ ਫੁੱਟਦੀਆਂ ਹਨ। ਮਾਨਵੀ ਕਦਰਾਂ ਕੀਮਤਾਂ ਦਾ ਇਹ ਖਜ਼ਾਨਾ ਹੈ। ਸਫ਼ਲਤਾ ਦੀ ਪੌੜੀ ਚੜ੍ਹਨ ਦੇ ਤੌਰ ਤਰੀਕੇ ਵੀ ਪੜ੍ਹਨ ਨੂੰ ਮਿਲਦੇ ਹਨ। ਵਿਦਿਆਰਥੀਆਂ ਲਈ ਤਾਂ ਇਹ ਪੁਸਤਕ ਮਮੀਰੇ ਦੀ ਗੱਠੀ ਹੈ। ਅਮਰਜੀਤ ਬਰਾੜ ਦੀ ਇਸ ਕਿਰਤ ਦਾ ਨਿੱਘਾ ਸਵਾਗਤ ਕਰਦਾ ਹੋਇਆ ਉਸ ਤੋਂ ਹੋਰ ਵੀ ਅਜਿਹੀਆਂ ਰੌਚਕ, ਕੀਮਤੀ ਅਤੇ ਖੋਜ ਭਰਪੂਰ ਪੁਸਤਕਾਂ ਦੀ ਉਮੀਦ ਰੱਖਦੇ ਹਾਂ।

## ਭਾਰਤ 'ਚ ਅੱਤਵਾਦ ਫੈਲਾਇਆ ਜਾਂਦਾ ਹੈ ਤੇ ਹੁੰਦੀ ਟੈਰਰ ਫੰਡਿੰਗ'- ਕੈਨੇਡਾ

**ਨਵੀਂ ਦਿੱਲੀ-** ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਲੋਕਾਂ ਲਈ ਕੈਨੇਡਾ ਇਕ ਸੁਰੱਖਿਅਤ ਦੇਸ਼ ਬਣ ਚੁੱਕਾ ਹੈ। ਇਹ ਗੱਲ ਕੈਨੇਡਾ ਨੇ ਵੀ ਹੁਣ ਕਬੂਲ ਕਰ ਲਈ ਹੈ। ਅਸਲ ਵਿਚ ਕੈਨੇਡਾ ਸਰਕਾਰ ਵੱਲੋਂ ਉਸ ਦੇ ਦੇਸ਼ ਵਿਚ ਵਿਦੇਸ਼ੀ ਦਖ਼ਲਅੰਦਾਜ਼ੀ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਇਸ ਕਮਿਸ਼ਨ ਨੇ ਸੱਤ ਵੌਲਿਊਮ ਦੀ ਰਿਪੋਰਟ ਕੈਨੇਡਾ ਸਰਕਾਰ ਨੂੰ ਸੌਂਪ ਦਿੱਤੀ ਹੈ। ਰਿਪੋਰਟ 'ਚ ਵਿਦੇਸ਼ੀ ਦਖ਼ਲ ਦੀ ਜਾਂਚ ਕਰ ਰਹੀ ਇਸ ਕਮੇਟੀ ਨੇ ਕਈ ਸਨਸਨੀਖੇਜ਼ ਖੁਲਾਸੇ ਕੀਤੇ ਹਨ। ਕੈਨੇਡਾ ਨੇ ਮੰਨਿਆ ਹੈ ਕਿ ਉਸ ਦੇ ਦੇਸ਼ ਤੋਂ ਭਾਰਤ ਖਿਲਾਫ਼ ਨਾ ਸਿਰਫ਼ ਅੱਤਵਾਦ ਫੈਲਾਇਆ ਜਾ ਰਿਹਾ ਹੈ ਬਲਕਿ ਟੈਰਰ ਫੰਡਿੰਗ ਵੀ ਕੀਤੀ ਜਾ ਰਹੀ ਹੈ।

ਕੈਨੇਡਾ ਸਰਕਾਰ ਨੂੰ ਸੌਂਪੀ ਗਈ ਸੱਤ ਵੌਲਿਊਮ ਦੀ ਰਿਪੋਰਟ ਦੇ ਚੌਥੇ ਵੌਲਿਊਮ ਦੇ ਪੇਜ 98 ਤੇ 99 'ਤੇ ਭਾਰਤ ਨਾਲ ਜੁੜੀ ਜਾਣਕਾਰੀ ਮੌਜੂਦ ਹੈ। ਕੈਨੇਡਾ ਦੀ ਖੁਫੀਆ ਏਜੰਸੀ ਸੀ ਐਸ ਆਈ ਸੀ (ਕੈਨੇਡੀਅਨ ਸਕਿਊਰਟੀ ਇੰਟੈਲੀਜੈਂਸ ਸਰਵਿਸ) ਨੇ ਰਿਪੋਰਟ 'ਚ ਇਸ ਗੱਲ ਦਾ ਜ਼ਿਕਰ ਵੀ ਕੀਤਾ ਹੈ ਕਿ ਖਾਲਿਸਤਾਨੀ ਅੱਤਵਾਦੀਆਂ ਨੂੰ ਲੈ ਕੇ ਭਾਰਤ ਦੀਆਂ ਚਿੰਤਾਵਾਂ ਜਾਇਜ਼ ਹਨ। ਸੀ ਐਸ ਆਈ ਸੀ ਮੁਤਾਬਕ ਕੁਝ ਖਾਲਿਸਤਾਨੀ ਕੈਨੇਡਾ 'ਚ ਬੈਠ ਕੇ ਭਾਰਤ ਖਿਲਾਫ਼ ਸਾਜ਼ਿਸ਼ਾਂ ਘੜ ਰਹੇ ਹਨ। ਉੱਥੇ ਹੀ, ਇੱਥੋਂ ਭਾਰਤ 'ਚ ਟੈਰਰ ਫੰਡਿੰਗ ਵੀ ਕੀਤੀ ਜਾਂਦੀ ਹੈ। ਕੈਨੇਡਾ ਦੇ ਵਿਦੇਸ਼ੀ ਦਖ਼ਲਅੰਦਾਜ਼ੀ ਕਮਿਸ਼ਨ ਨੇ ਇਹ ਵੀ ਲਿਖਿਆ ਕਿ ਅਜਿਹੇ ਸਬੂਤ ਮਿਲਣ 'ਤੇ ਕੈਨੇਡਾ ਨੇ ਭਾਰਤ ਨਾਲ ਮਿਲ ਕੇ ਅੱਤਵਾਦ ਨਾਲ ਜੁੜੇ ਮਾਮਲਿਆਂ 'ਚ ਸਹਿਯੋਗ ਕੀਤਾ ਹੈ। ਸੀ ਐਸ ਆਈ ਸੀ ਦੀ ਰਿਪੋਰਟ 'ਚ ਜਾਣਕਾਰੀ ਦਿੱਤੀ ਗਈ ਕਿ ਕੈਨੇਡਾ 'ਚ ਮੌਜੂਦ ਖਾਲਿਸਤਾਨੀ ਸਮਰਥਕ ਸ਼ਾਂਤੀਪੂਰਨ ਢੰਗ ਨਾਲ ਕੰਮ ਕਰਦੇ ਹਨ।

ਹਾਲਾਂਕਿ, ਫਾਰੇਨ ਇੰਟਰਫੇਅਰੈਂਸ ਕਮਿਸਨ ਦੀ ਇਕ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਕਿ ਭਾਰਤ ਵੱਲੋਂ ਕੈਨੇਡਾ ਦੀਆਂ ਚੋਣਾਂ 'ਚ ਦਖ਼ਲ ਦਿੱਤਾ ਗਿਆ। ਕੈਨੇਡਾ ਦੇ ਇਸ ਦਾਅਵੇ 'ਤੇ ਵਿਦੇਸ਼ ਮੰਤਰਾਲੇ ਵੱਲੋਂ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਮੰਤਰਾਲੇ ਨੇ ਕੈਨੇਡਾ ਦੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉੱਥੇ ਹੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕੈਨੇਡਾ ਵੱਲੋਂ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਲਗਾਤਾਰ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ।

ਵਿਦੇਸ਼ ਮੰਤਰਾਲੇ ਨੇ ਅੱਗੇ ਕਿਹਾ ਕਿ ਅਸੀਂ ਕਥਿਤ ਦਖ਼ਲਅੰਦਾਜ਼ੀ ਸੰਬੰਧੀ ਗਤੀਵਿਧੀਆਂ ਬਾਰੇ ਇਕ ਰਿਪੋਰਟ ਦੇਖੀ ਹੈ। ਕੈਨੇਡਾ ਲਗਾਤਾਰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਕਰ ਰਿਹਾ ਹੈ।'

# 26 ਜਨਵਰੀ ਲਈ ਗਣਤੰਤਰ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

26 ਜਨਵਰੀ ਦਾ ਦਿਨ ਸਮੂਹ ਭਾਰਤੀਆਂ ਲਈ ਬਹੁਤ ਹੀ ਮਹੱਤਵਪੂਰਨ ਹੈ ਅਤੇ ਹਰ ਸਾਲ 26 ਜਨਵਰੀ ਨੂੰ ਸਾਡਾ ਦੇਸ਼ ਨਿਆਂ ਅਤੇ ਬਰਾਬਰਤਾ ਦੇ ਸਿਧਾਂਤ ਅਤੇ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। ਗਣਤੰਤਰ ਦਿਵਸ ਹਰ ਸਾਲ 26 ਜਨਵਰੀ ਨੂੰ ਉਸ ਦਿਨ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ ਜਦੋਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ। 26 ਜਨਵਰੀ ਨੂੰ ਰਾਸ਼ਟਰੀ ਛੁੱਟੀ ਦਾ ਫੈਸਲਾ ਕੀਤਾ ਗਿਆ ਅਤੇ ਭਾਰਤ ਦੇ ਗਣਤੰਤਰ ਦਿਵਸ ਵਜੋਂ ਮਾਨਤਾ ਦਿੱਤੀ ਗਈ। 26 ਜਨਵਰੀ ਨੂੰ ਦੇਸ਼ ਭਰ ਵਿੱਚ ਤਿਉਹਾਰ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਜਾਂਦਾ ਹੈ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਹੀ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੰਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ।

15 ਅਗਸਤ 1947 ਨੂੰ ਦੇਸ਼ ਨੂੰ ਅਜ਼ਾਦੀ ਮਿਲੀ ਅਤੇ ਸੰਵਿਧਾਨ ਸਭਾ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚ ਤਿਆਰ ਕੀਤਾ ਗਿਆ ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਅਤੇ 26 ਜਨਵਰੀ 1950 ਨੂੰ ਪੂਰਨ ਤੌਰ ਤੇ ਲਾਗੂ ਕੀਤਾ ਗਿਆ। ਉਸਤੋਂ ਬਾਦ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਵਿਦੇਸ਼ੀ ਹਕੂਮਤ ਦੀ ਗੁਲਾਮੀ ਖਤਮ ਕਰਨ ਮਗਰੋਂ ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ 1950 ਨੂੰ "ਪ੍ਰਭੂਸੱਤਾ ਸੰਪੰਨ, ਜਮਹੂਰੀ ਗਣਰਾਜ" ਦਾ ਨਾਮ ਗ੍ਰਹਿਣ ਕੀਤਾ ਸੀ। ਇਸ ਸਬੰਧੀ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ ਤੇ ਉਦੋਂ ਦੇਸ਼ ਦਾ ਪਹਿਲਾ ਰਾਸ਼ਟਰਪਤੀ ਬਣਿਆ ਸੀ। ਭਾਰਤ ਦੀ ਆਜ਼ਾਦੀ ਦੀ ਲਹਿਰ ਮਗਰੋਂ ਆਜ਼ਾਦ ਮੁਲਕ ਵਜੋਂ ਸਥਾਪਤ ਹੋਣ ਬਾਰੇ ਘਟਨਾਵਾਂ ਦੀ ਲੜੀ ਵੀ ਕਾਫੀ ਦਿਲਚਸਪ ਹੈ। ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10 ਵਜ ਕੇ 18 ਮਿੰਟ ਤੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ 06 ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ ਤੇ ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ ਭਾਰਤ ਦਾ ਐਲਾਨਨਾਮਾ ਪੜ੍ਹਿਆ।

ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੀ ਧਰਤੀ ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਸਮੁੱਚੇ ਰੂਪ ਵਿੱਚ ਇੱਕ ਨਜ਼ਰ ਆਈ ਸੀ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਈ ਸੀ ਜਿਸਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜ਼ਿੰਮੇਵਾਰੀ ਲਈ ਸੀ। ਇਸਤੋਂ ਬਾਦ ਲੱਗਭੱਗ 2.30 ਵਜੇ ਬਾਅਦ ਦੁਪਹਿਰ ਰਾਸ਼ਟਰਪਤੀ, ਗਵਰਨਮੈਂਟ ਹਾਊਸ ਜਿਸਨੂੰ ਹੁਣ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ ਵਿੱਚੋਂ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਵਿੱਚ ਬਾਹਰ ਆਏ। ਇਸ ਬੱਘੀ ਨੂੰ 06 ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਅਤੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ ਹੁਣ ਨੈਸ਼ਨਲ ਸਟੇਡੀਅਮ ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਲੋਕ ਖੁਸ਼ੀ ਵਿੱਚ ਜੈਕਾਰ ਕਰ ਰਹੇ ਸਨ ਅਤੇ ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਹੱਥ ਜੋੜ ਕੇ ਲੋਕਾਂ ਦੇ ਜੈ ਕਾਰਿਆਂ ਦਾ ਜਬਾਵ ਦੇ ਰਹੇ ਸਨ। ਲੱਗਭੱਗ 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜ਼ਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸੀ ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ।

ਹਰ ਸਾਲ 26 ਜਨਵਰੀ ਨੂੰ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਂਉਦੇ ਹਾਂ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਰਾਜਦੂਤਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਵੱਖ ਵੱਖ ਸੂਬਿਆਂ ਦੇ ਲੋਕ ਭਾਗ ਲੈਂਦੇ ਹਨ ਅਤੇ ਵੇਖਣ ਲਈ ਆਉਂਦੇ ਹਨ। ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ। ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਘੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ ਜਿੱਥੇ ਪ੍ਰਧਾਨਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ। ਰਾਸ਼ਟਰੀ ਧੁੰਨ ਦੇ ਨਾਲ ਤਿਰੰਗਾ ਲਹਿਰਾਂਦੇ ਹਨ, ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ, ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਅਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ ਅਪਣੇ ਹਥਿਆਰਾਂ, ਮਿਜ਼ਾਈਲਾਂ, ਟੈਂਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਇਸ ਆਲੀਸ਼ਾਨ ਦ੍ਰਿਸ਼ ਨੂੰ ਵੇਖਕੇ ਹਰ ਦੇਸ਼ਵਾਸੀ ਦੇ ਮਨ ਵਿੱਚ ਦੇਸ਼ ਭਗਤੀ ਅਤੇ ਦਿਲ ਵਿੱਚ ਉਤਸ਼ਾਹ ਵਧਦਾ ਹੈ। ਵਿਦਿਆਰਥੀ ਐਨ.ਸੀ.ਸੀ. ਦੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਦਿਵਾਂਉਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ।




ਮਿਲਟਰੀ ਅਤੇ ਸਕੂਲਾਂ ਦੇ ਬੈਂਡ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵੱਖ ਵੱਖ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ-ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਦੀਪਮਾਲਾ ਕੀਤੀ ਜਾਂਦੀ ਹੈ।

ਗਣਤੰਤਰ ਦਿਵਸ ਦੇ ਸਮਾਰੋਹ ਵਿੱਚ ਹਰ ਸਾਲ ਵੱਖ ਵੱਖ ਦੇਸ਼ਾਂ ਦੇ ਆਗੂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਦੇ ਹਨ ਜਿਨ੍ਹਾਂ ਵਿੱਚ 1950 ਵਿੱਚ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ, 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ, 1962 ਵਿੱਚ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ, 1965 ਵਿੱਚ ਪਾਕਿਸਤਾਨ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਰਾਣਾ ਅਬਦੁਲ ਹਮੀਦ, 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ, 2015 ਵਿੱਚ ਯੂਐਸਏ ਦੇ ਰਾਸ਼ਟਰਪਤੀ ਬਰਾਕ ਅਬਾਮਾ, 2017 ਵਿੱਚ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ, 2018 ਵਿੱਚ 10 ਏਸ਼ੀਅਨ ਮੁਲਕਾਂ ਦੇ ਆਗੂ ਜਿਨ੍ਹਾਂ ਵਿੱਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨਸੈਨ, ਮੀਆਂਮਾਰ ਦੇ ਰਾਸ਼ਟਰਪਤੀ ਹਤੀਨ ਕਿਆ, ਸਿੰਘਾਪੁਰ ਦੇ ਰਾਸ਼ਟਰਪਤੀ ਹਲਿਮਾ ਜੈਕਬ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜ਼ੀਬ ਰਜ਼ਾਕ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ। ਕੋਵਿਡ-19 ਮਹਾਂਮਾਰੀ ਕਾਰਨ ਸਾਲ 2021 ਅਤੇ 2022 ਵਿੱਚ ਗਣਤੰਤਰ ਦਿਵਸ ਦਾ ਕੋਈ ਵੀ ਮੁੱਖ ਮਹਿਮਾਨ ਨਹੀਂ ਸੀ।

ਭਾਰਤ ਇਸ ਸਾਲ 26 ਜਨਵਰੀ 2025 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਦੇ 75 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ। ਗਣਤੰਤਰ ਦਿਵਸ 2025 ਦਾ ਥੀਮ "ਸੁਨਿਹਰੀ ਭਾਰਤ: ਵਿਰਾਸਤ ਅਤੇ ਵਿਕਾਸ" ਹੈ। ਇਸ ਸਾਲ 26 ਜਨਵਰੀ 2025 ਨੂੰ ਗਣਤੰਤਰ ਦਿਵਸ ਮੌਕੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਐੱਚ.ਈ. ਪ੍ਰਬੋਵੋ ਸੁਬੀਆਂਤੋ 25-26 ਜਨਵਰੀ 2025 ਨੂੰ ਭਾਰਤ ਦਾ ਸਰਕਾਰੀ ਦੌਰਾ ਕਰਨਗੇ। ਅਕਤੂਬਰ 2024 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਰਾਸ਼ਟਰਪਤੀ ਪ੍ਰਬੋਵੋ ਦੀ ਇਹ ਭਾਰਤ ਦੀ ਪਹਿਲੀ ਯਾਤਰਾ ਹੋਵੇਗੀ। ਰਾਸ਼ਟਰਪਤੀ ਪ੍ਰਬੋਵੋ ਭਾਰਤ ਦੇ 76ਵੇਂ ਗਣਤੰਤਰ ਦਿਵਸ ਸਮਾਰੋਹਾਂ ਲਈ ਮੁੱਖ ਮਹਿਮਾਨ ਹੋਣਗੇ। ਇਸ ਸਮਾਰੋਹ ਦੀ ਮੇਜ਼ਵਾਨੀ ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਕਰਨਗੇ। ਗਣਤੰਤਰ ਦਿਵਸ ਪਰੇਡ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਰਾਸ਼ਟਰੀ ਯੁੱਧ ਸਮਾਰਕ ਤੇ ਫੁੱਲਮਾਲਾ ਭੇਟ ਕਰਨ ਨਾਲ ਹੋਵੇਗੀ। 26 ਜਨਵਰੀ ਨੂੰ ਗਣਤੰਤਰ ਦਿਵਸ ਪਰੇਡ ਸਵੇਰੇ 10:30 ਵਜੇ ਸ਼ੁਰੂ ਹੋਵੇਗੀ।

ਗਣਤੰਤਰ ਦਿਵਸ ਪਰੇਡ ਇੱਕ ਵਿਲੱਖਣ ਸੱਭਿਆਚਾਰਕ ਪ੍ਰਦਰਸ਼ਨ ਨਾਲ ਸ਼ੁਰੂ ਹੋਵੇਗੀ ਜਿੱਥੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 300 ਸੱਭਿਆਚਾਰਕ ਕਲਾਕਾਰ ਸੰਗੀਤਕ ਸਾਜ਼ ਵਜਾਉਣਗੇ। ਇੰਡੋਨੇਸ਼ੀਆ ਤੋਂ 160 ਮੈਂਬਰੀ ਮਾਰਚਿੰਗ ਟੁਕੜੀ ਅਤੇ 190 ਮੈਂਬਰੀ ਬੈਂਡ ਟੁਕੜੀ, ਭਾਰਤੀ ਹਥਿਆਰਬੰਦ ਸੈਨਾਵਾਂ ਦੇ ਟੁਕੜੀਆਂ ਦੇ ਨਾਲ, ਕਰਤਵਿਆ ਪਥ ਤੇ ਪਰੇਡ ਵਿੱਚ ਹਿੱਸਾ ਲਵੇਗੀ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਇੱਕ ਰਸਮੀ ਬੱਗੀ ਵਿੱਚ ਕਰਤਵਿਆ ਪਥ ਤੇ ਪਹੁੰਚਣਗੇ ਅਤੇ ਹਥਿਆਰਬੰਦ ਬਲਾਂ, ਅਰਧ ਸੈਨਿਕ ਬਲਾਂ, ਸਹਾਇਕ ਸਿਵਲ ਬਲਾਂ, ਐਨਸੀਸੀ ਅਤੇ ਐਨਐਸਐਸ ਯੂਨਿਟਾਂ ਦੇ ਰਸਮੀ ਮਾਰਚ ਪਾਸਟ ਦੌਰਾਨ ਸਲਾਮੀ ਲੈਣਗੇ। ਗਣਤੰਤਰ ਦਿਵਸ 2025 ਵਿੱਚ ਵੱਖ-ਵੱਖ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਕੇਂਦਰ ਸਰਕਾਰ ਦੇ ਮੰਤਰਾਲਿਆਂ/ਵਿਭਾਗਾਂ ਦੀਆਂ 31 ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਰਾਸ਼ਟਰੀ ਗੀਤ ਤੋਂ ਬਾਅਦ, ਭਾਰਤੀ ਸੰਵਿਧਾਨ ਦੇ 75ਵੇਂ ਸਾਲ ਦੇ ਅਧਿਕਾਰਤ ਲੋਗੋ ਵਾਲੇ ਗੁਬਾਰੇ ਵੀ ਜਾਰੀ ਕੀਤੇ ਜਾਣਗੇ। ਇਹ ਸਮਾਗਮ 47 ਜਹਾਜ਼ਾਂ ਦੁਆਰਾ ਫਲਾਈਪਾਸਟ ਨਾਲ ਸਮਾਪਤ ਹੋਵੇਗਾ। ਸਰਪੰਚਾਂ, ਆਫ਼ਤ ਰਾਹਤ ਕਰਮਚਾਰੀਆਂ, ਹੱਥਖੱਡੀ ਕਾਰੀਗਰਾਂ, ਪੈਰਾਲੰਪਿਕ ਦਲ ਅਤੇ ਆਦਿਵਾਸੀ ਲਾਭਪਾਤਰੀਆਂ ਸਮੇਤ ਵੱਖ-ਵੱਖ ਖੇਤਰਾਂ ਦੇ ਲਗਭਗ 10000 ਵਿਸ਼ੇਸ਼ ਮਹਿਮਾਨਾਂ ਨੂੰ ਇਸ ਸਮਾਗਮ ਨੂੰ ਦੇਖਣ ਲਈ ਸੱਦਾ ਦਿੱਤਾ ਗਿਆ ਹੈ। ਇਨ੍ਹਾਂ ਮਹਿਮਾਨਾਂ ਨੂੰ ਸਮਾਜ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਸੁਨਿਹਰੀ ਭਾਰਤ ਦੇ ਆਰਕੀਟੈਕਟ ਵਜੋਂ ਚੁਣਿਆ ਗਿਆ ਹੈ। ਇਸ ਸਬੰਧੀ ਸੱਦਾ ਪੱਤਰਾਂ/ਟਿਕਟ ਧਾਰਕਾਂ ਨੂੰ ਦਿੱਲੀ ਦੇ ਮੈਟਰੋ ਸਟੇਸ਼ਨਾਂ ਦੇ ਐਂਟਰੀ ਪੁਆਇੰਟਾਂ ਤੇ ਮੁਫ਼ਤ ਸਫਰ ਦੀ ਸਹੂਲਤ ਮਿਲੇਗੀ। ਦਿੱਲੀ ਮੈਟਰੋ 26 ਜਨਵਰੀ 2025 ਨੂੰ ਸਵੇਰੇ 4 ਵਜੇ ਤੋਂ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਚੱਲੇਗੀ। ਦਿੱਲੀ ਵਿੱਚ ਦਿੱਲੀ ਮੈਟਰੋ ਦੀਆਂ ਪਾਰਕਿੰਗ ਥਾਵਾਂ ਨਿਯਮਤ ਦਰਾਂ ਤੇ ਚਾਰਜਯੋਗ ਆਧਾਰ ਤੇ ਖੁੱਲ੍ਹੀਆਂ ਰਹਿਣਗੀਆਂ। ਇਸ ਮੌਕੇ 5000 ਕਲਾਕਾਰ 45 ਤੋਂ ਵੱਧ ਨਾਚ ਰੂਪਾਂ ਵਿੱਚ ਸੱਭਿਆਚਾਰਕ ਪ੍ਰਦਰਸ਼ਨ ਕਰਨਗੇ। ਗਣਤੰਤਰ ਦਿਵਸ ਸਮਾਗਮ 29 ਜਨਵਰੀ ਨੂੰ ਬੀਟਿੰਗ ਰਿਟਰੀਟ ਸਮਾਰੋਹ ਨਾਲ ਸਮਾਪਤ ਹੋਵੇਗਾ ਜੋ ਏਕਤਾ ਅਤੇ ਦੇਸ਼ ਭਗਤੀ ਤੇ ਕੇਂਦ੍ਰਿਤ ਹੋਵੇਗਾ । ਭਾਰਤੀ ਪਰਵ ਤਿਉਹਾਰ ਵੀ 26 ਤੋਂ 31 ਜਨਵਰੀ ਤੱਕ ਲਾਲ ਕਿਲ੍ਹੇ ਵਿਖੇ ਹੋਵੇਗਾ ਜਿਸ ਵਿੱਚ ਭੋਜਨ, ਸ਼ਿਲਪਕਾਰੀ ਅਤੇ ਸੱਭਿਆਚਾਰਕ ਪ੍ਰਦਰਸ਼ਨ ਪ੍ਰਦਰਸ਼ਿਤ ਕੀਤੇ ਜਾਣਗੇ। ਰੱਖਿਆ ਮੰਤਰਾਲੇ ਅਤੇ ਸਿੱਖਿਆ ਮੰਤਰਾਲੇ ਨੇ 24 ਅਤੇ 25 ਜਨਵਰੀ ਨੂੰ ਆਲ ਇੰਡੀਆ ਸਕੂਲ ਬੈਂਡ ਮੁਕਾਬਲਾ ਆਯੋਜਿਤ ਕੀਤਾ ਹੈ ਅਤੇ ਫਾਈਨਲਿਸਟਾਂ ਨੂੰ ਗਣਤੰਤਰ ਦਿਵਸ ਸਮਾਰੋਹ ਦੇਖਣ ਲਈ ਵਿਸ਼ੇਸ਼ ਮਹਿਮਾਨਾਂ ਵਜੋਂ ਸੱਦਾ ਦਿੱਤਾ ਗਿਆ ਹੈ।

ਭਾਵੇਂ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਪਰ ਸਾਡੇ ਦੇਸ਼ ਦੇ ਕਈ ਭ੍ਰਿਸ਼ਟ ਰਾਜਨੀਤਿਕਾਂ ਅਤੇ ਨੌਕਰਸ਼ਾਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦੇ ਅਜਿਹੇ ਦਾਗ ਲਗਾ ਦਿੱਤੇ ਹਨ ਜਿਹਨਾਂ ਕਰਕੇ ਸਾਡਾ ਦੇਸ਼ ਬਦਨਾਮ ਹੋ ਰਿਹਾ ਹੈ। ਦੇਸ਼ ਵਿੱਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਜਾਤ-ਪਾਤ, ਮਹਿੰਗਾਈ, ਧਾਰਮਿਕ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ ਵਰਗੀਆਂ ਸਮੱਸਿਆਵਾਂ ਖਤਮ ਹੋ ਜਾਣੀਆਂ ਚਾਹੀਦੀਆਂ ਸੀ ਪਰ ਇਹ ਸਮੱਸਿਆਵਾਂ ਕਈ ਗੁਣਾਂ ਵੱਧ ਕੇ ਦੇਸ਼ ਸਾਹਮਣੇ ਚੁਣੌਤੀ ਬਣ ਕੇ ਖੜ੍ਹੀਆਂ ਹਨ। ਦੇਸ਼ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵੱਧ ਰਿਹਾ ਹੈ। ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਨੇ ਇੱਕ ਅਜਿਹੇ ਅਜ਼ਾਦ ਭਾਰਤ ਦਾ ਸੁਪਨਾ ਵੇਖਿਆ ਸੀ ਜਿਸ ਵਿੱਚ ਕਿਸੇ ਨਾਲ ਕਿਸੇ ਵੀ ਅਧਾਰ ਤੇ ਵਿਤਕਰਾ ਅਤੇ ਸ਼ੋਸ਼ਣ ਨਹੀਂ ਹੋਵੇਗਾ। ਸੰਵਿਧਾਨ ਵਿੱਚ ਵੀ ਇਸ ਗੱਲ ਦਾ ਵਿਸ਼ੇਸ਼ ਪ੍ਰਵਾਧਾਨ ਹੈ ਕਿ ਹਰ ਭਾਰਤੀ ਨਾਗਰਿਕ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਬਰਾਬਰ ਅਧਿਕਾਰ ਹਨ ਅਤੇ ਕਨੂੰਨ ਦੇ ਸਾਹਮਣੇ ਬਰਾਬਰ ਹਨ ਪ੍ਰੰਤੂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸ਼ਹਿ ਤੇ ਪੱਖਪਾਤ ਅਤੇ ਅਤਿੱਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੋਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਜੱਜ, ਦੇਸ਼ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿਦਿੱਅਕ ਅਦਾਰਿਆਂ ਦੇ ਅਧਿਆਪਕ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਅਤੇ ਕੁੱਝ ਵਲੋਂ ਮਾਨਸਿਕ ਦਬਾਓ ਵੱਧਣ ਕਾਰਨ ਆਤਮ ਹੱਤਿਆ ਵਰਗੇ ਕਦਮ ਚੁੱਕਣਾ ਗੰਭੀਰ ਚਿੰਤਾ ਦਾ ਵਿਸਾ ਹੈ।

ਗਣਤੰਤਰ ਦਿਵਸ ਭਾਰਤੀ ਸੰਵਿਧਾਨ ਦੇ ਸਨਮਾਨ ਦਾ ਪ੍ਰਤੀਕ ਹੈ। ਇਹ ਇੱਕ ਮਜ਼ਬੂਤ ??ਅਤੇ ਸ਼ਾਂਤੀਪੂਰਨ ਸਮਾਜ ਦਾ ਆਧਾਰ ਹੈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਕਈ ਵਾਰ ਨਾਕਾਮੀਆਂ ਰਹਿੰਦੀਆਂ ਹਨ ਜਿਸ ਕਾਰਨ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਕਈ ਵਾਰ ਸੰਵਿਧਾਨ ਦੀ ਦੁਰਵਰਤੋਂ ਅਤੇ ਇਸ ਵਿੱਚ ਨਜਾਇਜ਼ ਬਦਲਾਓ ਕਰਨ ਦੀਆਂ ਕੋਸ਼ਿਸਾਂ ਵਰਗੇ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸੰਵਿਧਾਨ ਦੀ ਮਹੱਤਤਾ ਕਾਇਮ ਰੱਖਣ ਲਈ ਨੀਤੀ ਨਿਰਮਾਤਾਵਾਂ ਅਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ। ਦੇਸ਼ ਇੱਕ ਚੰਗਾ ਲੋਕਤੰਤਰ ਤਾਂ ਹੀ ਬਣ ਸਕੇਗਾ ਜੇਕਰ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਜਾਤ-ਪਾਤ ਅਤੇ ਧਰਮ ਦੇ ਅਧਾਰ ਤੇ ਹੁੰਦਾ ਵਿਤਕਰਾ ਖਤਮ ਕੀਤਾ ਜਾਵੇ। ਸਰਕਾਰ, ਸਾਡੇ ਰਾਜਨੀਤੀਵਾਨਾਂ, ਨੀਤੀ ਨਿਰਮਾਤਾਵਾਂ ਅਤੇ ਲੋਕਤੰਤਰ ਦੀਆਂ ਵੱਖ ਵੱਖ ਸੰਸਥਾਵਾਂ ਨੂੰ ਇਸ ਗੱਲ ਦਾ ਨਿਸਚਾ ਕਰਨਾ ਚਾਹੀਦਾ ਹੈ ਕਿ ਦੇਸ਼ ਨੂੰ ਅਸਲੀ ਅਰਥਾਂ ਵਿੱਚ ਲੋਕਤੰਤਰਿਕ ਕਾਇਮ ਰੱਖਣ ਅਤੇ ਸੰਵਿਧਾਨ ਨੂੰ ਲਾਗੂ ਕਰਨ ਲਈ ਬਿਨਾਂ ਕਿਸੇ ਪੱਖਪਾਤ ਤੋਂ ਕੰਮ ਕਰਨ ਤਾਂ ਜੋ ਦੇਸ਼ ਦੇ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਹਾਲ ਰਹਿ ਸਕੇ ਅਤੇ ਸਾਡੇ ਦੇਸ਼ ਭਗਤਾਂ ਅਤੇ ਸਵਿੰਧਾਨ ਨਿਰਮਾਤਾਵਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇ।

# ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਦਲਜੀਤ ਅਜਨੋਹਾ ਸਨਮਾਨਿਤ

**ਮਾਹਿਲਪੁਰ (ਮਾਨ)** ਪਿਛਲੇ ਤਿੰਨ ਦਹਾਕਿਆਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਦਲਜੀਤ ਅਜਨੋਹਾ ਨੇ ਸ਼ਾਨਦਾਰ ਪੈੜਾਂ ਪਾਈਆਂ ਹਨ। ਇਹ ਵਿਚਾਰ ਕਰੂੰਬਲਾਂ ਭਵਨ ਮਾਹਿਲਪੁਰ ਵਿੱਚ ਸੁਰ ਸੰਗਮ ਵਿੱਦਿਅਕ ਟਰੱਸਟ ਦੇ ਪੈਟਰਨ ਹਰਭਜਨ ਸਿੰਘ ਕਾਹਲੋਂ ਅਤੇ ਚੈਂਚਲ ਸਿੰਘ ਬੈਂਸ ਨੇ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਆਖੇ । ਉਹਨਾਂ ਅੱਗੇ ਕਿਹਾ ਕਿ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਦਲਜੀਤ ਅਜਨੋਹਾ ਨੇ ਨਿਵੇਕਲਾ ਕਾਰਜ ਕਰਕੇ ਦੇਸ਼ ਦੁਨੀਆਂ ਵਿੱਚ ਨਾਮ ਕਮਾਇਆ ਹੈ। ਉਨ੍ਹਾਂ ਵਲੋਂ ਪ੍ਰਿੰਟ ਅਤੇ ਇਲੈਕਟਰੋਨਿਕ ਮੀਡੀਆ ਦੇ ਖੇਤਰ ਵਿੱਚ ਕੌਮਾਂਤਰੀ ਪੱਧਰ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਅਮਰੀਕਾ ਦੀ ਸੀਡਰਬਰੂਕ ਯੂਨੀਵਰਸਿਟੀ ਵੱਲੋਂ ਡਾਕਟਰ ਆਫ ਫਿਲੋਸਫੀ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ ਹੈ। ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਉਹ ਇੱਕ ਖੋਜੀ ਬਿਰਤੀ ਦੇ ਮਾਲਕ ਪੱਤਰਕਾਰ ਤੇ ਲੇਖਕ ਹਨ, ਜਿਨ੍ਹਾਂ ਨੇ ਇੱਕ ਸਧਾਰਨ ਇਨਸਾਨ ਤੋਂ ਲੈ ਕੇ ਉੱਚ ਪਦਵੀਆਂ ਤੇ ਬਿਰਾਜਮਾਨ ਅਧਿਕਾਰੀਆਂ ਅਤੇ ਆਗੂਆਂ ਦੀਆਂ ਵਿਸ਼ੇਸ਼ ਮੁਲਾਕਾਤਾਂ ਕਰਕੇ ਪੂਰੇ ਵਿਸ਼ਵ ਵਿੱਚ ਛਪਦੇ ਅਖਬਾਰਾਂ ਰਸਾਲਿਆਂ ਅਤੇ ਚੈਨਲਾਂ ਤੇ ਪ੍ਰਕਾਸ਼ਿਤ ਅਤੇ ਪ੍ਰਸਾਰਿਤ ਕੀਤੀਆਂ ਹਨ। ਆਪ ਵੱਲੋਂ ਕੌਮਾਂਤਰੀ ਵਿਸ਼ਿਆਂ ਤੇ ਕੀਤੇ ਖੋਜ ਕਾਰਜਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਇਸ ਸਨਮਾਨ ਲਈ ਉਹਨਾਂ ਦੀ ਚੋਣ ਪੰਜਾਬ ਵਿੱਚੋਂ ਕੀਤੀ। ਮਾਹਿਲਪੁਰ ਇਲਾਕੇ ਦੇ ਪਿੰਡ ਅਜਨੋਹਾ ਦੇ ਜੰਮਪਲ ਦਲਜੀਤ ਅਜਨੋਹਾ ਤੇ ਜਿੱਥੇ ਪੂਰਾ ਪੱਤਰਕਾਰੀ ਤੇ ਲੇਖਕ ਜਗਤ ਮਾਣ ਕਰਦਾ ਹੈ ਉੱਥੇ ਪੂਰਾ ਇਲਾਕਾ ਵੀ ਫ਼ਖ਼ਰ ਮਹਿਸੂਸ ਕਰਦਾ ਹੈ। ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਕੈਨੇਡਾ ਪ੍ਰਤੀਨਿਧ ਤਨਵੀਰ ਮਾਨ ਨੇ ਕਿਹਾ ਕਿ ਦਲਜੀਤ ਜਨੋਹਾ ਦੀ ਭੱਲ ਅਮਰੀਕਾ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਹੈ ਜਿਸ ਤੇ ਪੰਜਾਬੀ ਗੌਰਵ ਕਰ ਸਕਦੇ ਹਨ।




ਇਸ ਸਨਮਾਨ ਸਮਾਰੋਹ ਮੌਕੇ ਰਸਾਲੇ ਦਾ ਸੰਪਾਦਕੀ ਬੋਰਡ ਅਤੇ ਨਿੱਕੀਆਂ ਕਰੂੰਬਲਾਂ ਪਾਠਕ ਮੰਚ ਦੇ ਮੈਂਬਰਾਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਬਾਲ ਸਾਹਿਤ, ਪੱਤਰਕਾਰੀ ਅਤੇ ਮਾਤ ਭਾਸ਼ਾ ਪੰਜਾਬੀ ਨੂੰ ਪਿਆਰਨ ਸਤਿਕਾਰਨ ਵਾਲੀਆਂ ਸ਼ਖਸੀਅਤਾਂ ਵਿੱਚ ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਪ੍ਰਿੰ।ਮਨਜੀਤ ਕੌਰ, ਨਿਧੀ ਅਮਨ ਸਹੋਤਾ ਆਦਿ ਸ਼ਾਮਿਲ ਹੋਏ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵੱਲੋਂ ਕੀਤਾ ਗਿਆ।

# ਪੰਜਾਬ ਤੇ ਸੰਸਾਰ ਭਰ ਦੇ ਸਿੱਖ ਜਗਤ ਨੂੰ ਜਾਗਣ ਦੀ ਲੋੜ



ਜੰਗ ਸਿੰਘ ਮਰਸੱਡ (ਅਮਰੀਕਾ)
+ 1 415 603 7380

ਸਿੱਖਾਂ ਦੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਦੋਂ ਤੋਂ ਸਿੱਖ ਕੌਮ ਨੂੰ ਮੀਰੀ ਤੇ ਪੀਰੀ ਦਾ ਸਿਧਾਂਤ ਦਿੱਤਾ ਹੈ ਸਿੱਖ ਪੰਥ ਉਸ ਤੋਂ ਸੇਧ ਲੈਂਦਾ ਹੋਇਆ ਉਦੋਂ ਤੋਂ ਹੀ ਵੱਡੀਆਂ ਮੱਲਾਂ ਮਾਰਦਾ ਆ ਰਿਹਾ ਹੈ ਜਿਸ ਦਾ ਇਕ ਲੰਮਾ ਚੌੜਾ,ਸ਼ਾਨਦਾਰ ਤੇ ਵਿਲੱਖਣਤਾ ਭਰਪੂਰ ਇਤਿਹਾਸ ਹੈ। ਅਸੀ ਸਾਰੇ ਜਾਣਦੇ ਹਾਂ ਕਿ ਜਦੋਂ ਦੇਸ਼ ਵਿੱਚ ਅੰਗਰੇਜੀ ਰਾਜ ਸੀ ਉਸ ਸਮੇਂ 1920 ਵਿੱਚ ਅਕਾਲੀ ਦੱਲ ਦਾ ਨਿਰਮਾਣ ਵੀ ਸ੍ਰੀ ਅਕਾਲ ਤੱਖਤ ਸਾਹਿਬ ਤੋਂ ਅਗਵਾਈ ਲੈ ਕੇ ਹੀ ਹੋਇਆ ਸੀ ਉਸ ਵੇਲੇ ਸਿੱਖਾਂ ਦੇ ਗੁਰਦੁਆਰੇ ਮਹੰਤਾਂ ਤੇ ਹੋਰ ਸਿੱਖ ਵਿਰੋਧੀ ਅੰਸਰਾਂ ਦੇ ਹੱਥਾਂ ਵਿੱਚ ਸਨ ਜਿਥੇ ਉਹ ਸਿੱਖਰਾਂ ਦੀਆਂ ਮੱਸੇ ਰੰਗੜ੍ਹ ਵਰਗੀਆਂ ਸਿੱਖ ਵਿਰੋਧੀ ਕਾਰਵਾਈਆਂ ਕਰਕੇ ਇਨਾਂ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਕਰਦੇ ਆ ਰਹੇ ਸਨ। ਇਸੇ ਨਿਰਮਾਣ ਕੀਤੇ ਅਕਾਲੀ ਦੱਲ ਦੀ ਅਗਵਾਈ ਵਿੱਚ ਸਿੱਖ ਕੌਮ ਨੇ ਗੁਰਦੁਆਰਿਆਂ ਨੂੰ ਅਜਾਦ ਕਰਾਉਣ ਲਈ ਅਨੇਕਾਂ ਲੜਾਈਆਂ ਲੜੀਆਂ ਤੇ ਜਿੱਤ ਪ੍ਰਾਪਤ ਕਰਕੇ ਗੁਰਦੁਆਰਿਆਂ ਦੇ ਕੰਟਰੋਲ ਨੂੰ ਅਕਾਲੀ ਦੱਲ ਨੇ ਆਪਣੇ ਹੱਥੀ ਲਿਆ ਸੀ। ਇਸੇ ਲੜਾਈ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਿਰਮਾਣ ਹੋਇਆ ਸੀ ਉਸ ਸਮੇਂ ਦੇਸ਼ ਨੂੰ ਅਜਾਦ ਕਰਾਉਣ ਦੀ ਲੜਾਈ ਵੀ ਲੜ੍ਹੀ ਜਾ ਰਹੀ ਸੀ ਸੰਸਾਰ ਭਰ ਦੇ ਲੋਕ ਇਹ ਵੀ ਜਾਣਦੇ ਹਨ ਕਿ ਜਦੋਂ ਗੁਰਦੁਆਰਿਆ ਦੇ ਪ੍ਰਬੰਧ ਸਿੱਖਾਂ ਦੇ ਕੰਟਰੋਲ ਵਿੱਚ ਆ ਗਿਆ ਤਾਂ ਜੇਤੋ ਦੇ ਮੋਰਚੇ ਦੀ ਸਫਲਤਾ ਸਮੇਂ ਮਹਾਤਮਾ ਗਾਂਧੀ ਨੂੰ ਇਹ ਲਫਜ ਕਹਿਣੇ ਪਏ ਸਨ ਕਿ ਅਜਾਦੀ ਦੀ ਪਹਿਲੀ ਲੜਾਈ ਜਿੱਤੀ ਜਾ ਚੁੱਕੀ ਹੈ।

ਗੁਰਦੁਆਰਿਆਂ ਦੀ ਦੇਖ ਰੇਖ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕਰਨ ਲਗ ਪਈ ਤੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸ਼੍ਰੋਮਣੀ ਅਕਾਲੀ ਦੱਲ ਹੋਂਦ ਵਿੱਚ ਆਇਆ ਸੀ। ਇਹ ਵੀ ਗੱਲ ਕਿਸੇ ਤੋਂ ਭੁੱਲੀ ਨਹੀਂ ਹੋਈ ਕਿ ਦੇਸ਼ ਨੂੰ ਅਜਾਦ ਕਰਾਉਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀ ਵਿਸ਼ੇਸ਼ ਕਰਕੇ ਸਿੱਖਾਂ ਨੂੰ ਹੀ ਦੇਣੀਆਂ ਪਈਆ ਸਨ । ਅੱਜ ਜਦੋਂ ਅਸੀ ਮੌਜੂਦਾ ਅਕਾਲੀ ਦੱਲ ਦੇ ਪਿਛਲੇ ਅਕਾਲੀ ਭਾਜਪਾ ਦੇ ਦਸ ਸਾਲ ਦੇ ਰਾਜ ਭਾਗ ਦੇ ਕੰਮ ਕਾਜ ਤੇ ਝਾਤ ਮਾਰਦੇ ਹਾਂ ਤਾਂ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ। ਉਹ ਹੀ ਅਕਾਲੀ ਦੱਲ ਜਿਸ ਨੇ ਸ੍ਰੀ ਅਕਾਲ ਤੱਖਤ ਤੋਂ ਅਗਵਾਈ ਲੈ ਕੇ ਕਈ ਫਤਹਿ ਹਾਸਲ ਕੀਤੀਆਂ ਹੋਣ। ਅੱਜ ਉਸੇ ਅਕਾਲੀ ਦੱਲ ਦੇ ਆਗੂਆਂ ਵਿੱਚ ਸਿੱਖਰਾਂ ਦਾ ਨਿਘਾਰ ਆ ਚੁੱਕਾ ਹੈ ਉਨਾਂ ਦੀਆਂ ਸਿੱਖ ਤੇ ਪੰਜਾਬ ਵਿਰੋਧੀ ਕਾਰਵਾਈਆਂ ਨੂੰ ਦੇਖਦੇ ਹੋਏ ਸਿੱਖ ਪੰਥ ਨੇ ਉਸ ਤੋਂ ਮੁੱਖ ਮੋੜ੍ਹ ਲਿਆ ਹੈ। ਅੱਜ ਉਸ ਦੀ ਹਾਲਤ ਇਹ ਬਣ ਗਈ ਹੈ ਕਿ ਉਸ ਵਲੋਂ ਕੀਤੀਆਂ ਘਣਘੋਰ ਗਲਤੀਆਂ ਕਾਰਨ ਸਿੱਖ ਪੰਥ ਨੇ ਉਨਾਂ ਕੋਲੋਂ ਦਰ ਕਿਨਾਰ ਕਰ ਲਿਆ ਹੈ ਕਿ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਵਿੱਚ ਅਕਾਲੀ ਦੱਲ ਬਾਦਲ ਨੂੰ ਇਸ ਵੇਲੇ 117 ਵਿੱਚੋਂ ਸਿਰਫ 2 ਸੀਟਾਂ ਤੇ ਲਿਆ ਖੜਾ ਕੀਤਾ ਹੈ। ਇਸ ਦੇ ਬਾਵਜੂਦ ਉਹ ਹਾਲੇ ਵੀ ਸਿੱਖਾਂ ਦੀ ਪਾਰਟੀ ਬਣੇ ਰਹਿਣ ਦਾ ਢੌਂਗ ਰੱਚ ਕੇ ਅਕਾਲੀ ਦੱਲ ਦਾ ਖਹਿੜਾ ਨਹੀਂ ਛੱਡ ਰਹੇ। ਇਸ ਪਾਰਟੀ ਦੀ ਹਾਲਤ ਇਹ ਬਣ ਗਈ ਹੈ ਕਿ ਇਸ ਦਾ ਇਕ ਧੜਾ ਬਾਗੀ ਹੋ ਕੇ ਸ੍ਰੀ ਅਕਾਲ ਤੱਖਤ ਤੇ ਪੇਸ਼ ਹੋ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਨੇ ਹੋਰ ਤਖਤਾਂ ਦੇ ਜਥੇਦਾਰਾਂ ਨਾਲ ਮੀਟਿੰਗ ਕਰਕੇ 2 ਦਸੰਬਰ 2024 ਨੂੰ ਅਕਾਲ ਤੱਖਤ ਸਾਹਿਬ ਦੀ ਫਸੀਲ ਤੋਂ ਜਦੋਂ ਅਕਾਲੀ ਦੱਲ ਦੀ ਮੁੱਖ ਲੀਡਰਸ਼ਿਪ ਨੇ ਆਪਣੀਆਂ ਸਾਰੀਆਂ ਗਲਤੀਆਂ ਨੂੰ ਸੰਗਤ ਦੀ ਹਾਜਰੀ ਵਿੱਚ ਪ੍ਰਵਾਨ ਕਰਕੇ ਤਨਖਾਹ ਵੀ ਲੁਆਈ ਸੀ ਉਸ ਸਮੇਂ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੌਜੂਦਾ ਅਕਾਲੀ ਦੱਲ ਦੀ ਲੀਡਰਸ਼ਿਪ ਨੂੰ ਸਪਸਟ ਸ਼ਬਦਾਂ ਵਿੱਚ ਕਿਹਾ ਕਿ ਮੌਜੂਦਾ ਸਾਰਾ ਅਕਾਲੀ ਦਲ ਸਿੱਖ ਪੰਥ ਵਿੱਚ ਆਪਣਾ ਇਖਲਾਕੀ ਤੌਰਤੇ ਅਧਾਰ ਗਵਾ ਚੁੱਕੇ ਹਨ ਇਸ ਕਰਕੇ ਉਨਾਂ ਨੂੰ ਬਕਾਇਦਾ ਤੌਰਤੇ ਹਦਾਇਤਾਂ ਦਿੱਤੀਆਂ ਗਈਆਂ। ਜਿਸ ਵਿੱਚ ਉਨਾਂ ਨੇ ਨਵੇਂ ਸਿਰੇ ਤੋਂ ਅਕਾਲੀ ਦੱਲ ਦੇ ਨਿਰਮਾਣ ਲਈ ਇਕ 7 ਮੈਂਬਰੀ ਕਮੇਟੀ ਦਾ ਗੱਠਨ ਕੀਤਾ ਤੇ ਮਿਤੀ ਬੱਧ ਸਮੇਂ ਵਿੱਚ ਅਕਾਲੀ ਦੱਲ ਦਾ ਨਿਰਮਾਣ ਕਰਨ ਦੇ ਸਪਸ਼ਟ ਆਦੇਸ਼ ਦਿੱਤੇ ਸਨ। ਜਿਸ ਨੂੰ ਅਖੌਤੀ ਅਕਾਲੀ ਦੱਲ ਬਾਦਲ ਦੇ ਕੁਝ ਸਿਰਕੱਢ ਆਗੂ ਸਵੀਕਾਰ ਨਾ ਕਰਕੇ ਸ੍ਰੀ ਅਕਾਲ ਤੱਖਤ ਸਾਹਿਬ ਦੀ ਹੋਂਦ ਨੂੰ ਢਾਹ ਲਗਾ ਰਹੇ ਹਨ।

ਕੁਝ ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਸਿੱਖ ਤੇ ਪੰਜਾਬ ਵਿਰੋਧੀ ਤਾਕਤਾਂ ਜਿਸ ਵਿੱਚ ਭਾਜਪਾ ਦਾ ਨਾਂ ਦੱਸਿਆ ਜਾ ਰਿਹਾ ਹੈ ਇਸੇ ਅਕਾਲੀ ਦੱਲ ਬਾਦਲ ਨੂੰ ਅੱਗੇ ਲਗਾ ਕੇ ਪੰਜਾਬ ਵਿੱਚੋਂ ਸਿੱਖਾਂ ਦੀ ਸੁਚੱਜੇ ਢੰਗ ਨਾਲ ਅਗਵਾਈ ਕਰਨ ਵਾਲੀ ਪਾਰਟੀ ਦਾ ਨਿਰਮਾਣ ਨਹੀਂ ਹੋਣ ਦੇ ਰਹੇ! ਇਹ ਅਕਾਲੀ ਦੱਲ ਉਨਾਂ ਦਾ ਹੱਥਠੋਕਾ ਬਣ ਕੇ ਕੰਮ ਕਰਦੇ ਆ ਰਹੇ ਹਨ ।ਦੇਸ਼ ਵਿੱਚ ਰਾਜ ਕਰ ਰਹੀ ਭਾਜਪਾ ਜਿਸ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦੱਲ ਬਾਦਲ ਨਾਲ ਰੱਲ ਕੇ ਪੰਜਾਬ ਵਿੱਚ ਦਸ ਸਾਲ ਤਕ ਰਾਜ ਭਾਗ ਦਾ ਅਨੰਦ ਮਾਣਦੇ ਹੋਏ ਉਸ ਦੀ ਹਰ ਪੱਖੋਂ ਬਰਬਾਦੀ ਕਰ ਦਿੱਤੀ ਹੈ ਜਿਸ ਨੂੰ ਸੰਸਾਰ ਦਾ ਸਿੱਖ ਜਗਤ ਤੇ ਪੰਜਾਬ ਹਿਤੈਸ਼ੀ ਵਰਗ ਬੜੀ ਨੀਝਤਾ ਨਾਲ ਵੇਖਦਾ ਆ ਰਿਹਾ ਹੈ। ਅਕਾਲੀ ਦੱਲ ਬਾਦਲ ਤੇ ਭਾਜਪਾ ਦੇ ਦਸ ਸਾਲ ਦੇ ਸਾਂਝੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣੀ, ਉਸ ਦੇ ਦੋਸ਼ੀ ਨਾ ਫੜਣੇ, ਸਿੱਖ ਪੰਥ ਦੇ ਜਥੇਦਾਰਾਂ ਕੋਲੋਂ ਜਬਰੀ ਸੌਧੇ ਸਾਧ ਨੂੰ ਬਿਨ ਮੰਗੇ ਮੁਆਫੀ ਦੁਆਉਣੀ, ਸ਼ਾਤਮਈ ਢੰਗ ਨਾਲ ਦੋਸ਼ੀਆਂ ਨੂੰ ਫੜਣ ਦੀ ਥਾ ਤੇ ਸ਼ਾਂਤਮਈ ਢੰਗ ਨਾਲ ਪਾਠ ਕਰਕੇ ਰੋਸ ਦਾ ਪ੍ਰਗਟਾਅ ਕਰ ਰਹੇ ਦੋ ਸਿੱਖ ਨੌਜੁਆਨਾਂ ਨੂੰ ਪੁਲੀਸ ਗੋਲੀ ਨਾਲ ਸ਼ਹੀਦ ਕਰਾਉਣਾ, ਸਿੱਖ ਨੌਜੁਆਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਨ ਵਾਲੇ ਸੁਮੇਧ ਸੈਣੀ ਤੇ ਇਜਹਾਰ ਆਲਮ ਖਾਂ ਆਦਿ ਵਰਗਿਆਂ ਨੂੰ ਪੁਲੀਸ ਵਿੱਚ ਉੱਚ ਅਹੁਦਿਆ ਤੇ ਨਿਵਾਜਣਾ, ਪੰਜਾਬ ਵਿੱਚੋਂ ਪੰਜਾਬ ਦੀ ਮਾਂ ਬੋਲੀ ਦਾ ਭੋਗ ਪਵਾ ਦੇਣਾ, ਪੰਜਾਬ ਦੇ ਗੌਰਵਮਈ ਇਤਿਹਾਸ ਨਾਲ ਬੜੀ ਬੇਸ਼ਰਮੀ ਨਾਲ ਖਿਲਵਾੜ੍ਹ ਕਰ ਕੇ ਪੰਜਾਬ ਸਕੂਲ ਸਿਖਿਆ ਬੋਰਡ ਰਾਹੀਂ ਪੁਸਤਕਾਂ ਛੱਪਵਾ ਕੇ ਪੰਜਾਬ ਵਿੱਚ ਵਿਦਿਅਰਥੀਆਂ ਨੂੰ ਪੜਾਉਣਾ , ਗੁਰਦੁਆਰਿਆਂ ਤੇ ਸਿੱਖ ਵਿਦਿਅੱਕ ਅਦਾਰਿਆਂ ਤੇ ਹੋਰ ਸਿੱਖ ਸੰਸਥਾਵਾਂ ਵਿੱਚ ਕੱਟੜ ਹਿੰਦੂਤਵੀਆਂ ਦੇ ਅਨਸਰ ਨੂੰ ਨੌਕਰੀਆਂ ਦੇਣੀਆਂ, ਪੰਜਾਬ ਦੇ ਨੌਜਵਾਨਾਂ ਦੀ ਸਾਰ ਨਾ ਲੈਣ ਕਾਰਨ ਉਨਾਂ ਨੂੰ ਆਪਣੀਆ ਜਮੀਨਾਂ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਕਰਨਾ, ਪੰਜਾਬ ਵਿਰੋਧੀ ਨੀਤੀਆਂ ਵਾਲੇ ਕੰਮ ਕਰ ਕੇ ਇਕ ਨੰਬਰ ਦੇ ਪੰਜਾਬ ਸੂਬੇ ਨੂੰ 6-7 ਵੇਂ ਸਥਾਨ ਤੇ ਪਹੁੰਚਾਉਣਾ ਆਦਿ ਵਰਗੇ ਪੰਜਾਬ ਵਿਰੋਧੀ ਕੰਮ ਕਰਾਉਣੇ ਤਾਂ ਕਿ ਪੰਜਾਬ ਵਿੱਚੋਂ ਖੇਤਰੀ ਪਾਰਟੀ ਅਕਾਲੀ ਦੱਲ ਦਾ ਭੋਗ ਪਵਾ ਕੇ ਭਾਜਪਾ ਨੂੰ ਮਜਬੂਤ ਕੀਤਾ ਜਾ ਸਕੇ। ਭਾਜਪਾ ਦਾ ਇਸ ਸਮੇਂ ਸਾਰਾ ਜੋਰ ਲਗਾ ਹੋਇਆ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਂਦੀ ਜਾ ਸਕੇ। ਇਥੇ ਪੰਜਾਬ ਵਾਸੀਆਂ ਨੂੰ ਇਹ ਵੀ ਯਾਦ ਰੱਖਣ ਦੀ ਲੋੜ੍ਹ ਹੈ ਕਿ ਸ੍ਰੀ ਅਰਵਿੰਦ ਕੇਜਰੀਵਾਲ ਜਿਹੜਾ ਰ.ਸ.ਸ. ਦਾ ਬੰਦਾ ਹੈ ਉਹ ਵੀ ਇਸੇ ਮਕਸਦ ਤੇ ਕੰਮ ਕਰਦਾ ਆ ਰਿਹਾ ਹੈ। ਉਸ ਦੀ ਆਮ ਆਦਮੀ ਪਾਰਟੀ ਵੀ ਇਸੇ ਦਿਸ਼ਾ ਵਿੱਚ ਕੰਮ ਕਰਦੀ ਆ ਰਹੀ ਹੈ ਜਿਸ ਨੂੰ ਪੰਜਾਬ ਦੇ ਲੋਕ ਸਮਝ ਨਹੀਂ ਰਹੇ। ਇਸ ਵੇਲੇ ਕੇਂਦਰ ਦੀ ਸਰਕਾਰ ਅੱਗੇ ਜੇ ਕੋਈ ਪ੍ਰਾਂਤ ਰੜਕ ਰਿਹਾ ਹੈ ਤਾਂ ਉਹ ਸਿਰਫ ਤੇ ਸਿਰਫ "ਪੰਜਾਬ" ਹੀ ਹੈ ਇਸੇ ਪ੍ਰਾਂਤ ਦੇ ਕਿਸਾਨਾਂ ਨੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਇਕ ਜੁੱਟ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲੋਂ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਨੂੰਨ ਬਿਨਾ ਸ਼ਰਤ ਵਾਪਿਸ ਕਰਾ ਕੇ ਦੇਸ਼ ਦੇ 100 ਸਾਲਾ ਇਤਿਹਾਸ ਨੂੰ ਦੁਹਰਾਇਆ ਸੀ।

ਅਕਾਲੀ ਦਲ ਬਾਦਲ ਪੰਜਾਬ ਵਿੱਚ ਭਾਜਪਾ ਨਾਲ ਮੁੜ੍ਹ ਭਿਆਲੀ ਪਾ ਕੇ ਸ੍ਰੀ ਅਕਾਲ ਤੱਖਤ ਦੇ ਅਕਸ ਨੂੰ ਖਰਾਬ ਕਰਕੇ ਸਿੱਖ ਧਰਮ ਨੂੰ ਢਾਹ ਲਗਾਉਣ ਦੇ ਨਾਲ ਨਾਲ ਪੰਜਾਬ ਨੂੰ ਰਹਿੰਦਾ ਖੂਹੰਦਾ ਉਜਾੜਣਾ ਚਾਹੁੰਦਾ ਹੈ। ਭਾਜਪਾ ਦੀ ਇਸ ਗਹਿਰੀ ਸਾਜਿਸ਼ ਨੂੰ ਨਾਕਾਮਯਾਬ ਕਰਨ ਲਈ ਸੰਸਾਰ ਵਿੱਚ ਵਸਦੇ ਹਰ ਪੰਜਾਬੀ ਵਿਸ਼ੇਸ਼ ਕਰਕੇ ਸਿੱਖਾਂ ਦੀ ਵੱਡੀ ਜਿੰਮੇਵਾਰੀ ਬਣ ਗਈ ਹੈ ਕਿ ਜੇਕਰ ਉਹ ਗੁਰੂਆ ਪੀਰਾਂ ਦੀ ਧਰਤੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ "ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ" ਨੂੰ ਬਚਾਉਣਾ ਚਾਹੁੰਦੇ ਹਨ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਜਿਹੜਾ ਸ੍ਰੀ ਅਕਾਲ ਤੱਖਤ ਸਾਹਿਬ ਤੇ ਪੰਜਾਬ ਨੂੰ ਢਾਹ ਲਗਾਉਣ ਦੀ ਗੁੱਝੀ ਸਾਜਿਸ਼ ਦਾ ਸ਼ਿਕਾਰ ਹੈ ਉਸ ਦੀਆਂ ਗੱਲਾਂ ਵਿੱਚ ਨਾ ਆਉਣ।

ਸਿੱਖਾਂ ਦੀਆ ਸਾਰੀਆਂ ਪੰਥਕ ਧਿਰਾਂ ,ਅਕਾਲੀ ਦੱਲਾਂ ਅੱਗੇ ਬੜੀ ਗੰਭੀਰਤਾ ਨਾਲ ਸੋਚਣ ਵਿਚਾਰਣ ਦੀ ਘੜ੍ਹੀ ਹੈ ਉਨਾਂ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਭਰ ਦੇ ਸਿੱਖਾਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਲ ਕਰਕੇ ਨਰੋਈ ਸੋਚ ਵਿਚਾਰ ਕਰਕੇ ਪੰਜਾਬ ਵਿੱਚ ਅਜਿਹੀ ਪਾਰਟੀ ਦੀ ਅਗਵਾਈ ਕਰਨ ਵਾਲੀ ਨਿਰਸੁਅਰਥ ਲੀਡਰਸ਼ਿਪ ਦੀ ਚੋਣ ਕਰਨ ਜੋ ਪੰਜਾਬ ਦੇ ਹਿੱਤਾਂ ਦੀ ਰੱਖਵਾਲੀ ਕਰ ਸਕਣ ਦੇ ਸਮਰੱਥ ਹੋਵੇ।

# ਨੇਤਾ ਜੀ ਸੁਭਾਸ਼ ਚੰਦਰ ਬੋਸ ਮਹਾਨ ਦੇਸ਼-ਭਗਤ ਸਨ

## ("ਜੈ ਹਿੰਦ" ਅਤੇ "ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ" ਦੋਨੋਂ ਨਾਅਰੇ ਨੇਤਾ ਜੀ ਦੁਆਰਾ ਦਿੱਤੇ ਗਏ)




ਪ੍ਰਮੋਦ ਧੀਰ
91-98550-31081

ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਕਟਕ (ਉੜੀਸਾ) ਵਿੱਚ ਉੱਘੇ ਵਕੀਲ ਪਿਤਾ ਜਾਨਕੀ ਨਾਥ ਬੋਸ ਅਤੇ ਮਾਤਾ ਪ੍ਰਭਾਵਤੀ ਬੋਸ ਦੇ ਘਰ ਹੋਇਆ। ਨੇਤਾ ਜੀ ਨੇ ਸ਼ੁਰੂਆਤੀ ਪੜ੍ਹਾਈ ਕਟਕ ਦੇ ਰੇਵੇਂਸੋਵ ਕਾਲਜੀਏਟ ਸਕੂਲ ਤੋਂ ਹਾਸਲ ਕੀਤੀ। ਉਹ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਬਹੁਤ ਹੁਸ਼ਿਆਰ ਸਨ। ਇਸ ਤੋਂ ਬਾਅਦ ਉਹਨਾਂ ਨੇ ਕਲਕੱਤਾ ਦੇ ਪ੍ਰੈਜੀਡੈਂਸੀ ਕਾਲਜ ਅਤੇ ਸਕਾਟਿਸ਼ ਚਰਚ ਕਾਲਜ ਤੋਂ ਸਿੱਖਿਆ ਹਾਸਲ ਕੀਤੀ। 1919 ਵਿੱਚ ਉਹਨਾਂ ਨੇ ਫਿਲਾਸਫ਼ੀ ਵਿਸ਼ੇ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਬਾਅਦ ਵਿੱਚ ਭਾਰਤੀ ਪ੍ਰਸ਼ਾਸਨਿਕ ਸੇਵਾ (ਇੰਡੀਅਨ ਸਿਵਿਲ ਸਰਵਿਸ) ਦੀ ਤਿਆਰੀ ਲਈ ਉਨ੍ਹਾਂ ਦੇ ਮਾਤਾ ਪਿਤਾ ਨੇ ਬੋਸ ਨੂੰ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਭੇਜ ਦਿੱਤਾ। ਅੰਗਰੇਜਾਂ ਦੇ ਰਾਜ ਵਿੱਚ ਭਾਰਤੀਆਂ ਦੇ ਲਈ ਸਿਵਿਲ ਸਰਵਿਸ ਵਿੱਚ ਜਾਣਾ ਬਹੁਤ ਹੀ ਮੁਸ਼ਕਿਲ ਸੀ ਪਰ ਉਨ੍ਹਾਂ ਨੇ ਸਿਵਿਲ ਸਰਵਿਸ ਦੀ ਪ੍ਰੀਖਿਆ ਸਿਰਫ਼ 8 ਮਹੀਨਿਆਂ ਵਿੱਚ ਪਾਸ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ। ਸੰਨ 1919 ਵਿੱਚ ਜਲ੍ਹਿਆਂਵਾਲਾ ਬਾਗ ਸਾਕੇ ਤੋਂ ਬਾਅਦ ਮਹਾਤਮਾ ਗਾਧੀ ਜੀ ਵੱਲੋਂ ਸ਼ੁਰੂ ਕੀਤੇ "ਨਾਨ ਕੋਪਰੇਸ਼ਨ ਮੂਵਮੈਂਟ" ਵਿੱਚ ਲੱਖਾਂ ਲੋਕਾਂ ਨੇ ਰੋਸ ਵਜੋਂ ਨੌਕਰੀਆਂ ਤੋਂ ਅਸਤੀਫ਼ੇ ਦਿੱਤੇ, ਵਿਦੇਸ਼ੀ ਚੀਜਾਂ ਦਾ ਬਾਈਕਾਟ ਕੀਤਾ, ਉਸ ਸਮੇਂ ਸੁਭਾਸ਼ ਚੰਦਰ ਬੋਸ ਵੀ ਆਪਣੀ ਭਾਰਤ ਦੀ ਸਭ ਤੋਂ ਵੱਡੀ ਸਿਵਲ ਸਰਵਿਸ ਪੋਸਟ ਨੂੰ ਠੁਕਰਾ ਕੇ ਅਸਤੀਫ਼ਾ ਦੇ ਕੇ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਸ਼ਾਮਲ ਹੋ ਗਏ।









16 Herbert street,
Cambridge
22.4.'21

Mr. Right Hon. E.S. Neontique M.P.,
Secretary of state for India

Sir,

I desire to have my name removed from the list of probationers in the Indian Civil Services.
I may state in this connection that I was selected as a result of an open competitive examination held in August 1920.
I have received an allowance of £100 (one hundred pounds only) up till now. I shall remit the amount to the India Office as soon as my resignation is accepted.

I have the honour to be Sir,
Your most obedient servant

Subhas Chandra Bose

"ਜੈ ਹਿੰਦ" ਦਾ ਨਾਅਰਾ ਨੇਤਾ ਜੀ ਨੇ ਹੀ ਦਿੱਤਾ ਸੀ ਜੋ ਅੱਜ ਭਾਰਤ ਦਾ ਰਾਸ਼ਟਰੀ ਨਾਅਰਾ ਹੈ। ਸੁਭਾਸ਼ ਚੰਦਰ ਬੋਸ ਭਾਰਤੀ ਰਾਸ਼ਟਰਵਾਦੀ ਸਨ, ਜਿਨ੍ਹਾਂ ਵਿੱਚ ਦੇਸ਼ ਭਗਤੀ ਕੁਟ ਕੁਟ ਕੇ ਭਰੀ ਹੋਈ ਸੀ ਜਿਸਦੇ ਸਿੱਟੇ ਵਜੋਂ ਉਹ ਭਾਰਤ ਵਿੱਚ ਨਾਇਕ ਬਣੇ। 1921 ਵਿੱਚ ਉਹ ਭਾਰਤ ਵਾਪਸ ਆ ਗਏ ਤੇ ਭਾਰਤੀ ਰਾਸ਼ਟਰ ਕਾਂਗਰਸ ਨਾਲ ਜੁੜ ਗਏ। 1929 ਵਿੱਚ ਉਹ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੇ ਪ੍ਰਧਾਨ ਚੁਣੇ ਗਏ। 1931 ਵਿੱਚ ਕਲਕੱਤਾ ਕਾਰਪੋਰੇਸ਼ਨ ਦੇ ਪ੍ਰਧਾਨ ਬਣੇ। ਫਿਰ 1938 ਵਿੱਚ ਉਹ 51ਵੇਂ ਇਜਲਾਸ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਚੁਣੇ ਗਏ ਅਤੇ ਉਨ੍ਹਾਂ ਨੇ ਰਾਸ਼ਟਰੀ ਯੋਜਨਾ ਆਯੋਗ ਦਾ ਗਠਨ ਕੀਤਾ। ਇਹ ਨੀਤੀ ਗਾਂਧੀਵਾਦੀ ਆਰਥਿਕ ਵਿਚਾਰਾਂ ਦੇ ਅਨੁਕੂਲ ਨਹੀਂ ਸੀ। 1939 ਵਿੱਚ ਬੋਸ ਦੁਬਾਰਾ ਫਿਰ ਇਕ ਗਾਂਧੀਵਾਦੀ ਵਿਰੋਧੀ ਨੂੰ ਹਰਾ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵਜੋਂ ਜੇਤੂ ਬਣੇ ਪਰ ਉਹਨਾਂ ਨੇ ਇਹ ਪੋਸਟ ਠੁਕਰਾ ਦਿੱਤੀ ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਅਹਿੰਸਾ ਦੇ ਨਾਲ ਆਜ਼ਾਦੀ ਹਾਸਲ ਨਹੀਂ ਕੀਤੀ ਜਾ ਸਕਦੀ। 20 ਜੂਨ 1940 ਵਿੱਚ ਉਹਨਾਂ ਨੇ ਵੀਰ ਸਾਵਰਕਰ ਨਾਲ ਮੁਲਾਕਾਤ ਕੀਤੀ। 16 ਜਨਵਰੀ 1941 ਨੂੰ ਨੇਤਾ ਜੀ ਭੇਸ ਬਦਲ ਕੇ ਕਲਕੱਤਾ ਤੋਂ ਪਿਸ਼ਾਵਰ ਚਲੇ ਗਏ। ਫਿਰ ਉਥੋਂ ਉਹ ਕਾਬਲ ਅਤੇ ਅੱਗੇ ਜਰਮਨੀ ਚਲੇ ਗਏ। 1921 ਤੋਂ 1941 ਦੌਰਾਨ ਉਹ ਕਈ ਵਾਰ ਜੇਲ੍ਹ ਵੀ ਗਏ। ਸਕ੍ਰਿਆ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਨੇਤਾਜੀ ਨੇ ਲਗਭਗ ਪੂਰੀ ਦੁਨੀਆ ਦੀ ਸੈਰ ਕੀਤੀ। ਉਹ 1933 ਤੋਂ 36 ਤੱਕ ਯੂਰਪ ਵਿੱਚ ਰਹੇ। ਯੂਰਪ ਵਿੱਚ ਇਹ ਦੌਰ ਹਿਟਲਰ ਦੇ ਨਾਜੀਵਾਦ ਅਤੇ ਮੁਸੋਲਿਨੀ ਦੇ ਫਾਸੀਵਾਦ ਦਾ ਸੀ। ਨਾਜੀਵਾਦ ਅਤੇ ਫਾਸੀਵਾਦ ਦਾ ਨਿਸ਼ਾਨਾ ਇੰਗਲੈਂਡ ਸੀ, ਜਿਸਨੇ ਪਹਿਲੇ ਵਿਸ਼ਵ ਯੁੱਧ ਦੇ ਬਾਅਦ ਜਰਮਨੀ ਤੇ ਇਕਤਰਫ਼ਾ ਸਮਝੌਤੇ ਥੋਪੇ ਸੀ। ਉਹ ਉਸਦਾ ਬਦਲਾ ਇੰਗਲੈਂਡ ਤੋਂ ਲੈਣਾ ਚਾਹੁੰਦੇ ਸਨ। ਉਸ ਸਮੇਂ ਭਾਰਤ ਤੇ ਵੀ ਅੰਗਰੇਜਾਂ ਦਾ ਕਬਜ਼ਾ ਸੀ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਇੰਗਲੈਂਡ ਦੇ ਖਿਲਾਫ਼ ਲੜਾਈ ਵਿੱਚ ਨੇਤਾ ਜੀ ਨੂੰ ਹਿਟਲਰ ਅਤੇ ਮੁਸੋਲਿਨੀ ਵਿੱਚ ਭਵਿੱਖ ਦਾ ਮਿੱਤਰ ਦਿਖਾਈ ਦੇ ਰਿਹਾ ਸੀ ਕਿਉਂਕਿ ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਆਜ਼ਾਦੀ ਹਾਸਲ ਕਰਨ ਦੇ ਲਈ ਰਾਜਨੀਤਿਕ ਗਤੀਵਿਧੀਆਂ ਦੇ ਨਾਲ-ਨਾਲ ਕੂਟਨੀਤਿਕ ਅਤੇ ਸੈਨਾ ਦੇ ਸਹਿਯੋਗ ਦੀ ਵੀ ਜਰੂਰਤ ਪੈਂਦੀ ਹੈ। ਉਹਨਾਂ ਨੇ ਜਪਾਨ ਵਿੱਚ ਜਪਾਨ ਦੀ ਹੀ ਮਦਦ ਨਾਲ ਪਹਿਲਾਂ ਭਾਰਤੀ ਆਰਮਡ ਫੋਰਸ ਦੀ ਸਥਾਪਨਾ ਕੀਤੀ, ਜਿਸ ਦਾ ਨਾਮ 'ਆਜ਼ਾਦ ਹਿੰਦ ਫੌਜ' ਰੱਖਿਆ ਗਿਆ ਜਿਸ ਨੇ ਅੰਗਰੇਜੀ ਰਾਜ ਦੀਆਂ ਜੜ੍ਹਾਂ ਪੁੱਟਣ ਵਿੱਚ ਵੱਡੀ ਭੂਮਿਕਾ ਨਿਭਾਈ। ਔਰਤਾਂ ਦੇ ਲਈ 'ਰਾਣੀ ਝਾਂਸੀ ਰੈਜੀਮੈਂਟ' ਦਾ ਗਠਨ ਕੀਤਾ ਜਿਸਦੀ ਕੈਪਟਨ ਲੱਛਮੀ ਸਹਿਗਲ ਬਣੀ। ਨੇਤਾ ਜੀ ਦੇ ਨਾਮ ਨਾਲ ਮਸ਼ਹੂਰ ਸੁਭਾਸ਼ ਚੰਦਰ ਨੇ ਦ੍ਰਿੜ ਕ੍ਰਾਂਤੀ ਰਾਹੀਂ ਭਾਰਤ ਨੂੰ ਸੁਤੰਤਰ ਕਰਨ ਦੇ ਉਦੇਸ਼ ਨਾਲ 21 ਅਕਤੂਬਰ,1943 ਨੂੰ 'ਆਜ਼ਾਦ ਹਿੰਦ ਸਰਕਾਰ' ਦੀ ਸਥਾਪਨਾ ਕੀਤੀ । ਨੇਤਾ ਜੀ ਆਪਣੀ ਆਜ਼ਾਦ ਹਿੰਦ ਫੌਜ ਨਾਲ 4 ਜੁਲਾਈ 1944 ਨੂੰ ਬਰਮਾ ਪਹੁੰਚੇ। ਇੱਥੇ ਹੀ ਉਨ੍ਹਾਂ ਨੇ ਆਪਣਾ ਮਸ਼ਹੂਰ ਨਾਅਰਾ "ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ" ਦਿੱਤਾ ਸੀ ਜੋ ਕਿ ਭਾਰਤੀਆਂ ਦੇ ਦਿਲ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਉਹਨਾਂ ਨੇ ਜਰਮਨ ਵਿੱਚ 'ਆਜ਼ਾਦ ਹਿੰਦ ਰੇਡੀਓ ਸਟੇਸ਼ਨ' ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਅੰਗਰੇਜੀ ਸਾਮਰਾਜ ਦੇ ਹੁੰਦਿਆਂ ਹੀ ਭਾਰਤ ਦੀ ਧਰਤੀ ਤੇ ਆਜ਼ਾਦ ਭਾਰਤ ਦਾ ਝੰਡਾ ਲਹਿਰਾ ਦਿੱਤਾ ਸੀ।

18 ਅਗਸਤ, 1945 ਨੂੰ ਟੋਕੀਓ (ਜਾਪਾਨ) ਜਾਂਦੇ ਸਮੇਂ ਤਾਈਵਾਨ ਦੇ ਕੋਲ ਤਾਈਹੋਕੂ ਹਵਾਈ ਅੱਡੇ ਤੇ ਹਵਾਈ ਜਹਾਜ਼ ਦੁਆਰਾ ਉਡਾਣ ਭਰਨ ਸਮੇਂ ਜਹਾਜ਼ ਨੂੰ ਅਚਾਨਕ ਅੱਗ ਲੱਗਣ ਕਾਰਨ ਦੁਰਘਟਨਾ ਵਿੱਚ ਸੁਭਾਸ਼ ਚੰਦਰ ਬੋਸ ਦੀ ਮੌਤ ਹੋਈ ਦੱਸੀ ਜਾਂਦੀ ਹੈ, ਲੇਕਿਨ ਉਨ੍ਹਾਂ ਦੀ ਮ੍ਰਿਤਕ-ਦੇਹ ਨਹੀਂ ਮਿਲ ਪਾਈ। ਨੇਤਾ ਜੀ ਦੀ ਮੌਤ ਦੇ ਕਾਰਨਾਂ ਤੇ ਅੱਜ ਵੀ ਵਿਵਾਦ ਬਣਿਆ ਹੋਇਆ ਹੈ।

ਲੇਖਕ ਜੁਗਰਾਜ ਗਿੱਲ (ਅਮਰੀਕਾ) ਨੇ ਆਪਣੀ ਕਿਤਾਬ "ਗੁੰਮਨਾਮੀ ਬਾਬਾ ਸੀ ਸੁਭਾਸ਼ ਚੰਦਰ ਬੋਸ?" ਵਿੱਚ ਨੇਤਾ ਜੀ ਦੇ ਜੀਵਨ ਬਾਰੇ 11 ਸਾਲ ਲਗਾਤਾਰ ਖੋਜ ਕਰਕੇ ਕਾਫੀ ਜਾਣਕਾਰੀ ਦਿੱਤੀ ਹੈ। ਉਹਨਾਂ ਰੋਸ ਵੀ ਪ੍ਰਗਟ ਕੀਤਾ ਕਿ ਭਾਰਤ ਦੀ ਆਜ਼ਾਦੀ ਵਿੱਚ ਸਭ ਤੋਂ ਅਹਿਮ ਯੋਗਦਾਨ ਦੇਣ ਵਾਲੇ ਦੇਸ਼ ਭਗਤ ਸੁਭਾਸ਼ ਚੰਦਰ ਬੋਸ ਨੂੰ ਵਿਰੋਧੀ ਤਾਕਤਾਂ ਬਿਲਕੁੱਲ ਭੁੱਲ ਚੁੱਕੀਆਂ ਹਨ।

ਨੇਤਾ ਜੀ ਭਾਵੇਂ ਇਸ ਦੁਨੀਆਂ 'ਚ ਮੌਜੂਦ ਨਹੀਂ ਹਨ ਪਰ ਫਿਰ ਵੀ ਰਹਿੰਦੀ ਦੁਨੀਆਂ ਤੱਕ ਉਹਨਾਂ ਦੀ ਭਾਰਤ ਲਈ ਦੇਣ ਸਦਾ ਯਾਦ ਰਹੇਗੀ।

ਉਹ ਸਾਡੇ ਸਭ ਦੇ ਆਦਰਸ਼ ਹਨ। ਆਓ ਅੱਜ ਨੇਤਾ ਜੀ ਦੇ ਜਨਮ ਦਿਨ ਤੇ ਵਾਅਦਾ ਕਰੀਏ ਦੇ ਅਸੀਂ ਵੀ ਉਹਨਾਂ ਵਾਂਗ ਆਪਣੇ ਭਾਰਤ ਦੇਸ਼ ਲਈ ਅਤੇ ਸਮਾਜ ਦੀ ਭਲਾਈ ਲਈ ਕੁਝ ਨਾ ਕੁਝ ਯੋਗਦਾਨ ਜਰੂਰ ਪਾਵਾਂਗੇ, ਇਹੀ ਸਾਡੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਜੈ ਹਿੰਦ !

### ਜਨਮ ਦਿਨ 'ਤੇ ਵਿਸ਼ੇਸ਼

# ਲਾਲਾ ਲਾਜਪਤ ਰਾਇ



ਆਪ ਦਾ ਜਨਮ 28 ਜਨਵਰੀ 1865 ਈ. ਵਿੱਚ ਪਿੰਡ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਮ ਰਾਧਾ ਕ੍ਰਿਸ਼ਨ ਸੀ ਤੇ ਉਹ ਸਕੂਲਾਂ ਦੇ ਇੰਸਪੈਕਟਰ ਸਨ। ਬਚਪਨ ਵਿੱਚ ਕੁਝ ਸਮਾਂ ਲਾਜਪਤ ਰਾਏ ਜੀ ਜਗਰਾਉਂ ਵਿੱਚ ਹੀ ਪੜ੍ਹਦੇ ਰਹੇ। 1880 ਈ। ਵਿੱਚ ਆਪ ਨੇ ਦਸਵੀਂ ਜਮਾਤ ਪਾਸ ਕਰ ਲਈ, ਫਿਰ ਲਾਹੌਰ ਜਾ ਕੇ ਐਫ.ਏ., ਪਾਸ ਕਰਨ ਮਗਰੋਂ ਆਪ ਨੇ ਮੁਖਤਾਰੀ ਦਾ ਇਮਤਿਹਾਨ ਦੇ ਦਿੱਤਾ ਅਤੇ ਜਗਰਾਉਂ ਵਿੱਚ ਜਾ ਕੇ ਮੁਖਤਾਰੀ ਦਾ ਕੰਮ ਕਰਨ ਲੱਗ ਪਏ। ਉਥੋਂ ਫਿਰ ਹਿਸਾਰ ਚਲੇ ਗਏ, ਉਥੇ ਆਪ ਨੇ ਪਲੀਡਰੀ ਦਾ ਡਿਪਲੋਮਾ ਵੀ ਪ੍ਰਾਪਤ ਕਰ ਲਇਆ ਅਤੇ ਕਚਹਿਰੀ ਵਿੱਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ।



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060

ਸਵਾਮੀ ਦਇਆਨੰਦ ਜੀ ਨੇ ਪੰਜਾਬ ਵਿੱਚ ਆਰੀਆ ਸਮਾਜ ਦੀ ਲਹਿਰ ਚਲਾਈ ਸੀ। ਇਸ ਤੋਂ ਆਪ ਬੜੇ ਪ੍ਰਭਾਵਿਤ ਹੋਏ ਅਤੇ ਅਛੂਤ ਉਧਾਰ, ਸਮਾਜ ਸੁਧਾਰ ਤੇ ਵਿੱਦਿਆ ਪ੍ਰਚਾਰ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਏ। ਅਜੇ ਆਪ ਨੂੰ ਰਾਜਸੀ ਕੰਮਾਂ ਵਿੱਚ ਦਿਲਚਸਪੀ ਘੱਟ ਸੀ।

1886 ਈ। ਆਪ ਲਾਹੌਰ ਆ ਗਏ ਅਤੇ ਇਥੇ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ। ਲਾਹੌਰ ਵਿੱਚ ਮਹਾਤਮਾ ਹੰਸ ਰਾਜ ਨਾਲ ਆਪ ਦਾ ਮੇਲ ਜੋਲ ਹੋ ਗਿਆ। ਮਹਾਤਮਾ ਹੰਸ ਰਾਜ ਵੀ ਇੱਕ ਉਘੇ ਆਰੀਆ ਸਮਾਜ ਸਨ ਅਤੇ ਸਮਾਜ ਸੁਧਾਰਕ ਆਗੂ ਸਨ। ਡੀ।ਏ।ਵੀ। ਕਾਲਜ ਲਾਹੌਰ ਦੇ ਮੁਖੀਏ ਸਨ। ਉਨ੍ਹਾਂ ਦੀ ਸੰਗਤ ਨਾਲ ਆਪ ਦੇ ਹਿਰਦੇ ਵਿੱਚ ਸਮਾਜ ਸੁਧਾਰ ਤੇ ਵਿੱਦਿਆ ਪ੍ਰਚਾਰ ਦਾ ਸ਼ੌਕ ਹੋਰ ਵੀ ਤੇਜ਼ ਹੋ ਗਇਆ। ਆਪ ਗੁਜ਼ਾਰੇ ਜੋਗੀ ਤਨਖਾਹ ਲੈ ਕੇ ਕਾਲਜ ਵਿੱਚ ਪੜ੍ਹਾਉਣ ਲੱਗ ਪਏ ਅਤੇ ਕਾਲਜ ਦੇ ਮੰਤਰੀ ਵੀ ਬਣ ਗਏ। 1901 ਈ। ਵਿੱਚ ਆਪ ਨੇ "ਪੰਜਾਬ ਸਿੱਖਿਆ ਸੰਮਿਤੀ" ਦੀ ਨੀਂਹ ਰੱਖੀ, ਜਿਸ ਦੇ ਰਾਹੀਂ ਪੰਜਾਬ ਵਿੱਚ ਹਾਈ ਤੇ ਪ੍ਰਾਇਮਰੀ ਆਰੀਆ ਸਕੂਲ ਖੋਲ੍ਹਣ ਦੀ ਲਹਿਰ ਚਲਾਈ। ਜਗਰਾਉਂ ਵਿੱਚ ਆਪਣੇ ਪਿਤਾ ਦੇ ਨਾਂ ਉਪਰ ਰਾਧਾ ਕ੍ਰਿਸ਼ਨ ਹਾਈ ਸਕੂਲ ਖੋਲ੍ਹਿਆ ਤੇ ਕਈ ਪ੍ਰਾਇਮਰੀ ਸਕੂਲ ਖੁਲ੍ਹਾਏ।

1888 ਈ. ਵਿੱਚ ਕਾਂਗਰਸ ਦਾ ਚੌਥਾ ਸਮਾਗਮ ਅਲਾਹਾਬਾਦ ਵਿੱਚ ਹੋਇਆ। ਆਪ ਪਹਿਲੀ ਵੇਰ ਇਸ ਸਮਾਗਮ ਵਿੱਚ ਸ਼ਾਮਲ ਹੋਏ। ਕਾਂਗਰਸ ਨੂੰ ਬਣਿਆ ਹਾਲੇ ਤਿੰਨ ਵਰ੍ਹੇ ਹੀ ਹੋਏ ਸਨ। ਭਾਰਤ ਦੇ ਪੜ੍ਹੇ ਲਿਖੇ ਇਸ ਵੱਲ ਖਿੱਚੇ ਆ ਰਹੇ ਸਨ। ਇਥੇ ਕਾਂਗਰਸ ਦੇ ਵੱਡੇ ਮਤੇ ਦੀ ਪੁਸ਼ਟੀ ਕਰਦੇ ਹੋਇਆ ਆਪ ਨੇ ਉਰਦੂ ਵਿੱਚ ਇੱਕ ਧੜਲੇਦਾਰ ਭਾਸ਼ਨ ਦਿੱਤਾ, ਜਿਸ ਨੂੰ ਸੁਣ ਕੇ ਸਾਰੇ ਵਾਹ ਵਾਹ ਕਰ ਉਠੇ। ਇਸ ਦੇ ਮਗਰੋਂ ਪੰਜਾਬ ਵਿੱਚ ਆ ਕੇ ਆਪ ਨੇ ਰਾਜਸੀ ਕਾਰਜਾਂ ਵਿੱਚ ਵਿਸ਼ੇਸ਼ ਹਿੱਸਾ ਲੈਣਾ ਆਰੰਭ ਦਿੱਤਾ। ਥੋੜ੍ਹੇ ਚਿਰ ਵਿੱਚ ਹੀ ਆਪ ਇਤਨੇ ਹਰਮਨ ਪਿਆਰੇ ਆਗੂ ਪ੍ਰਸਿੱਧ ਹੋ ਗਏ ਕਿ ਸਰਬ ਹਿੰਦ ਕਾਂਗਰਸ ਵਿੱਚ ਪੰਜਾਬ ਵਲੋਂ ਆਪ ਹੀ ਪ੍ਰਤਿਨਧ ਮੰਨੇ ਜਾਣ ਲੱਗੇ। 1906 ਈ. ਵਿੱਚ ਜਦੋਂ ਕਾਂਗਰਸ ਨੇ ਇੱਕ ਡੈਪੂਟੇਸ਼ਨ ਇੰਗਲੈਂਡ ਵਿੱਚ ਭੇਜਿਆ। ਆਪ ਨੂੰ ਉਸ ਦਾ ਮੈਂਬਰ ਬਣਾਇਆ ਗਿਆ। ਇੰਗਲੈਂਡ ਵਿੱਚ ਜਾ ਕੇ ਆਪ ਬਰਤਾਨਵੀ ਆਗੂਆਂ ਨੂੰ ਮਿਲੇ, ਅਖਬਾਰਾਂ ਵਿੱਚ ਲੇਖ ਲਿਖੇ ਅਤੇ ਜਲਸੇ ਕਰਕੇ ਭਾਸ਼ਨ ਦਿੱਤੇ ਜਿਸ ਦਾ ਲੋਕਾਂ ਉਪਰ ਬਹੁਤ ਪ੍ਰਭਾਵ ਪਇਆ। 1905 ਈ. ਵਿੱਚ ਬੰਗਾਲ ਦੀ ਵੰਡ ਮਗਰੋਂ ਦੇਸ਼ ਵਿੱਚ ਸਵਦੇਸ਼ੀ ਪ੍ਰਚਾਰ ਅਤੇ ਵਿਦੇਸ਼ੀ ਬਾਇਕਾਟ ਦੇ ਅੰਦੋਲਨਾਂ ਦਾ ਝੱਖੜ ਝੁੱਲ ਪਿਆ। ਪੰਜਾਬ ਵਿੱਚ ਲਾਲਾ ਲਾਜਪਤ ਰਾਇ ਜੀ ਤੇ ਸਰਦਾਰ ਅਜੀਤ ਸਿੰਘ ਨੇ ਇਸ ਲਹਿਰ ਦੀ ਅਗਵਾਈ ਕੀਤੀ। ਲਹਿਰ ਵੱਧਦੀ ਗਈ। 1907 ਈ। ਵਿੱਚ ਬਾਰ ਵਿੱਚ ਕਿਸਾਨੀ ਅੰਦੋਲਨ ਆਰੰਭ ਹੋ ਗਿਆ। ਕਾਰਨ ਇਹ ਸੀ ਕਿ ਸਰਕਾਰ ਨੇ ਨਹਿਰੀ ਆਬਾਦੀ ਸੰਬੰਧੀ ਇੱਕ ਕਰੜਾ ਕਾਨੂੰਨ ਬਣਾ ਦਿੱਤਾ ਸੀ। ਜ਼ਿਲ੍ਹਾ ਲਾਇਲਪੁਰ ਦੇ ਆਬਾਦਕਾਰ ਕਿਸਾਨਾਂ ਨੂੰ ਸਰਕਾਰ ਵਿਰੁੱਧ ਬੜੀਆਂ ਸ਼ਿਕਾਇਤਾਂ ਸਨ। ਬੜੇ ਬੜੇ ਜਲਸੇ ਕਰਕੇ ਉਨ੍ਹਾਂ ਨੇ ਰੋਸ ਪ੍ਰਗਟ ਕੀਤਾ। ਲਾਲਾ ਲਾਜਪਤ ਰਾਇ ਤੇ ਸ। ਅਜੀਤ ਸਿੰਘ ਇਸ ਸਮੇਂ ਪੰਜਾਬ ਦੇ ਆਗੂ ਸਨ। ਉਹ ਇਨ੍ਹਾਂ ਜਲਸਿਆਂ ਵਿੱਚ ਧੜੱਲੇਦਾਰ ਵਖਿਆਨ ਦੇਂਦੇ ਸਨ।

ਸਵਦੇਸ਼ੀ ਤੇ ਕਿਸਾਨੀ ਅੰਦੋਨ ਦਾ ਜ਼ੋਰ ਵੱਧਦਾ ਵੇਖ ਕੇ ਹਕੂਮਤ ਨੇ ਲਾਲਾ ਲਾਜਪਤ ਰਾਇ ਤੇ ਅਜੀਤ ਸਿੰਘ ਜੀ ਨੂੰ ਜਲਾਵਤਨ ਕਰਕੇ ਮਾਂਡਲੇ ਭੇਜ ਦਿੱਤਾ, ਪਰ ਛੇ ਮਹੀਨੇ ਮਗਰੋਂ ਆਪ ਨੂੰ ਰਿਹਾਅ ਕਰ ਦਿੱਤਾ ਗਇਆ। 1907 ਈ. ਵਿੱਚ ਕਾਂਗਰਸ ਦਾ ਸਾਲਾਨਾ ਸਮਾਗਮ ਸੂਰਤ ਵਿੱਚ ਹੋਇਆ। ਇਸ ਸਮੇਂ ਕਾਂਗਰਸ ਅੰਦਰ ਦੋ ਧੜਿਆਂ ਦੀ ਟੱਕਰ ਪੂਰੇ ਜੋਬਨ ਉੱਤੇ ਸੀ। ਲਾਲਾ ਲਾਜਪਤ ਰਾਇ ਦਾ ਨਾਂ ਕਾਂਗਰਸ ਸੀ ਪ੍ਰਧਾਨਗੀ ਲਈ ਪੇਸ਼ ਕੀਤਾ ਗਿਆ, ਪਰ ਵਿਰੋਧੀ ਧੜੇ ਨੇ ਪ੍ਰਵਾਨ ਨਾ ਕੀਤਾ। ਝਗੜਾ ਇਤਨਾ ਵਧਿਆ ਕਿ ਕਾਂਗਰਸ ਦੇ ਦੋ ਟੁਕੜੇ ਹੋ ਗਏ। ਗਰਮ ਧੜਾ ਕਾਂਗਰਸ ਤੋਂ ਅੱਡ ਹੋ ਗਿਆ, ਇਸ ਧੜੇ ਦੇ ਮੁੱਖੀ ਆਗੂ ਤਿਲਕ ਜੀ ਸਨ। ਲਾਲਾ ਜੀ ਨੇ ਗਰਮ ਧੜੇ ਦਾ ਸਾਥ ਦਿੱਤਾ। ਹਕੂਮਤ ਵਲੋਂ ਗਰਮ ਧੜੇ ਵਾਲਿਆਂ ਉਤੇ ਬੜੀ ਸਖ਼ਤੀ ਹੋ ਰਹੀ ਸੀ। ਸ੍ਰੀ ਤਿਲਕ ਜੀ ਨੂੰ ਛੇ ਵਰ੍ਹਿਆਂ ਲਈ ਕੈਦ ਕਰਕੇ ਮਾਂਡਲੇ ਭੇਜ ਦਿੱਤਾ ਗਿਆ ਸੀ। ਪੰਜਾਬ ਵਿੱਚ ਵੀ ਕਈ ਗ੍ਰਿਫ਼ਤਾਰ ਤੇ ਕੈਦ ਕੀਤੇ ਗਏ ਸਨ। ਲਾਲਾ ਲਾਜਪਤ ਰਾਇ, ਲਾਲਾ ਹਰਿ ਦਿਆਲ ਤੇ ਅਜੀਤ ਸਿੰਘ ਜੀ ਨੂੰ ਵੀ ਦੇਸ਼ ਨਿਕਾਲਾ ਮਿਲ ਗਿਆ ਸੀ। ਜਦੋਂ 1914 ਈ. ਵਿੱਚ ਪਹਿਲਾ ਸੰਸਾਰ ਯੁੱਧ ਆਰੰਭ ਹੋਇਆ ਤਾਂ ਲਾਲਾ ਜੀ ਇੰਗਲੈਂਡ ਵਿੱਚ ਸਨ। ਆਪ ਭਾਰਤ ਵਿੱਚ ਵਾਪਸ ਆਉਣਾ ਚਾਹੁੰਦੇ ਸਨ, ਪਰ ਬਰਤਾਨਵੀ ਸਰਕਾਰ ਨੇ ਆਗਿਆ ਨਾ ਦਿੱਤੀ, ਇਸ ਕਰਕੇ ਆਪ ਅਮਰੀਕਾ ਚਲੇ ਗਏ। ਉਥੇ ਗਦਰ ਪਾਰਟੀ ਦੇ ਆਗੂਆਂ ਨੂੰ ਮਿਲੇ ਤੇ ਆਰਥਿਕ ਸਹਾਇਤੀ ਦਿੱਤੀ।

ਅਮਰੀਕਾ ਵਿੱਚ ਆਪ ਨੇ ਇੱਕ "ਇੰਡੀਅਨ ਹੋਮ ਰੂਲ ਲੀਗ" ਨਾਂ ਦੀ ਸੰਸਥਾ ਵੀ ਬਣਾਈ। ਦੂਜਾ "ਇੰਡੀਅਨ ਇਨਫ਼ਾਰਮੇਸ਼ਨ ਬਿਊਰੋ" ਕਾਇਮ ਕੀਤਾ ਜਿਥੇ ਹਿੰਦ ਸੰਬੰਧੀ ਵੱਧ ਤੋਂ ਵੱਧ ਵਾਕਫ਼ੀ ਇਕੱਠੀ ਕੀਤੀ ਜਾਂਦੀ ਤੇ ਲੋਕਾਂ ਨੂੰ ਦੱਸੀ ਜਾਂਦੀ। ਹਿੰਦ ਦੇ ਰਾਜਸੀ ਹਾਲਾਤ ਸੰਬੰਧੀ ਆਪ ਨੇ ਭਾਸ਼ਨ ਦੇਣੇ ਤੇ ਲੇਖ ਲਿਖਣੇ ਆਰੰਭ ਕਰ ਦਿੱਤੇ। "ਯੰਗ ਇੰਡੀਅਨ" ਨਾਂ ਦਾ ਪੱਤਰ ਵੀ ਜਾਰੀ ਕਰ ਦਿੱਤਾ, ਜਿਸ ਵਿੱਚ ਭਾਰਤ ਦੀ ਗੁਲਾਮੀ ਤੇ ਸੁਤੰਤਰਤਾ ਬਾਰੇ ਬੜੇ ਗੰਭੀਰ ਤੇ ਵਾਕਫ਼ੀ ਭਰਪੂਰ ਲੇਖ ਛੱਪਦੇ ਸਨ।

1912-13 ਈ. ਵਿੱਚ ਮਹਾਤਮਾ ਗਾਂਧੀ ਜੀ ਨੇ ਦੱਖਣੀ ਅਫ਼ਰੀਕਾ ਵਿੱਚ ਸਤਿਆਗ੍ਰਹਿ ਦੀ ਲਹਿਰ ਚਲਾਈ ਤਾਂ ਲਾਲਾ ਜੀ ਨੇ ਨਾ ਕੇਵਲ ਕਲਮ ਨਾਲ ਆਪ ਦੀ ਸਹਾਇਤਾ ਕੀਤੀ ਬਲਕਿ 30-40 ਹਜ਼ਾਰ ਰੁਪਇਆ ਸਹਾਇਤਾ ਵਜੋਂ ਵੀ ਇਕੱਠਾ ਕਰਕੇ ਭੇਜਿਆ।

ਕਈ ਵਰ੍ਹਿਆਂ ਦੀ ਜਲਾਵਤਨੀ ਮਗਰੋਂ 1920 ਈ। ਵਿੱਚ ਲਾਲਾ ਜੀ ਆਪਣੇ ਪਿਆਰੇ ਵਤਨ ਵਿੱਚ ਵਾਪਸ ਆਏ। ਲੋਕਾਂ ਨੇ ਬੜੇ ਚਾਉ ਨਾਲ ਆਪ ਦਾ ਸਤਿਕਾਰ ਤੇ ਸੁਆਗਤ ਕੀਤਾ। ਸਤੰਬਰ 1920 ਈ। ਵਿੱਚ ਕਲਕੱਤੇ ਵਿੱਚ ਕਾਂਗਰਸ ਦਾ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਲਾਲਾ ਲਾਜਪਤ ਰਾਇ ਜੀ ਨੂੰ ਇਸ ਦਾ ਪ੍ਰਧਾਨ ਚੁਣ ਕੇ ਸਨਮਾਨਿਆ ਗਿਆ। "ਬੰਦੇ ਮਾਤ੍ਰਮ" ਨਾਂ ਦਾ ਉਰਦੂ ਰੋਜ਼ਾਨਾ ਅਖ਼ਬਾਰ ਅਤੇ "ਦੀ ਪੀਪਲ" ਅੰਗਰੇਜ਼ੀ ਹਫ਼ਤੇਵਾਰ ਜਾਰੀ ਕੀਤੇ। ਆਪ ਦੇ ਧੜਲੇਦਾਰ ਪ੍ਰਚਾਰ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਵਿੱਚ ਨਾ-ਮਿਲਵਰਤਨ ਦੀ ਲਹਿਰ ਤੇਜ਼ ਹੋ ਗਈ। ਹਜ਼ਾਰਾਂ ਵਿਦਿਆਰਥੀ ਸਕੂਲ ਤੇ ਕਾਲਜ ਛੱਡ ਕੇ ਬਾਹਰ ਨਿਕਲ ਆਏ। ਆਪ ਨੇ ਉਨ੍ਹਾਂ ਲਈ ਕੌਮੀ ਸਕੂਲ ਤੇ ਲਾਹੌਰ ਵਿੱਚ ਇੱਕ ਕੌਮੀ ਕਾਲਜ ਵੀ ਜਾਰੀ ਕਰ ਦਿੱਤਾ। ਕਈ ਵਿਦਿਆਰਥੀ ਸਤਿਆਗ੍ਰਹਿ ਕਰਕੇ ਜੇਲ੍ਹਾਂ ਵਿੱਚ ਵੀ ਚਲੇ ਗਏ। ਨਵਯੁਵਕਾਂ ਨੂੰ ਰਾਜਸੀ ਸਿੱਖਿਆ ਦੇਣ ਲਈ ਆਪ ਨੇ ਇੱਕ ਸਕੂਲ ਜਾਰੀ ਕੀਤਾ, ਜਿਸ ਦਾ ਨਾਂ "ਤਿਲਕ ਸਕੂਲ ਆਫ਼ ਪਾਲੇਟਿਕਸ" (ਤਿਲਕ ਰਾਜਨੀਤੀ ਦੀ ਪਾਠਸ਼ਾਲਾ) ਰੱਖਿਆ। ਫਿਰ ਆਪ ਨੇ "ਲੋਕ ਸੇਵਕ ਮੰਡਲ" ਨਾਂ ਦੀ ਸੰਸਥਾ ਸਥਾਪਤ ਕੀਤੀ।

ਪੰਡਤ ਮੋਤੀ ਲਾਲ ਨਹਿਰੂ ਤੇ ਸੀ.ਆਰ. ਦਾਸ ਜੀ ਨੇ ਸਵਰਾਜ ਪਾਰਟੀ ਬਣਾ ਲਈ ਤੇ ਕੌਂਸਲਾਂ ਅੰਦਰ ਜਾ ਕੇ ਅੰਦੋਲਨ ਕਰਨ ਦਾ ਪ੍ਰੋਗਰਾਮ ਬਣਾਇਆ। ਲਾਲਾ ਲਾਜਪਤ ਰਾਇ ਜੀ ਵੀ ਪਹਿਲਾਂ ਸਵਰਾਜ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਵਿਧਾਨ ਸਭਾ ਦੇ ਮੈਂਬਰ ਬਣ ਗਏ, ਪਰ 1925 ਈ. ਵਿੱਚ ਆਪ ਸਵਰਾਜ ਪਾਰਟੀ ਨਾਲੋਂ ਵੀ ਅੱਡ ਹੋ ਗਏ ਅਤੇ ਪੰਡਤ ਮਦਨ ਮੋਹਨ ਮਾਲਵੀਆ ਨਾਲ ਮਿਲ ਕੇ "ਨੈਸ਼ਨਲਿਸਟ ਪਾਰਟੀ" ਬਣਾ ਲਈ।

ਆਪ ਸਹਿਜੇ ਸਹਿਜੇ ਕਾਂਗਰਸ ਛੱਡ ਗਏ ਤੇ ਹਿੰਦੂ ਸਭਾ ਵਿੱਚ ਸ਼ਾਮਲ ਹੋ ਗਏ। 1925 ਈ। ਵਿੱਚ ਕਲਕੱਤਾ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਬਣੇ। ਫਿਰ ਇਟਾਵਾ ਵਿੱਚ ਯੂ।ਪੀ। ਹਿੰਦੂ ਕਾਨਫਰੰਸ ਦੀ ਵੀ ਆਪ ਨੇ ਪ੍ਰਧਾਨਤਾ ਕੀਤੀ। ਆਪ ਕਾਂਗਰਸ ਦੀ ਨੀਤੀ ਨੂੰ ਮੁਸਲਮਾਨਾਂ ਦੇ ਸੰਬੰਧ ਵਿੱਚ ਕਮਜ਼ੋਰ ਤੇ ਸਮਝੌਤੂ ਸਮਝਦੇ ਸਨ। ਲਾਹੌਰ ਵਿੱਚ ਆਪ ਨੇ ਇੱਕ ਬੜੀ ਵੱਡੀ ਰਾਜਸੀ ਲਾਇਬ੍ਰੇਰੀ ਬਣਾਈ, ਜਿਸ ਵਿੱਚ ਆਪਣੀਆਂ ਸਭ ਪੁਸਤਕਾਂ ਵੀ ਰੱਖੀਆਂ ਤੇ ਹੋਰ ਵੀ ਬਹੁਤ ਸਾਰੀਆਂ ਇਤਿਹਾਸਿਕ ਤੇ ਰਾਜਨੀਤਕ ਪੁਸਤਕਾਂ ਖਰੀਦੀਆਂ ਗਈਆਂ। ਲਾਇਬ੍ਰੇਰੀ ਦਾ ਨਾਂ ਦਵਾਰਕਾ ਦਾਸ ਲਾਇਬ੍ਰੇਰੀ ਰੱਖਿਆ। ਇਹ ਲਾਇਬ੍ਰੇਰੀ ਹੁਣ ਚੰਡੀਗੜ ਵਿੱਚ ਬਣ ਰਹੀ ਹੈ।

ਤਪਦਿਕ ਦੇ ਬੀਮਾਰਾਂ ਲਈ ਇੱਕ ਬੜਾ ਵਧੀਆ ਹਸਪਤਾਲ ਜਾਰੀ ਕਰਵਾਇਆ, ਜਿਸ ਵਿੱਚ ਤਪਦਿਕ ਦੇ ਬੀਮਾਰਾਂ ਦੇ ਹਰ ਤਰ੍ਹਾਂ ਸੰਪੂਰਨ ਇਲਾਜ ਦਾ ਪ੍ਰਬੰਧ ਕੀਤਾ ਗਿਆ। ਜਿਸ ਦਾ ਨਾਂ ਆਪਣੀ ਮਾਤਾ ਦੇ ਨਾਂ ਉਤੇ "ਗੁਲਾਬ ਦੇਵੀ ਹਸਪਤਾਲ" ਰੱਖਿਆ। ਲਗਭਗ ਇੱਕ ਲੱਖ ਰੁਪਿਆ ਕੋਲੋਂ ਪਾਇਆ ਤੇ ਹੋਰ ਉਧਾਰ ਸੱਜਨਾਂ ਪਾਸੋਂ ਇਕੱਤਰ ਕੀਤਾ। ਇਹ ਹਸਪਤਾਲ ਪਹਿਲਾਂ ਲਾਹੌਰ ਮਾਡਲ ਟਾਊਨ ਦੇ ਪਾਸ ਸੀ, ਹੁਣ ਜਲੰਧਰ ਵਿੱਚ ਖੋਲ੍ਹਿਆ ਗਿਆ ਹੈ।

1928 ਈ। ਵਿੱਚ ਹਕੂਮਤ ਬਰਤਾਨੀਆਂ ਨੇ ਹਿੰਦੀ ਆਗੂਆਂ ਦੀ ਖਾਹਸ਼ ਨੂੰ ਬਿਲਕੁਲ ਅਣਡਿੱਠ ਕਰਕੇ ਸਾਈਮਨ ਕਮਿਸ਼ਨ ਨੂੰ ਭਾਰਤ ਵਿੱਚ ਭੇਜਿਆ ਤਾਂ ਆਪ ਨੇ ਵੀ ਇਸ ਦਾ ਸਖ਼ਤ ਵਿਰੋਧ ਕੀਤਾ। ਇਸ ਕਮਿਸ਼ਨ ਵਿੱਚ ਸਾਰੇ ਅੰਗਰੇਜ਼ ਸਨ। ਸਾਈਮਨ ਇਸ ਦਾ ਪ੍ਰਧਾਨ ਸੀ ਤੇ ਇਸ ਦਾ ਆਸ਼ਾ ਇਹ ਸੀ ਕਿ ਭਾਰਤ ਵਿੱਚ ਜਾ ਕੇ ਲੋਕਾਂ ਤੋਂ ਗਵਾਹੀਆਂ ਲੈ ਕੇ ਰਿਪੋਰਟ ਕਰੇ ਕਿ ਭਾਰਤ ਆਜ਼ਾਦੀ ਦੇ ਯੋਗ ਹੈ ਕਿ ਨਹੀਂ ਤੇ ਇਸ ਨੂੰ ਕਿਸ ਹੱਦ ਤੱਕ ਹੋਰ ਰਾਜਸੀ ਅਧਿਕਾਰ ਦਿੱਤੇ ਜਾਣ। ਮਹਾਤਮਾ ਗਾਂਧੀ ਜੀ ਅਤੇ ਕਾਂਗਰਸ ਵੱਲੋਂ ਸਾਈਮਨ ਕਮਿਸ਼ਨ ਨੂੰ ਭਾਰਤ ਦੀ ਹੱਤਕ ਸਮਝਿਆ ਗਿਆ ਤੇ ਇਸ ਨੂੰ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਗਿਆ।

30 ਅਕਤੂਬਰ 1928 ਈ. ਨੂੰ ਸਾਈਮਨ ਕਮਿਸ਼ਨ ਲਾਹੌਰ ਆਇਆ। ਇਸ ਦਾ ਵਿਰੋਧ ਕਰਨ ਲਈ ਲਾਲਾ ਲਾਜਪਤ ਰਾਇ ਜੀ ਸ਼ੇਰ ਵਾਂਗ ਗਰਜ ਕੇ ਮੈਦਾਨ ਵਿੱਚ ਨਿੱਤਰ ਪਏ। ਸਰਕਾਰ ਨੇ 144 ਦਫ਼ਾ ਲਾ ਕੇ ਮੁਜ਼ਾਹਰਾ ਬੰਦ ਕਰ ਦਿੱਤਾ ਸੀ ਪਰ ਲਾਲਾ ਲਾਜਪਤ ਰਾਇ ਤੇ ਬਾਬਾ ਖੜਕ ਸਿੰਘ ਜੀ ਦੀ ਅਗਵਾਈ ਹੇਠਾਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਲਾਹੌਰ ਸਟੇਸ਼ਨ ਦੇ ਬਾਹਰ ਇਕੱਠੇ ਹੋ ਗਏ ਸਨ। ਪੁਲਿਸ ਨੇ ਅੰਧਾ ਧੁੰਦ ਲੋਕਾਂ ਉਪਰ ਲਾਠੀਆਂ ਬਰਸਾਈਆਂ। ਇੱਕ ਹੰਕਾਰੀ ਅੰਗਰੇਜ਼ ਪੁਲਿਸ ਅਫ਼ਸਰ ਮਿ: ਸਾਂਡਰਸ ਨੇ ਕ੍ਰੋਧ ਵਿੱਚ ਆ ਕੇ ਲਾਲਾ ਲਾਜਪਤ ਰਾਇ ਨੂੰ ਵੀ ਲਾਠੀਆਂ ਮਾਰੀਆਂ। ਉਨ੍ਹਾਂ ਦੇ ਸਰੀਰ ਉੱਤੇ ਕਈ ਨਿਸ਼ਾਨ ਪੈ ਗਏ। ਲਾਲਾ ਜੀ ਵਰਗੇ ਹਰਮਨ ਪਿਆਰੇ ਤੇ ਵੱਡੇ ਨੇਤਾ ਦੀ ਇਸ ਤਰ੍ਹਾਂ ਬੇਇਜ਼ਤੀ ਵੇਖ ਕੇ ਜਨਤਾ ਦੇ ਦਿਲ ਤੜਫ ਉੱਠੇ।

ਉਸੇ ਦਿਨ ਸ਼ਾਮ ਨੂੰ ਇੱਕ ਭਰੇ ਜਲਸੇ ਵਿੱਚ ਲਾਲਾ ਜੀ ਫੱਟੜ ਸ਼ੇਰ ਵਾਂਗ ਭਬਕੇ ਅਤੇ ਆਖਿਆ, "ਮੇਰੇ ਸਰੀਰ ਉਤੇ ਲੱਗਾ ਲਾਠੀ ਦਾ ਇੱਕ ਇੱਕ ਵਾਰ ਬ੍ਰਿਟਿਸ਼ ਸਾਮਰਾਜ ਦੇ ਕੱਫਨ ਦਾ ਇੱਕ ਇੱਕ ਕਿੱਲ ਸਾਬਤ ਹੋਵੇਗਾ"। ਇਸ ਖ਼ਬਰ ਨਾਲ ਲੋਕਾਂ ਵਿੱਚ ਵੀ ਬੜਾ ਜੋਸ਼ ਫੈਲ ਗਿਆ ਸੀ।

"ਭਾਰਤ ਨੌਜਵਾਨ ਸਭਾ" ਦੇ ਨੌਜਵਾਨ ਆਗੂਆਂ ਨੇ ਇਸ ਘਟਨਾ ਨੂੰ ਭਾਰਤ ਦੀ ਬੇਇਜ਼ਤੀ ਸਮਝਿਆ। ਉਨ੍ਹਾਂ ਦੀ ਅਣਖ ਚਮਕ ਉਠੀ। ਸ। ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੇ ਮਿ: ਸਾਂਡਰਸ ਨੂੰ ਮਾਰ ਮੁਕਾਉਣ ਦਾ ਫੈਸਲਾ ਕੀਤਾ, ਇੱਕ ਦਿਨ ਮਿ: ਸਾਂਡਰਸ ਕਾਬੂ ਆ ਗਿਆ ਤੇ ਨੌਜਵਾਨਾਂ ਨੇ ਉਸ ਨੂੰ ਪਾਰ ਬੁਲਾ ਕੇ ਬਦਲਾ ਲਿਆ। ਇਸ ਬਦਲੇ ਮਗਰੋਂ ਇਹ ਤਿੰਨੇ ਨੌਜਵਾਨ ਫਾਂਸੀ 'ਤੇ ਲਗਾਏ ਗਏ। ਲ਼ਾਲਾ ਜੀ ਬਿਰਧ ਅਵਸਥਾ ਦੇ ਕਾਰਨ ਇਹ ਸਰੀਰਕ ਤੇ ਮਾਨਸਿਕ ਚੋਟਾਂ ਸਹਾਰ ਨਾ ਸਕੇ। ਉਹ ਬੀਮਾਰ ਪੈ ਗਏ ਅਤੇ 17 ਨਵੰਬਰ 1928 ਈ। ਨੂੰ ਸਵਰਗਵਾਸ ਹੋ ਗਏ।

ਇਹ ਲੇਖ : "ਪੰਜਾਬ ਦੇ ਪ੍ਰਸਿੱਧ ਦੇਸ਼ ਭਗਤ, ਗਿਆਨੀ ਹੀਰਾ ਸਿੰਘ 'ਦਰਦ', ਸੰਪਾਦਕ ਡਾ। ਹਰਜੀਤ ਸਿੰਘ, ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਐਸ ਏ ਐਸ ਨਗਰ ਮੁਹਾਲੀ, 2020, ਪੰਨਾ 91-98 'ਤੇ ਆਧਾਰਿਤ ਹੈ।

# ਧਰਮ ਦੀ ਖਾਤਿਰ ਸ਼ਹੀਦੀ ਜਾਮ ਪੀ ਗਏ ਵੀਰ ਹਕੀਕਤ ਰਾਇ

**ਬਲਵਿੰਦਰ ਬਾਲਮ ਗੁਰਦਾਸਪੁਰ**
**91-98156-25409**

ਵੀਰ ਹਕੀਕਤ ਰਾਇ ਦਾ ਜਨਮ 22 ਮੱਘਰ ਸੰਨ 1716 ਈਸਵੀ ਦਿਨ ਸ਼ਨੀਵਾਰ ਪਿਤਾ ਸ੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਂ ਸ੍ਰੀ ਨੰਦ ਲਾਲ ਸੀ । ਉਹ ਪਿੱਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ ਤੇ ਪਠਾਨਾਂ ਦੇ ਜ਼ੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ। ਇਕ ਦਿਨ ਅਚਾਨਕ ਕੁਝ ਮੁਸਲਮਾਨ ਲੜਕੇ (ਬੱਚੇ) ਵੀਰ ਹਕੀਕਤ ਰਾਏ ਨਾਲ ਲੜ ਪਏ। ਬੱਚਿਆਂ ਦੀ ਲੜਾਈ ਗਾਲੀ ਗਲੋਚ ਤੋਂ ਹੋਈ। ਇਸ ਦੌਰਾਨ ਇੱਕ ਮੁੱਲਾਂ ਉਥੋਂ ਦੀ ਜਾ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ। ਮੁਸਲਮਾਨ ਲੜਕਿਆਂ ਨੇ ਕਿਹਾ ਇਸ ਨੇ ਫਾਤਮਾਂ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ। ਕਿਉਂ ਬਾਲਕ, ਤੂੰ ਬੀਬੀ ਫਾਤਮਾਂ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁਛਿਆ। ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ। ਮੁਫਤੀ ਨੇ ਜ਼ੋਰ ਦੇ ਕੇ ਕਿਹਾ, ਮੈਂ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ। ਮੈਂ ਫ਼ਿਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ? ਪਿੱਛੋਂ ਮੈਂ ਉਦਾਂ ਹੀ ਆਖਿਆ ਜਿੰਦਾ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ। ਜ਼ੁਰਮ ਇਕਬਾਲ ਏ ਇਦੀ ਸਜ਼ਾ ਸਿਰਫ਼ ਇਕੋ ਹੀ ਏ। ਕਾਬੂਲ ਇਸਲਾਮ । ਅਗਰ ਮੁਜ਼ਰਮ ਇਨਕਾਰੀ ਹੈ ਤਾਂ ਗਰਦਨਜ਼ਨੀ ਕੀਤੀ ਜਾਏ। ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ ਕਾਰ ਮੱਚ ਗਈ। ਹਕੀਕਤ ਰਾਏ ਨੂੰ ਫੜ ਲਿਆ ਗਿਆ। ਉਸ ਦੀ ਮਾਤਾ ਕੌਰਾਂ ਅਪਣੇਂ ਪੁੱਤਰ ਦੀ ਜਾਨ ਬਖ਼ਸ਼ੀ ਲਈ ਵਾਸਤੇ ਪਾਉਣ ਲਗੀ। ਸਿਆਲਕੋਟ ਦੀ ਭਰੀ ਕਚਿਹਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ ਨੂੰ, ਮੇਰੇ ਲਾਡਲੇ ਨੂੰ ਬਖ਼ਸ ਦਿਉ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ। ਮੇਰਾ ਇਕੋ ਇਕ ਇਹੋ ਹੀ ਲਾਡਲਾ ਏ । ਮੈਨੂੰ ਅੱਖੋਂ ਅੰਨਿਆਂ ਨਾ ਕਰੋ, ਮੁਫ਼ਤੀ ਸਾਹਿਬ, ਤੁਸੀਂ ਵੀ ਬਾਲ ਬੱਚਿਆਂ ਵਾਲੇ ਓ।



ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ਼, ਕਿਸੇ ਨੇ ਵੀ ਗੱਲ ਨਾ ਗੌਲੀ। ਮੁਫ਼ਤੀ ਨੇ ਕੜਕਦੀ ਆਵਾਜ਼ ਵਿਚ ਫ਼ਿਰ ਕਿਹਾ, ਕਿਉ, ਸ਼ੋਕਰੇ, ਤੈਨੂੰ ਇਸਲਾਮ ਕਬੂਲ ਏ? ਮਜ਼ਹਮ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਇ ਨੇ ਤੇਜ਼ਸਵੀ ਬੋਲ ਸਨ। ਇਸ ਦੀ ਜ਼ੁਬਾਨ 'ਚੋਂ ਸਾਜਿਸ਼ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਇਸ ਦੀ ਸਜ਼ਾ ਬਹਾਲ ਰੱਖੀ ਜਾਵੇ।

ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫ਼ਤੀ ਦੇ ਕੋਲ ਕਈ ਸਿਫਾਰਸ਼ਾਂ ਖੜ੍ਹੀਆਂ, ਕਈ ਪਤਵੰਤੇ ਤਰਲੇ ਮਿੰਨਤ ਮਾਰਨ ਲੱਗੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਅਗਲੇ ਦਿਨ ਕਤਲਾਗਾਹ ਵਿਚ ਫ਼ਿਰ ਹਕੀਕਤ ਨੂੰ ਪੁਛਿਆ ਗਿਆ, ਕਈ ਲਾਲਚ ਦਿੱਤੇ ਗਏ, ਖ਼ਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ, ਇਹ ਸਭ ਸਰਕਾਰ ਵਲੋਂ ਤੇ ਪੰਜ ਹਜ਼ਾਰ ਮੁਹਰਾ ਅਪਣੇ ਵਲੋਂ ਦੇਵਾਂਗਾ, ਤੁਮ ਬਰਖ਼ੁਰਦਾਰ, ਇਸਲਾਮ ਕਬੂਲ ਕਰ ਲਉ, ਤੁਮਾਰੀ ਮਾਂ ਦਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ, ਮਾਨ ਜਉ ਬੇਟਾ, ਮਾਨ ਜਾਉ - ਮੁਫ਼ਤੀ ਵੀ ਤਰਸ ਖਾ ਕੇ ਆਖ ਰਿਹਾ ਸੀ ।

ਵੀਰ ਹਕੀਕਤ ਰਾਏ ਨੇ ਅਪਣੇ ਬੁਲੰਦ ਹੌਂਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ? ਮੌਤ ਨੇ ਤਾਂ ਆਉਣਾ ਹੀ ਹੈ। ਹੁਣ ਤਾਂ ਘੋੜੀ ਲੈ ਕੇ ਆਓ, ਜੰਞ ਚੜ੍ਹਨ ਦਿਉ (ਮੌਤ), ਇਸ ਤੋਂ ਸੁਹਣਾ ਵੇਲਾ ਫ਼ਿਰ ਨਹੀਂ ਆਉਣ ਮਾਂ! ਤੂੰ ਸਮਝ ਲਈ ਮਾਂ, ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ। ਹਕੀਕਤ ਧਰਮ ਨਹੀਂ ਛੱਡ ਸਕਦਾ, ਜਾਨ ਦੇ ਸਕਦਾ ਏ ਮਾਂ! ਮਾਵਾਂ ਤਾਂ ਸਿਹਰੇ ਬੰਨ ਕੇ ਟੋਰਦੀਆਂ ਆਈਆਂ। ਖਤਰਾਣੀਆਂ ਤਾਂ ਗਾਨੇ ਬੰਨ ਕੇ ਟੋਰਦੀਆਂ ਹਨ। ਮਾਂ! ਤੇਰੀਆਂ ਅੱਖਾਂ ਵਿਚ ਅਥਰੂ ਨੇ, ਸਾਫ ਕਰਦੇ ਅਥਰੂ, ਮੇਰਾ ਰਾਹ ਨਾ ਰੋਕ, ਮੰਜ਼ਿਲ, ਬੜੀ ਖ਼ੂਬਸੂਰਤ ਏ, ਮੈਨੂੰ ਅੱਜ ਹੁਲਾਰੇ ਲੈ ਲੈਣ ਦੇ। ਇਹ ਘੋੜੀ ਮੁੜ ਕੇ ਨਹੀਂ ਆਉਣੀ। ਮਾਂ ! ਮੇਰੀ ਜੇ ਇਕ ਭਾਬੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ। ਮਾਂ! ਮੇਰੀ ਕੋਈ ਭੈਣ ਵੀ ਨਹੀਂ, ਕਿਸੇ ਗੁਆਂਢਣ ਨੂੰ ਸੱਦ ਲੈ, ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵੇ । ਪਿਤਾ ਜੀ ਨੂੰ ਕਵੋ, ਮੁਹਰਾਂ ਦੀ ਛੋਟ ਕਰਨ, ਪੁੱਤਰ ਘੋੜੀ ਚੜ੍ਹਿਆ ਏ, ਜ਼ਿੰਦਗੀ ਵਿਚ ਇਸ ਤੋਂ ਖ਼ੂਬਸੂਰਤ ਦਿਨ ਕਦੇ ਨਹੀਂ ਚੜਨਾ। ਮਾਂ! ਅਪਣੀ ਨੂੰਹ ਨੂੰ ਆਖੀਂ, ਫਿਰ ਮਿਲਾਂਗੇ, ਮੈਂ ਫ਼ਿਰ ਆਵਾਂਗਾ, ਕਰਮਾਂ ਵਾਲੀ ਦੀ ਕੁੱਖ ਵਿਚੋਂ। ਫਿਰ ਸਹੀ, ਪਰਸੋਂ ਬਸੰਤ ਏ, ਫੁੱਲ ਖਿੜ੍ਹੇ ਹਨ ਮਾਂ ! ਤੂੰ ਅਪਣੇਂ ਵਿਹੜੇ ਵਿਚ ਫੁੱਲ ਲਾ ਛੱਡ, ਸਾਰੀ ਉਮਰ ਮਹਿਕ ਦੇਣਗੇ ਧਰਮ ਦੀ ਸੱਚੀ ਸੁੱਚੀ ਪਾਕ-ਪਵਿੱਤਰ ਸ਼ਹੀਦੀ ਦੀ। ਲਾਹ ਲੈਣ ਦੇ ਚਾਅ ਇਨ੍ਹਾਂ ਨੂੰ ਗਾਂ ਕਸਾਈਆਂ ਦੇ ਹੱਥ ਆ ਗਈ ਹੇ । ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ। ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਣਾ।

ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ ਤੇ ਇਕ ਜਲੌਂ ਸੀ, ਇਸ ਅਲੌਕਿਕ ਸ਼ਕਤੀ ਦਾ ਜਲਣਾ। ਦੂਸਰੇ ਮੁਫ਼ਤੀ ਦੇ ਕਹਿਣ ਤੇ ਹਕੀਕਤ ਨੂੰ ਲਾਹੌਰ ਲੈ ਆਏ। ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ਼ ਕੀਤਾ ਗਿਆ।

ਹਕੀਕਤ ਰਾਏ ਨੇ ਖੁਸ਼ ਹੋ ਕੇ ਕਿਹਾ, "ਮੈਂ ਆਪੇ ਹੀ ਚਲਦਾ ਹਾਂ ਕਤਲਗਾਹ ਤਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖ਼ੂਬਸੂਰਤ ਹੈ। ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ। ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ਼ ਕਰ ਦਿੱਤੀ। ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ।

ਹਕੀਕਤ ਰਾਏ ਸ਼ਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਂ ਕਿਆਮਤ ਤੱਕ ਜਿੰਦਾ ਰਹੇਗਾ। ਧਰਮ ਦੀ ਖ਼ਾਤਿਰ ਸ਼ਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ ਤਾਰੇ ਦੇ ਵਾਂਗ ਚਕਮਦਾ ਰਵੇਗਾ। ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ ਪ੍ਰਦਰਸ਼ਕ ਦਾ ਕੰਮ ਕਰਦੀ ਰਵੇਗੀ।

ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ ਤੇ ਹਰ ਸਾਲ ਸ਼ਰਧਾ ਦੇ ਫੁੱਲ ਖਿੜ੍ਹਦੇ ਰਹਿਣੇ। ਮਾਵਾਂ ਸੁੱਖਣਾ ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ (ਭਾਰਤ) ਨੂੰ ਫਖ਼ਰ ਦੇ ਇਨ੍ਹਾਂ ਸ਼ਹੀਦਾਂ ਤੇ। ਸ਼ਹੀਦਾਂ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ।

ਪ੍ਰਾਰਥਨਾ ਸਭਾ, ਸਰਸਵਤੀ ਮੰਦਿਰ, ਕਿਲਾ ਮੰਡੀ, ਬਟਾਲਾ, ਜ਼ਿਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸ਼ਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਸਾਰਾ ਦਿਨ ਦੇਸੀ ਘਿ ਦਾ ਲੰਗਰ ਚਲਦਾ ਹੈ।

## ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 139ਵੇਂ ਜਨਮ ਦਿਨ 'ਤੇ ਵਿਸ਼ੇਸ

# 'ਗਦਰ-ਲਹਿਰ ਦੇ ਅਣਗੌਲੇ, ਮਹਾਨ ਯੋਧੇ'



ਪ੍ਰੋ: ਐਚ. ਐਲ. ਕਪੂਰ

ਭਾਰਤ ਦੇਸ਼ ਨੂੰ ਆਜ਼ਾਦ ਕਰਾਉਣ ਲਈ 'ਗਦਰ' ਦਾ ਕਾਫਲਾ ਚਲਦਾ ਰਿਹਾ ਤੇ ਉਹ ਕਿਤੇ ਵੀ ਨਾ ਰੁਕਿਆ। ਜਿਹਨਾਂ-ਜਿਹਨਾਂ ਦੇਸ਼ਾਂ 'ਚ ਵੀ ਭਾਰਤੀ ਰਹਿੰਦੇ ਹਨ, ਉਥੇ-ਉਥੇ ਹੀ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮੰਗ ਸੀ। ਕੁਝ ਹੀ ਸਮੇਂ 'ਚ 'ਗਦਰ-ਲਹਿਰ' ਇਤਨੀ ਲੋਕਪ੍ਰਿਆ ਹੋ ਗਈ ਕਿ ਲੋਕ 'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ' ਦੇ ਨਾਮ ਨੂੰ ਬਿਲਕੁਲ ਭੁੱਲ ਗਏ ਅਤੇ 'ਗਦਰ ਪਾਰਟੀ' ਦੇ ਨਾਮ ਨਾਲ ਯਾਦ ਕਰਨ ਲੱਗ ਪਏ। ਇਸੇ ਹੀ ਤਰ੍ਹਾਂ ਅਮਰੀਕਾ ਵਿਚ ਸਥਾਪਤ ਪਾਰਟੀ ਦਾ ਕੇਂਦਰੀ ਦਫ਼ਤਰ ਦਾ ਨਾਮ 'ਯੁਗਾਂਤਰ ਆਸ਼ਰਮ' ਤੋਂ 'ਗਦਰ ਆਸ਼ਰਮ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਗਦਰ ਪਾਰਟੀ ਦੇ ਨੇਤਾਵਾਂ ਨੇ ਜਿਸ ਆਜ਼ਾਦ ਭਾਰਤ ਦੀ ਕਲਪਨਾ ਕੀਤੀ ਸੀ, ਉਹੀ ਭਾਰਤ ਇਕ 'ਲਘੂ ਰੂਪ' ਭਾਵ 'ਛੋਟਾ ਰੂਪ' 'ਚ 'ਯੁਗਾਂਤਰ' ਜਾਂ ਗਦਰ ਆਸ਼ਰਮ 'ਚ ਜਿਊਣ ਦਾ ਯਤਨ ਵੀ ਕੀਤਾ, ਬਲਕਿ ਪੂਰੇ ਮਨ ਨਾਲ ਕੀਤਾ। ਧਾਰਮਿਕ ਭਾਵਨਾਵਾਂ ਦੇ ਸਥਾਨ ਨੇ 'ਬੰਦੇ ਮਾਤਰਮ' ਦਾ ਰੂਪ ਧਾਰ ਲਿਆ। ਆਪਣੇ ਜੋੜੇ, ਦਰਵਾਜ਼ੇ ਦੇ ਬਾਹਰ ਰੱਖ ਕੇ ਉਹ ਇਕ ਸ਼ੁੱਧ ਭਾਰਤੀਯ ਦੀ ਤਰ੍ਹਾਂ ਆਪਣਾ ਜੀਵਨ ਜਿਉਂਦੇ, ਇਕੱਠੇ ਬੈਠ ਕੇ ਖਾਣਾ ਤਿਆਰ ਕਰਕੇ ਖਾਂਦੇ, ਆਪਣੇ ਘਰਾਂ ਦੀ ਦੇਖ-ਭਾਲ ਕਰਦੇ ਤੇ ਇਕੱਠੇ ਮਿਲ ਕੇ 'ਗਦਰ' ਅਖ਼ਬਾਰ ਕੱਢਦੇ। ਸਭ ਨੂੰ ਪਾਰਟੀ ਦੋ ਡਾਲਰ ਮਹੀਨਾ ਖਰਚ ਦਿੰਦੀ। ਇੱਥੇ ਨਾ ਕੋਈ ਵੱਡਾ ਤੇ ਨਾ ਕੋਈ ਛੋਟਾ ਹੁੰਦਾ। ਇਸ ਸਹਿਯੋਗਤਾ 'ਚ ਲਾਲਾ ਹਰਦਿਆਲ, ਸਰਦਾਰ ਭਗਵਾਨ ਸਿੰਘ, ਬਰਕਤ-ਉੱਲਾ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਵਰਗੇ ਨੇਕ, ਵਿਦਵਾਨ ਤੇ ਦਾਰਸ਼ਨਿਕ ਸ਼ਾਮਲ ਸਨ ਤੇ ਇਸ ਦੇ ਨਾਲ ਹੀ ਸਰਦਾਰ ਹਰੀ ਸਿੰਘ ਉਸਮਾਨ ਵਰਗੇ ਦੇਸ਼ ਭਗਤ, ਨੇਕ ਤੇ ਤਿਆਗੀ ਇਨਸਾਨ ਵੀ ਰਹਿੰਦੇ ਸਨ, ਜਿਹਨਾਂ ਨੇ ਆਪਣੀ ਸਾਰੀ ਜਾਇਦਾਦ ਇਸ ਆਸ਼ਰਮ ਨੂੰ ਦਾਨ ਦੇ ਕੇ ਇਕ ਕਰਮਯੋਗੀ ਇਨਸਾਨ ਹੋਣ ਦਾ ਸਬੂਤ ਵੀ ਦਿੱਤਾ ਤੇ ਹਰ ਪ੍ਰਕਾਰ ਦੀ ਗਦਰ ਪਾਰਟੀ ਦੀ ਸਰਗਰਮੀ 'ਚ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਨੌਜਵਾਨ ਸਰਦਾਰ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਦੀ ਉਮਰ ਉਸ ਸਮੇਂ ਸਿਰਫ 19 ਸਾਲ ਹੀ ਸੀ ਦੇਸ਼ ਨੂੰ ਆਜ਼ਾਦ ਕਰਵਾਉਣ ਬਦਲੇ ਸ਼ਹੀਦੀ ਪਾਈ, ਸਮੇਤ ਅਮਰੀਕਾ 'ਚ ਵਸੇ ਸਿਰਫ ਦੋ ਦਲਿਤ ਪਰਵਾਸੀਆਂ 'ਚੋਂ ਇਕ ਬਾਬੂ ਮੰਗੂਰਾਮ 'ਮੁੱਗੋਵਾਲੀਆ, ਨੇੜੇ ਟੂਟੋ ਮਜ਼ਾਰਾ, ਜ਼ਿਲ੍ਹਾ ਹੁਸ਼ਿਆਰਪੁਰ ਵੀ ਸਨ।

14 ਜਨਵਰੀ, 1886 ਨੂੰ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ 'ਚ ਜਨਮੇ ਸ੍ਰੀ ਮੰਗੂ ਰਾਮ ਜਿਨ੍ਹਾਂ ਦੇ ਪਿਤਾ ਸ੍ਰੀ ਹਰਨਾਮ ਦਾਸ ਜੀ ਚਮੜੇ ਦਾ ਕੰਮ ਕਰਦੇ ਸਨ। ਅਜੇ ਉਹ ਤਿੰਨ ਸਾਲ ਦੇ ਸਨ, ਜਦੋਂ ਉਹਨਾਂ ਦੀ ਮਾਤਾ ਜੀ ਦਾ ਦੇਹਾਂਤ ਹੋ ਗਿਆ। ਪੜ੍ਹਾਈ ਕਰਦੇ ਸਮੇਂ ਉਹਨਾਂ ਨੂੰ ਜਮਾਤ ਦੇ ਸਭ ਤੋਂ ਪਿੱਛੇ ਜਾਂ ਕਲਾਸ ਰੂਮ ਦੇ ਬਾਹਰ ਖਿੜਕੀ ਦੇ ਪਾਸ ਇਕੱਲਿਆਂ ਬਿਠਾਇਆ ਜਾਂਦਾ ਤਾਂ ਜੋ ਬਾਰੀ ਵਿਚ ਦੀ ਅਧਿਆਪਕ ਦੀ ਆਵਾਜ਼ ਸੁਣ ਸਕਣ। ਇਕ ਵਾਰ ਮੀਂਹ ਪੈ ਰਿਹਾ ਸੀ ਤਾਂ ਉਹ ਜਮਾਤ ਦੇ ਕਮਰੇ ਵਿਚ ਆ ਗਏ ਤਾਂ ਅਧਿਆਪਕ ਨੇ ਉਹਨਾਂ ਦੀ ਖੂਬ ਪਿਟਾਈ ਕੀਤੀ ਤੇ ਜਿਸ ਬੈਂਚ ਤੇ ਬੈਠੇ ਸਨ, ਉਸ ਨੂੰ ਪਾਣੀ ਨਾਲ ਧੋਇਆ ਕਿ ਬੈਂਚ ਭ੍ਰਸ਼ਟ ਹੋ ਗਿਆ ਹੈ। ਅਧਿਆਪਕ ਨੇ ਉਹਨਾਂ ਨੂੰ ਪੜ੍ਹਾਈ ਕਰਨ ਲਈ ਬਿਲਕੁਲ ਉਤਸ਼ਾਹਿਤ ਨਹੀਂ ਕੀਤਾ ਤੇ ਜੋ ਉਹ ਆਪਣੀ ਹਿੰਮਤ ਨਾਲ ਪੜ੍ਹਾਈ ਕਰ ਸਕਦੇ ਸਨ, ਉਤਨੀ ਹੀ ਪੜ੍ਹਾਈ ਪ੍ਰਾਪਤ ਕੀਤੀ। ਇਸ ਤਰ੍ਹਾਂ ਦੇ ਵਿਵਹਾਰ ਸਦਕਾ ਉਹਨਾਂ ਨੇ ਆਪਣੀ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ ਤੇ ਆਪਣੇ ਪਿਤਾ ਜੀ ਦੇ ਕਾਰੋਬਾਰ ਵਿਚ ਸ਼ਾਮਲ ਹੋ ਗਏ। 1909 ਦੇ ਸਾਲ ਵਿਚ ਉਹਨਾਂ ਦੇ ਇਲਾਕੇ ਦੇ ਕਾਫੀ ਲੋਕ ਅਮਰੀਕਾ ਆਏ। ਇਕ ਜ਼ਿਮੀਂਦਾਰ ਦੇ ਰਿਸ਼ਤੇਦਾਰ ਵੱਲੋਂ ਅਮਰੀਕਾ ਵਿਚ ਕੰਮ ਦਿੱਤੇ ਜਾਣ ਦੇ ਵਾਅਦੇ ਬਾਅਦ, ਉਹ ਅਮਰੀਕਾ ਚਲੇ ਗਏ। ਚਾਰ ਸਾਲ ਤੱਕ ਖੇਤਾਂ 'ਚ, ਮਿੱਲਾਂ 'ਚ ਕੰਮ ਕਰਨ ਉਪਰੰਤ 'ਗਦਰ ਪਾਰਟੀ' ਦੀ ਸਥਾਪਨਾ ਉਪਰੰਤ ਅਮਰੀਕਾ ਵਿਖੇ ਸ਼ਾਮਲ ਹੋ ਗਏ ਤੇ ਉਸ ਦੇ ਪੱਕੇ ਮੈਂਬਰ ਬਣ ਗਏ। 'ਗਦਰ ਆਸ਼ਰਮ' ਵਿਚ ਰਹਿੰਦਿਆਂ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਉਹ ਇਕ ਨਵੇਂ ਸਮਾਜ ਦੇ ਮੈਂਬਰ ਹਨ, ਜਿੱਥੇ ਸਭ ਵਿਅਕਤੀਆਂ ਨਾਲ ਇਕੋ ਜਿਹਾ ਵਿਵਹਾਰ ਹੁੰਦਾ ਸੀ। ਬਾਬੂ ਮੰਗੂ ਰਾਮ ਜੀ ਅਕਸਰ ਆਪ ਕਹਿੰਦੇ ਸਨ, ''ਮੇਰੇ ਲਈ ਤਾਂ ਇਹ ਇਕ ਕ੍ਰਾਂਤੀ ਸਮਾਨ ਗੱਲ ਸੀ ਕਿ ਇੱਥੇ ਕਿਸੇ ਨੂੰ ਅਛੂਤ ਨਹੀਂ ਸਮਝਿਆ ਜਾਂਦਾ ਸੀ। ਇੱਥੇ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਂ ਅਛੂਤ ਨਹੀਂ ਹਾਂ ਸਗੋਂ ਇਕ ਇਨਸਾਨ ਹਾਂ।'' ਗਦਰ ਪਾਰਟੀ ਦੇ ਜਿੰਨੇ ਵੀ ਮੈਂਬਰ ਸਨ, ਉਹ ਸਭ ਮਾਨਵਵਾਦ ਵਿਚ ਵਿਸ਼ਵਾਸ ਰੱਖਦੇ ਸਨ, ਬਹੁਤ ਨੇਕ ਤੇ ਚਰਿਤਰਵਾਨ ਵਿਅਕਤੀ ਸਨ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਹ ਜਾਨ ਦੀ ਬਾਜ਼ੀ ਲਾਉਣ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ।

ਇਹੀ ਬਾਬੂ ਮੰਗੂ ਰਾਮ ਜੀ ਬਾਅਦ ਵਿਚ 1915 ਨੂੰ ਉਹਨਾਂ ਪੰਜ ਕ੍ਰਾਂਤੀਕਾਰੀਆਂ ਲਈ ਚੁਣਿਆ ਗਿਆ ਜਿਹਨਾਂ ਨੇ 'ਮੈਬਰਿਕ' ਨਾਮਕ ਜਹਾਜ਼ ਵਿਚ ਹਥਿਆਰ ਲਿਜਾਅ ਕੇ ਭਾਰਤ ਵਿਚ ਕ੍ਰਾਂਤੀਕਾਰੀਆਂ ਨੂੰ ਦੇਣੇ ਸਨ ਤੇ ਆਪ ਇਸ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰਨਾ ਸੀ। ਇਨ੍ਹਾਂ ਹਥਿਆਰਾਂ ਸਮੇਤ ਉਹ ਜਾਵਾ ਵਿਖੇ ਪਕੜੇ ਗਏ ਤੇ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇੱਥੇ ਉਹ ਇਕ ਸਾਲ ਜੇਲ੍ਹ ਵਿਚ ਰਹੇ। ਬਰਤਾਨਵੀ ਸਰਕਾਰ ਉਨ੍ਹਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਕੇ ਫਾਂਸੀ ਤੇ ਲਟਕਾਉਣਾ ਚਾਹੁੰਦੀ ਸੀ ਪਰ ਇੱਥੇ ਉਨ੍ਹਾਂ ਨੂੰ ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਉਸ ਤੋਂ ਬਾਅਦ ਉਹ ਮਨੀਲਾ ਗਏ। ਉਥੋਂ ਬਰਤਾਨੀਆ ਦੀ ਚੁੰਗਲ 'ਚੋਂ, ਜਰਮਨੀ ਦੇ ਕੁਝ ਏਜੰਟਾਂ ਨੇ ਬਚਾਇਆ। ਇਕ ਦਿਨ 'ਮਨੀਲਾ ਟਾਈਮਜ਼' ਵਿਚ ਇਹ ਖ਼ਬਰ ਆਈ ਕਿ ਸ੍ਰੀ ਮੰਗੂ ਰਾਮ ਜੀ ਨੂੰ ਫਾਂਸੀ ਦੇ ਦਿੱਤੀ ਗਈ ਹੈ।'' ਗਦਰ ਪਾਰਟੀ ਦੀ ਸਹਾਇਤਾ ਨਾਲ ਉਹ 1925 ਵਿਚ ਭਾਰਤ ਪਹੁੰਚੇ ਅਤੇ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਆਦਰ ਤੇ ਸਤਿਕਾਰ ਸਹਿਤ ਭਾਰਤ ਆਉਣ 'ਤੇ ਉਹਨਾਂ ਨੂੰ ਫਿਰ ਅਛੂਤ ਕਿਹਾ ਗਿਆ।

ਇਸ ਤੋਂ ਬਾਅਦ ਉਹਨਾਂ ਦੇ ਮਨ ਵਿਚ ਇਕ ਗੁੱਸੇ ਦੀ ਭਾਵਨਾ ਪੈਦਾ ਹੋ ਗਈ ਕਿ ਭਾਰਤੀ ਸਮਾਜ 'ਚ ਉਨ੍ਹਾਂ ਨੂੰ ਇਨਸਾਨ ਹੀ ਨਹੀਂ ਸਮਝਿਆ ਜਾਂਦਾ ਸੀ ਕਿਉਂਕਿ ਉਹ ਅਮਰੀਕਾ 'ਚ ਰਹਿੰਦਿਆਂ ਤੇ ਗਦਰ ਪਾਰਟੀ 'ਚ ਕੰਮ ਕਰਦਿਆਂ, ਇੱਥੋਂ ਦੇ ਵਿਦੇਸ਼ੀ ਸਭਿਆਚਾਰ ਤੇ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਇੱਥੋਂ ਦਾ ਸਮਾਜ ਜਾਤ-ਪਾਤ ਆਧਾਰਿਤ ਨਹੀਂ ਹੈ ਸਗੋਂ ਮਾਨਵਵਾਦੀ ਸਮਾਜ ਹੈ। ਇਸ ਰੋਹ 'ਚੋਂ ਹੀ 'ਆਦਿ-ਧਰਮ' ਦਾ ਜਨਮ ਹੁੰਦਾ ਹੈ ਤੇ ਉਹ ਇਸ ਦੇ ਸੰਸਥਾਪਕ ਬਣੇ। ਉਹਨਾਂ ਨੇ ਕਿਹਾ ਕਿ ਅਸੀਂ ਜਿਹਨਾਂ ਨੂੰ ਅਛੂਤ ਕਿਹਾ ਜਾਂਦਾ ਹੈ, ਹਿੰਦੂ ਨਹੀਂ ਹਾਂ ਅਤੇ ਨਾ ਹੀ ਹਿੰਦੂਆਂ ਦੀ ਔਲਾਦ ਹਾਂ, ਸਗੋਂ ਆਰੀਆ ਲੋਕ, ਜਿਹੜੇ ਕਿ ਮੱਧ ਏਸ਼ੀਆ 'ਚੋਂ ਕੰਮ ਦੀ ਭਾਲ ਲਈ ਕੁਝ ਕਬੀਲੇ ਭਾਰਤ ਵੱਲ ਆ ਗਏ ਤੇ ਕੁਝ ਕਬੀਲੇ ਯੂਰਪ ਵੱਲ ਚਲੇ ਗਏ। ਭਾਰਤ ਆਉਣ ਵਾਲੇ ਆਰੀਆ ਲੋਕਾਂ ਨੇ ਇੱਥੋਂ ਦੇ 'ਆਦਿ ਵਾਸੀ' ਭਾਵ ਮੂਲ ਵਾਸੀਆਂ ਨੂੰ ਗੁਲਾਮ ਬਣਾ ਲਿਆ।



ਇਸ 'ਚ ਬਹੁਗਿਣਤੀ ਦ੍ਰਾਵਿੜ ਕਬੀਲਿਆਂ ਦੀ ਹੀ ਸੀ ਤੇ ਕੁਝ ਕਬੀਲੇ ਡਰਦੇ ਮੱਧ-ਭਾਰਤ ਵੱਲ ਦੌੜ ਗਏ। ਅਸਲ 'ਚ ਭਾਰਤ ਵਿਚ ਆਦਿਵਾਸੀ ਜਾਂ ਮੂਲ-ਨਿਵਾਸੀ ਤਿੰਨ ਵਰਗਾਂ ਦੇ ਹੀ ਲੋਕ ਹਨ ਜੋ ਅਸਲੀ ਭਾਰਤੀ ਹਨ। ਇਹਨਾਂ ਦੇ ਨਾਮ ਹਨ ਦ੍ਰਾਵੜ, ਭੀਲ ਤੇ ਕੋਇਲ। ਇਨ੍ਹਾਂ ਵਰਗਾਂ ਨੂੰ ਗੁਲਾਮ ਬਣਾ ਕੇ ਤੇ ਆਪਣੇ ਸਮੇਤ ਮੰਨੂੰ ਨੇ ਸਮਾਜ ਨੂੰ ਚਾਰ ਵਰਗਾਂ 'ਚ ਵੰਡ ਦਿੱਤਾ। ਇਹਨਾਂ ਵਰਗਾਂ ਨੂੰ ਵਰਣ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਮ ਹਨ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।

ਵਰਣਾਂ ਦੀਆਂ ਜੜ੍ਹਾਂ ਵੇਦਾਂ 'ਚ ਹਨ। ਰਿਗਵੇਦ ਦੇ ਪੁਰਸ਼ ਸੂਤਕ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ- ਬ੍ਰਾਹਮਣ ਪ੍ਰਭੂ ਦਾ ਮੂੰਹ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮੰਨੂੰ ਸਿਮਰਤੀ ਕਹਿੰਦੀ ਹੈ ਕਿ : ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖਤਰੀ ਅਤੇ ਵੈਸ਼) ਦੀ ਤਨ-ਮਨ ਨਾਲ ਸੇਵਾ ਕਰਨ। ਪਹਿਲੇ ਦੋ ਵਰਗਾਂ ਕੋਲ ਅਸਾਨ ਕਿੱਤੇ ਵਿਦਿਆ ਤੇ ਦੇਸ਼ ਦੀ ਰੱਖਿਆ, ਤੀਸਰੇ ਵੈਸ਼ ਵਰਗ ਨੂੰ ਕੁਝ ਇਨ੍ਹਾਂ ਤੋਂ ਹੋਰ ਹਲਕੇ ਕਿੱਤੇ ਤੇ ਚੌਥੇ ਵਰਗ ਨੂੰ ਸਭ ਤੋਂ ਗੰਦੇ ਕਿੱਤੇ ਦਿੱਤੇ ਤੇ ਨਾਲ ਹੀ ਗੁਲਾਮ ਬਣਾ ਕੇ ਰੱਖਿਆ। ਰੱਖਿਆ ਦੀ ਜ਼ਿੰਮੇਵਾਰੀ ਖੱਤਰੀ ਵਰਗ ਕੋਲ ਸੀ ਤੇ ਇਸ 'ਚ ਫੌਜ ਆਉਂਦੀ ਹੈ ਜਿਸ ਦੇ ਕੋਲ ਅਥਾਹ ਤਾਕਤ ਹੁੰਦੀ ਹੈ ਤੇ ਇਸੇ ਤਾਕਤ ਨਾਲ ਉਹਨਾਂ ਨੇ ਵੈਸ਼ ਤੇ ਸ਼ੂਦਰ ਵਰਗ ਨੂੰ ਹਮੇਸ਼ਾ ਦਬਾਅ ਕੇ ਤੇ ਗੁਲਾਮ ਬਣਾ ਕੇ ਰੱਖਿਆ ਤੇ ਭੈੜਾ ਵਰਤਾਓ ਕੀਤਾ ਜਾਂਦਾ ਰਿਹਾ। ਇੱਥੋਂ ਤੱਕ ਭੈੜਾ ਵਰਤਾਓ ਕੀਤਾ ਕਿ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਵੀ ਨਾ ਦਿੱਤਾ ਤਾਂ ਕਿ ਇਨ੍ਹਾਂ ਵਰਗਾਂ ਦੇ ਲੋਕ ਵਿੱਦਿਆ ਪ੍ਰਾਪਤ ਕਰਕੇ ਜਾਗ੍ਰਿਤ ਨਾ ਹੋ ਜਾਣ ਤੇ ਇਸ ਦੇ ਨਾਲ ਹੀ ਜਾਇਦਾਦ ਬਣਾਉਣ ਦਾ ਅਧਿਕਾਰ ਵੀ ਖੋਹ ਲਿਆ।

ਇਹ ਇਕ ਕੁਦਰਤੀ ਗੱਲ ਹੈ ਕਿ ਵਿਦਿਅਕ ਤੇ ਜਾਗਰੂਕ ਇਨਸਾਨ ਬਹੁਤੀ ਦੇਰ ਮਾਨਸਿਕ ਗੁਲਾਮੀ 'ਚ ਨਹੀਂ ਰਹਿ ਸਕਦਾ ਤੇ ਇਕ ਦਿਨ ਉਹ ਜ਼ਰੂਰ ਆਪਣੀ ਮਾਨਸਿਕਤਾ ਨੂੰ ਆਜ਼ਾਦ ਕਰਾਉਣ ਲਈ ਵਿਦਰੋਹ ਕਰਦਾ ਹੈ। ਇਸ ਤਰ੍ਹਾਂ ਇਨ੍ਹਾਂ ਵਰਗਾਂ ਨੂੰ ਦਿੱਤੇ ਗਏ ਕਿੱਤੇ, ਸਮੇਂ ਦੇ ਬੀਤਣ ਨਾਲ ਉਨ੍ਹਾਂ ਦੀ ਜਾਤ 'ਚ ਪਰਿਵਰਤਿਤ ਹੋ ਗਏ ਜਾਂ ਇਸ ਨੂੰ ਇਹ ਆਖਿਆ ਜਾ ਸਕਦਾ ਹੈ ਕਿ ਕਿੱਤੇ ਉਹਨਾਂ ਦੀ ਪਛਾਣ ਬਣ ਗਏ। ਆਪਣੇ ਆਪ ਨੂੰ ਉੱਚ ਵਰਗ ਦੇ ਲੋਕ ਸਮਝਣ ਵਾਲੇ ਲੋਕ ਇਹਨਾਂ ਨੂੰ ਦਲਿਤ ਤੇ ਅਛੂਤ ਆਖਣ ਲੱਗ ਪਏ। ਇਸੇ ਰੋਹ 'ਚੋਂ ਹੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਸਥਾਪਤ ਕੀਤਾ ਗਿਆ 'ਆਦਿ - ਧਰਮ' ਜਨਮ ਲੈਂਦਾ ਹੈ। ਇਹਨਾਂ ਨੇ ਭਾਰਤ 'ਚ ਖਾਸ ਤੌਰ ਤੇ ਪੰਜਾਬ 'ਚ ਇਹਨਾਂ ਵਰਗਾਂ ਨਾਲ ਹੋ ਰਹੇ ਭੈੜੇ ਵਿਵਹਾਰ, ਸਮਾਜਿਕ ਬਰਾਬਰੀ ਪ੍ਰਾਪਤ ਕਰਨ ਲਈ ਤੇ ਛੂਤ-ਛਾਤ ਦੂਰ ਕਰਨ ਲਈ ਬਹੁਤ ਸੰਘਰਸ਼ ਕੀਤਾ। ਇਹਨਾਂ ਦੇ ਸਮਾਨਅੰਤਰ ਡਾ: ਭੀਮ ਰਾਓ ਅੰਬੇਦਕਰ ਜੀ ਵੀ ਭਾਰਤ 'ਚ ਖਾਸ ਤੌਰ 'ਤੇ ਮਹਾਂਰਾਸ਼ਟਰ ਵਿਚ ਜਾਤ-ਪਾਤ ਰਹਿਤ ਸਮਾਜ ਤੇ ਛੂਤ-ਛਾਤ ਖ਼ਿਲਾਫ਼ ਸੰਘਰਸ਼ ਕਰ ਰਹੇ ਸਨ। ਇਨ੍ਹਾਂ ਦੋਹਾਂ ਮਹਾਨ ਸ਼ਖਸੀਅਤਾਂ ਨੇ ਇਹਨਾਂ ਵਰਗਾਂ ਨੂੰ ਇਹਨਾਂ ਦੇ ਹੱਕ ਦਿਵਾਉਣ ਲਈ ਕੀਤੇ ਗਏ ਸੰਘਰਸ਼ ਨੇ ਬਹੁਤ ਜਾਗ੍ਰਿਤ ਕੀਤਾ।

ਅੱਜ ਯੁੱਗ ਬਦਲ ਗਿਆ ਹੈ। ਮਨੁੱਖ ਆਪਣੇ ਕਰਤਵਾਂ ਤੇ ਅਧਿਕਾਰਾਂ ਨੂੰ ਸਮਝਦਾ ਹੈ। ਮਾਨਵੀ ਕਦਰਾਂ-ਕੀਮਤਾਂ ਵਿਚ ਬੜੀ ਤਬਦੀਲੀ ਆਈ ਹੈ। ਮਨੁੱਖ ਦੀ ਵਿਗਿਆਨਕ ਸੋਚ ਨੇ ਮਾਨਵਵਾਦ ਤੇ ਅੰਤਰ ਰਾਸ਼ਟਰਵਾਦ ਨੂੰ ਜਨਮ ਦਿੱਤਾ ਹੈ ਜੋ ਮਾਨਵ ਅੱਜ ਦੇ ਅਜਿਹੇ ਯੁੱਗ ਵਿਚ ਜਾਤ-ਪਾਤ ਦੀ ਗੱਲ ਕਰਦਾ ਹੈ। ਉਹ ਮਾਨਵ ਨਹੀਂ ਹੈ। ਇਕ ਹੈਵਾਨ ਹੈ। ਇਹੀ ਸੋਚ ਆਉਣ ਵਾਲੇ ਸਮੇਂ ਵਿਚ ਤਬਦੀਲੀ ਦੀ ਸੂਚਕ ਹੈ। ਵੈਸੇ ਵੀ ਸੋਚਿਆ ਜਾਵੇ ਤਾਂ ਜਾਤੀ ਵਾਚਕ ਸ਼ਬਦਾਂ ਦੀ ਕੀ ਵੁੱਕਤ ਹੈ। ਸਿਰਫ ਸ਼ਬਦ ਹੀ ਹਨ ਇਹਨਾਂ ਦੀ ਅਜੋਕੇ ਵਿਗਿਆਨਕ ਯੁੱਗ ਵਿਚ ਕੋਈ ਸਾਰਥਿਕਤਾ ਨਹੀਂ ਹੈ। ਅੱਜ ਦਾ ਮਨੁੱਖੀ ਸਮਾਜ ਇੰਨੀ ਤਰੱਕੀ ਕਰ ਗਿਆ ਹੈ ਕਿ ਵਿਗਿਆਨ ਦੀਆਂ ਕਾਢਾਂ ਨੇ ਨਵੇਂ-ਨਵੇਂ ਕਿੱਤਿਆਂ ਨੂੰ ਜਨਮ ਦਿੱਤਾ ਹੈ ਤੇ ਮਨੁੱਖ ਆਪਣੇ ਜੱਦੀ-ਪੁਸ਼ਤੀ ਕਿੱਤਿਆਂ ਨੂੰ ਛੱਡੀ ਜਾ ਰਿਹਾ ਹੈ ਤੇ ਉੱਚ ਵਰਗ ਦੇ ਕਹੇ ਜਾਣ ਵਾਲੇ ਲੋਕ ਇਹਨਾਂ ਛੱਡੇ ਗਏ ਕਿੱਤਿਆਂ ਨੂੰ ਅਪਣਾਈ ਜਾ ਰਿਹਾ ਹੈ ਜਿਹਨਾਂ ਨੂੰ ਉਹ ਘਟੀਆ ਕਿੱਤੇ ਸਮਝਦਾ ਸੀ। ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕੀ ਨਿਮਨ ਵਰਗ ਕਹੇ ਜਾਣ ਵਾਲੇ ਲੋਕਾਂ ਦੇ ਕਿੱਤੇ, ਜੋ ਅੱਜ ਆਪਣੇ ਆਪ ਨੂੰ ਉੱਚ ਵਰਗ ਸਮਝਣ ਵਾਲੇ ਲੋਕ ਅਪਣਾ ਰਹੇ ਹਨ। ਇਹਨਾਂ ਕਿੱਤਿਆਂ ਨੂੰ ਆਪਣੀ ਜਾਤ ਕਹਿਲਾਉਣ ਲਈ ਤਿਆਰ ਹਨ? ਇਸ ਦਾ ਉਤਰ ਸ਼ਾਇਦ ਨਹੀਂ ਹੋਵੇਗਾ ਤੇ ਫਿਰ ਕਿਸੇ ਦੇ ਕਿੱਤੇ ਨੂੰ ਜਾਤ ਕਿਉਂ ਸਮਝਿਆ ਜਾਵੇ ਸਗੋਂ ਮਨੁੱਖ ਦੀ ਜਾਤ ਮਨੁੱਖਤਾ ਹੀ ਹੈ। ਜਦੋਂ ਮਾਨਵ ਜੰਗਲਾਂ ਵਿਚ ਰਹਿੰਦਾ ਸੀ ਤੇ ਉਹ ਇਕ ਸੱਭਿਅਤ ਮਾਨਵ ਅਜੇ ਨਹੀਂ ਬਣਿਆ ਸੀ ਤੇ ਉਸ ਦੀ ਨਾ ਕੋਈ ਬੋਲੀ ਤੇ ਭਾਸ਼ਾ ਸੀ, ਉਹ ਸਿਰਫ ਇਸ਼ਾਰਿਆਂ ਦੀ ਸੰਕੇਤਕ ਭਾਸ਼ਾ ਵਰਤ ਕੇ ਆਪਣੀ ਗੱਲ ਦੂਸਰੇ ਮਾਨਵ ਨੂੰ ਸਮਝਾਉਂਦਾ ਸੀ। ਉਸ ਸਮੇਂ ਉਸ ਦੀ ਕਿੱਤਾ ਜਾਤ ਨਹੀਂ ਸੀ ਸਗੋਂ ਉਹ ਇਕ ਸਿਰਫ ਮਨੁੱਖ ਹੀ ਸੀ। ਜਿਉਂ-ਜਿਉਂ ਮਨੁੱਖ ਸਭਿਅਤਾ ਵੱਲ ਵਧਿਆ ਉਹ ਹੌਲੀ-ਹੌਲੀ ਚੁਸਤ ਤੇ ਚਲਾਕ ਹੁੰਦਾ ਗਿਆ ਤੇ ਦੂਸਰਿਆਂ ਨੂੰ ਗੁਲਾਮ ਰੱਖਣ ਦੀ ਪ੍ਰਵਿਰਤੀ ਰੱਖਣ ਲੱਗ ਪਿਆ। ਇਸੇ ਭਾਵਨਾ ਵਿਚੋਂ ਹੀ ਜਾਤ ਦੀ ਉਤਪੱਤੀ ਹੁੰਦੀ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਰੱਜ ਕੇ ਜਾਤ-ਪਾਤ ਦਾ ਵਿਰੋਧ ਕੀਤਾ ਤੇ ਆਪਣੇ 'ਆਦਿ ਧਰਮ' ਨੂੰ ਪ੍ਰਚਾਰਿਆ। ਉਹਨਾਂ ਨੇ ਕਿਹਾ, ਕਿ ਅਸੀਂ ਅਸਲੀ ਭਾਰਤੀ ਹਾਂ, ਅਸੀਂ ਆਰੀਆ ਜਾਂ ਹਿੰਦੂ ਦੀ ਔਲਾਦ ਨਹੀਂ ਹਾਂ। ਇਹ ਆਰੀਆ ਲੋਕ ਵਿਦੇਸ਼ੀ ਹਨ ਜਿਹਨਾਂ ਨੇ ਇੱਥੇ ਦੇ ਆਦਿਵਾਸੀ ਲੋਕਾਂ ਨੂੰ ਗੁਲਾਮ ਬਣਾ ਕੇ ਜਾਤ-ਪਾਤ ਦੀ ਸਿਰਜਣਾ ਕੀਤੀ ਹੈ, ਅਸੀਂ ਇਸ ਦਾ ਰੱਜ ਕੇ ਵਿਰੋਧ ਕਰਦੇ ਹਾਂ।''

'ਆਰੀਆ ਸਮਾਜ' ਦੇ ਕੁਲੀਨ ਵਰਗ ਨੇ ਅਛੂਤ ਆਧਾਰਿਤ ਸਮਾਜ ਨੂੰ ਤਿਲਾਂਜਲੀ ਦੇ ਕੇ, ਆਪਣੇ ਲੋਕਾਂ ਦੁਆਰਾ ਆਪਣੀ ਸੁਤੰਤਰ ਹੋਂਦ ਨੂੰ, ਭਾਵ ਮਾਨਵੀ ਸੋਚ ਨੂੰ ਉਭਾਰਿਆ ਤੇ ਛੂਤ-ਛਾਤ ਤੇ ਜਾਤ-ਪਾਤ ਦੂਰ ਕਰਕੇ ਮਾਨਵਵਾਦ ਲਈ ਸੰਘਰਸ਼ ਕੀਤਾ ਪਰ ਜਾਤ-ਪਾਤ ਦੀ ਹੋਂਦ ਤੇ ਸਮਾਜਿਕ ਨਾ-ਬਰਾਬਰੀ ਉਸੇ ਤਰ੍ਹਾਂ ਹੀ ਕਾਇਮ ਹੈ। ਸ਼ਾਇਦ ਸਮਾਜਿਕ ਨਾ-ਬਰਾਬਰੀ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਇਕ ਭਰਮ-ਭੁਲੇਖਾ ਹੀ ਲੱਗ ਰਿਹਾ ਹੈ। ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਜੀ ਦੀ ਸਰਕਾਰ ਨੇ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਸਮਾਜ ਲਈ ਕੀਤੇ ਸੰਘਰਸ਼ ਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਬਦਲੇ ਉਹਨਾਂ ਨੂੰ 15 ਅਗਸਤ 1972 ਵਿਚ 'ਤਾਮਿਰ-ਪੱਤਰ' ਦੇ ਕੇ ਸਨਮਾਨਿਤ ਵੀ ਕੀਤਾ। ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ 22 ਅਪ੍ਰੈਲ, 1980 ਨੂੰ ਸਵਰਗ ਸਿਧਾਰ ਗਏ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀ ਤਿਆਗ ਭਾਵਨਾ ਨਾਲ ਜੀਵਨ ਜਿਉਂ ਕੇ, ਬਾਹਰੀ ਲੋਕਾਂ ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਇਕ ਵਾਰੀ ਆਇਰਲੈਂਡ ਦਾ ਇਕ ਕ੍ਰਾਂਤੀਕਾਰੀ ਯੁਗਾਂਤਰ/ ਗਦਰ ਆਸ਼ਰਮ ਦੇ ਦਫ਼ਤਰ ਆਇਆ। ਜਿਸ ਨੇ ਕ੍ਰਾਂਤੀਕਾਰੀਆਂ ਦੇ ਕੰਮ-ਕਾਜ ਦੀ ਜਾਣਕਾਰੀ ਤੇ ਉਹਨਾਂ ਦਾ ਛਾਪਾਖਾਨਾ ਦੇਖਿਆ, ਜਦ ਉਸ ਨੂੰ ਇਹ ਪਤਾ ਲੱਗਾ ਕਿ ਇੱਥੇ ਸਾਂਝੇ ਲੰਗਰ ਦਾ ਖਰਚਾ ਕੇਵਲ ਦੋ ਡਾਲਰ ਰੋਜ਼ ਦਾ ਹੈ ਤੇ ਉਹ ਬਹੁਤ ਭਾਵੁਕ ਹੋ ਗਿਆ। ਉਸ ਨੂੰ ਇਹ ਪਤਾ ਲੱਗਿਆ ਰੋਜ਼ ਸਬਜ਼ੀਆਂ ਸਰਦਾਰ ਜਵਾਲਾ ਸਿੰਘ ਜੀ ਦੇ ਫਾਰਮ ਤੋਂ ਆਉਂਦੀਆਂ ਹਨ। ਕਰਤਾਰ ਸਿੰਘ ਸਰਾਭਾ ਦੇ ਸਾਥੀ ਰੁਲੀਆ ਸਿੰਘ (ਜੋ ਉਹਨਾਂ ਦੇ ਪਿੰਡ ਦਾ ਹੀ ਸੀ), ਬਾਬਾ ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੂੰਡੀਲਾਟ ਤੇ ਲਾਲਾ ਹਰਦਿਆਲ ਜੀ ਵਰਗੇ ਮੰਗੂ ਰਾਮ ਜੀ ਦੇ ਸਾਥੀ ਸਨ। ਗਦਰੀ ਬਾਬਿਆਂ ਦੀ ਅਖ਼ਬਾਰ ਦਾ ਨਾਂ 'ਗਦਰ ਦੀ ਗੂੰਜ' ਸੀ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ 'ਗਦਰ ਲਹਿਰ ਦਾ' ਸ਼ਾਨਾਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਇਤਿਹਾਸ ਹੈ। ਉਸ ਦੀਆਂ ਸਿਰਧੜ ਦੀ ਬਾਜ਼ੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ ਨਿਰਪੇਖ ਤੇ ਸਮਾਜਿਕ ਸਮਰੱਥਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਇਕ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਿਤ ਕਰਦੀ ਵਿਚਾਰਧਾਰਾ ਨੇ, ਅਜੇ ਵੀ ਭਾਰਤ ਦੇ ਮੁੱਖ ਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ।

ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰ-ਗਰਾਮ ਨੂੰ ਨਵੇਂ ਸਿਰਿਉਂ ਲਿਖਣ ਦੀ ਜ਼ਰੂਰਤ ਹੈ। ਇਸ ਦੇ ਨਾਲ ਇਹ ਸਵਾਲ ਵੀ ਉਭਰਦਾ ਹੈ ਕਿ ਘੱਟ-ਗਿਣਤੀ ਦੇ ਦੇਸ਼ ਭਗਤ ਮੁਸਲਮਾਨਾਂ ਤੇ ਦਲਿਤਾਂ ਦੀ ਗਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਨ ਭੂਮਿਕਾ ਨੂੰ ਉਚਿਤ ਸਥਾਨ ਦਿੱਤਾ ਜਾਵੇ, ਜਿਹਨਾਂ ਦੇ ਨਾਵਾਂ, ਥਾਵਾਂ ਤੇ ਕਾਰਨਾਮਿਆਂ ਨਾਲ ਸਰਕਾਰੀ ਤੇ ਗੈਰ ਸਰਕਾਰੀ ਦਸਤਾਵੇਜ਼ ਭਰੇ ਪਏ ਹਨ, ਹਿੰਦੂ ਮੰਚ ਬਲੀਦਾਨ ਅੰਕ (ਹਿੰਦੀ) ਸੰਪਾਦਕ ਕਮਲਾ ਦੱਤ ਪਾਂਡੇ ਤੇ ਪ੍ਰਸਤਾਵਨਾ ਰਾਮ ਵਿਲਾਸ ਸ਼ਰਮਾ ਆਦਿ ਨੂੰ ਛੱਡ ਕੇ ਜਿਹਨਾਂ ਨੇ 1857 ਦੇ ਗਦਰ 1913-15 ਦੇ ਦਸਤਾਵੇਜ਼ਾਂ ਵਿਚ ਦਲਿਤਾਂ ਨੂੰ ਉਕਾ ਸਥਾਨ ਨਹੀਂ ਦਿੱਤਾ। ਗਦਰ ਲਹਿਰ ਨੂੰ ਸਿਰਫ ਪੰਜਾਬ ਤੱਕ ਸੀਮਤ ਨਾ ਰੱਖਿਆ ਜਾਵੇ। ਇਹ ਲਹਿਰ ਸਮੁੱਚੇ ਦੇਸ਼ ਵਾਸੀਆਂ ਦੀ ਹੈ। ਇਸ ਗਦਰ ਲਹਿਰ ਵਿਚ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਲੋਕ ਸ਼ਾਮਲ ਸਨ। ਅੱਜ ਕਈ ਇਤਿਹਾਸਕਾਰ ਤੇ ਬੁੱਧੀਜੀਵੀ ਇਸ ਗਦਰ ਲਹਿਰ ਨੂੰ 'ਨਿਰੋਲ ਸਿੱਖ ਲਹਿਰ' ਦੱਸ ਕੇ ਪੰਜਾਬ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਨ ਜੋ ਗਲਤ ਧਾਰਨਾ ਹੈ ਤੇ ਇਸ ਗਦਰ ਲਹਿਰ ਦੇ ਦੇਸ਼ ਭਗਤਾਂ ਨਾਲ ਬੇਈਮਾਨੀ ਤੇ ਧ੍ਰੋਅ ਕਰਨ ਬਰਾਬਰ ਹੈ। ਇਸ ਵਿਚ ਸਗੋਂ ਵੱਖ-ਵੱਖ ਪ੍ਰਾਂਤਾਂ ਤੇ ਦੇਸ਼ ਭਗਤਾਂ, ਕ੍ਰਾਂਤੀਕਾਰੀਆਂ ਤੇ ਗਦਰੀ ਬਾਬਿਆਂ ਨੂੰ ਉਭਾਰਿਆ ਜਾਵੇ। ਜਰਮਨ, ਅਮਰੀਕਾ ਤੇ ਆਇਰਲੈਂਡ ਦੇ ਉਹਨਾਂ ਦੇਸ਼ ਭਗਤਾਂ ਨੂੰ ਯਾਦ ਕੀਤਾ ਜਾਵੇ, ਜਿਹਨਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ, ਸਾਲਾਂ ਬੱਧੀ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਦੇ ਜੁਰਮਾਨੇ ਭਰੇ। ਇਤਿਹਾਸਕਾਰ ਆਪਣੀ ਤੰਗਦਿਲੀ ਤੇ ਸੌੜੀ ਸੋਚ ਨੂੰ ਤੇ ਰਾਜਨੀਤਿਕ ਪ੍ਰਭਾਵ ਦੀ ਪਰਵਾਹ ਨਾ ਕਰਦੇ ਹੋਏ ਅਣਗੌਲੇ ਦਲਿਤ ਗਦਰੀ ਬਾਬਿਆਂ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉਕਰ ਕੇ ਅਮਰ ਬਣਾ ਦੇਣ। ਕਾਸ਼! ਇਸ ਤਰ੍ਹਾਂ ਦੀ ਸਮਾਜਿਕ 'ਗਦਰੀ ਲਹਿਰ' ਅੱਜ ਦੇ ਜ਼ਮਾਨੇ ਵਿਚ ਹੁੰਦੀ ਤੇ ਅੱਜ ਇਸ ਤਰ੍ਹਾਂ ਦੀ ਵੱਖੋ-ਵੱਖਰੀ ਡਫ਼ਲੀ ਨਾ ਵਜਾਉਣੀ ਪੈਂਦੀ।

ਇਸ ਤੱਥ, ਸੋਚ ਤੇ ਸਮਾਜਿਕ ਵਿਸ਼ਲੇਸ਼ਣ ਨੂੰ ਧਿਆਨ ਗੋਚਰੇ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ ਤੇ ਗੁਲਾਮੀ ਨੂੰ ਸੱਦਾ ਦੇਣ ਤੇ ਉਸ ਨੂੰ ਬਰਕਰਾਰ ਰੱਖਣ ਵਿਚ ਸਾਡਾ ਆਪਣਾ ਹੀ ਵਰਣ-ਧਰਮ, ਆਰਥਿਕ ਕਾਣੀ ਵੰਡ, ਜਾਤ-ਪਾਤ ਤੇ ਛੂਤ-ਛਾਤ ਵਿਚ ਵੰਡਿਆ ਸਮਾਜ ਵੀ ਪ੍ਰਮੁੱਖ ਕਾਰਨ ਹੈ। ਇਸ ਵੱਲ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਇਕ ਲੰਮੇ ਲੇਖ 'ਅਛੂਤ ਦਾ ਸਵਾਲ' ਵਿਚ ਸਮਾਜਿਕ ਬਣਤਰ ਉੱਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਕ੍ਰਾਂਤੀ ਤੋਂ ਸਾਡਾ ਭਾਵ ਹੈ ਕਿ ਬੇਇਨਸਾਫ਼ੀ ਤੇ ਆਧਾਰਿਤ ਵਰਤਮਾਨ ਵਿਵਸਥਾ ਵਿਚ ਵੱਡੀ ਤਬਦੀਲੀ ਆਉਣੀ ਚਾਹੀਦੀ ਹੈ।

ਉਪਰੋਕਤ ਸਭ ਕੁਝ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ।

ਜਦੋਂ ਬਾਬੂ ਮੰਗੂ ਰਾਮ ਜੀ ਮੈਵਰਿਕ ਜਹਾਜ਼ ਵਿਚ ਸਫਰ ਕਰ ਰਹੇ ਸਨ ਤਾਂ ਜਦੋਂ ਉਹਨਾਂ ਦਾ ਜਹਾਜ਼ ਵੇਰਾਕਰੂਜ਼ ਬੰਦਰਗਾਹ ਤੇ ਪਹੁੰਚਿਆ ਤਾਂ ਦੋ ਅਮਰੀਕੀ ਜਹਾਜ਼ ਕੇਂਡ ਤੇ ਰੇਨਬੋ ਨੇ ਘੇਰਾ ਪਾ ਕੇ ਮੈਵਰਿਕ ਜਹਾਜ਼ ਦੀ ਤਲਾਸ਼ੀ ਲਈ ਤੇ ਆਮ ਰੋਜ਼ ਦੀ ਤਰ੍ਹਾਂ ਰਸਮੀ ਤਲਾਸ਼ੀ ਲੈਣ ਤੋਂ ਬਾਅਦ ਜਹਾਜ਼ ਨੂੰ ਜਾਣ ਦਿੱਤਾ ਗਿਆ। ਇਸ ਜਹਾਜ਼ ਵਿਚ ਬ੍ਰਿਟਿਸ਼ ਸਰਕਾਰ ਦੇ ਖੁਫ਼ੀਆ ਵਿਭਾਗ ਦਾ ਇਕ ਵਿਅਕਤੀ ਚੁੱਪ-ਚਾਪ ਇਸ ਜਹਾਜ਼ ਵਿਚ ਸਫਰ ਕਰ ਰਹੇ ਸਭ ਮੁਸਾਫ਼ਰਾਂ ਤੇ ਆਪਣੀ ਨਜ਼ਰ ਰੱਖ ਰਿਹਾ ਸੀ।

(ਹਵਾਲਾ: 'ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ', ਦੂਜਾ ਭਾਗ, ਵਿਸ਼ਵਾਮਿੱਤਰ ਉਪਾਧਿਆਇ ਪੰਨਾ 127, 128)

ਮੈਵਰਿਕ ਦੇ ਸਫਰ ਦੌਰਾਨ ਹੀ ਉਹ ਵੇਰਾਕਰੂਜ਼ ਬੰਦਰਗਾਹ ਤੇ ਆਪਣਾ ਖਾਣ-ਪੀਣ ਦਾ ਰਾਸ਼ਨ ਲੈਣ ਲਈ ਪਹੁੰਚੇ। ਸ਼ੱਕ ਦੀ ਬੁਨਿਆਦ ਤੇ ਅਮਰੀਕੀ ਸਰਕਾਰ ਨੇ ਉਹਨਾਂ ਨੂੰ 10 ਦਿਨ ਤੱਕ ਜੇਲ੍ਹ ਵਿਚ ਨਜ਼ਰਬੰਦ ਰੱਖਿਆ। ਇਹ ਜਹਾਜ਼ ਕਈ ਟਾਪੂਆਂ ਵਿਚ ਦੀ ਲੰਘਦਾ ਹੋਇਆ ਬਤਾਵੀਆ ਦੀ ਬੰਦਰਗਾਹ ਤੇ ਪਹੁੰਚਿਆ ਤੇ ਪੁੱਜਦੇ ਸਾਰ ਹੀ ਕਈ ਜਪਾਨੀ ਜਹਾਜ਼ ਆਏ ਤੇ ਉਹਨਾਂ ਨੇ ਜਹਾਜ਼ ਸਮੇਤ ਬਾਬੂ ਮੰਗੂਰਾਮ ਜੀ ਨੂੰ ਗ੍ਰਿਫਤਾਰ ਕਰ ਲਿਆ। ਕੈਲੇਫੋਰਨੀਆ ਵਿਚ ਉਹਨਾਂ ਤੇ ਮੁਕੱਦਮਾ ਚਲਾਇਆ ਗਿਆ ਤੇ ਫੈਸਲਾ ਇਹ ਸੁਣਾਇਆ ਗਿਆ

**(ਬਾਕੀ ਅਗਲੇ ਸਫੇ ਤੇ)**

# 'ਗਦਰ-ਲਹਿਰ ਦੇ ਅਣਗੌਲੇ, ਮਹਾਨ ਯੋਧੇ'

**ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਹੈ ਕਿ ਬਾਬੂ ਮੰਗੂ ਰਾਮ ਜੀ ਦੀ ਸੀ. ਆਈ. ਡੀ. ਫਾਈਲ ਨੰਬਰ 1273 ਆਫ 1915 ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ ਜਦਕਿ ਉਹ 24 ਅਪ੍ਰੈਲ, 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ। ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਜਿਹਨਾਂ ਦੇ ਫਰਜ਼ੀ ਨਾਂ ਭਾਰਤ ਆਉਣ ਲਈ ਹੋਰ ਰੱਖੇ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪ੍ਰੈਲ 1915 ਨੂੰ ਸਾਨਫਰਾਂਸਿਸਕੋ ਤੋਂ ਲਾਸ ਏਂਜਲਸ ਕੈਲੇਫੋਰਨੀਆ ਲਈ ਰਵਾਨਾ ਹੋਏ ਵੀ ਸਨ। ਇਸੇ ਤਰ੍ਹਾਂ ਹੀ ਵਰੰਟ/ਸੰਮਨ (ਨੰਬਰ 1) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ. ਆਈ. ਡੀ. ਮਹਿਕਮੇ ਦੀ ਨਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫ਼ੀਆ ਤੰਤਰ ਦੀ ਹੁਸ਼ਿਆਰੀ ਨੂੰ ਦਰਸਾਉਂਦੀ ਹੈ। ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ. ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲੱਗਭੱਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲੱਗਭੱਗ 3773 ਬਕਸੇ ਜਿਹਨਾਂ ਵਿਚ ਲੱਗਭੱਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲੱਗਭੱਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਹਨਾਂ ਦੀ ਗਿਣਤੀ ਪਤਾ ਨਹੀਂ ਹੈ।'' ਇਸ ਤੋਂ ਇਲਾਵਾ, 'ਗਦਰ ਲਹਿਰ' ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਸ੍ਰੀ ਮੰਗੂ ਰਾਮ ਜੀ ਮੁਤਾਬਕ ਜਹਾਜ਼ ਵਿਚ 'ਗਦਰ' ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਇਸ ਕੇਸ ਵਿਚੋਂ ਮਿਲਦੀ ਹੈ।**

ਕਿ ਜਹਾਜ਼ ਵਿਚ ਜਿਹੜੇ ਪੰਜ ਭਾਰਤੀ ਸਨ, ਉਹਨਾਂ ਨੂੰ ਦੂਜੇ ਦਿਨ 10 ਵਜੇ ਫਾਂਸੀ ਲਾ ਦਿੱਤੀ ਜਾਵੇਗੀ। ਜਰਮਨ ਦੇ ਕੁਝ ਦੂਤਾਂ ਨੂੰ ਜਦ ਇਸ ਫਾਂਸੀ ਦੇਣ ਦਾ ਪਤਾ ਲੱਗਾ ਤਾਂ ਉਹਨਾਂ ਨੇ ਇਹਨਾਂ ਭਾਰਤੀਆਂ ਨੂੰ ਬਚਾਉਣ ਦਾ ਪ੍ਰਬੰਧ ਕੀਤਾ, ਉਹਨਾਂ ਨੂੰ ਰਾਤ ਨੂੰ ਕੋਈ 12 ਵਜੇ ਦੇ ਕਰੀਬ ਜਹਾਜ਼ ਵਿਚੋਂ ਕੱਢ ਕੇ ਅਲੱਗ-ਅਲੱਗ ਜਗ੍ਹਾ ਤੇ ਭੇਜ ਦਿੱਤਾ ਤੇ ਬਾਬੂ ਮੰਗੂ ਰਾਮ ਜੀ ਨੂੰ ਮਨੀਲਾ ਭੇਜ ਦਿੱਤਾ।

ਜਹਾਜ਼ੀ ਸਫਰ ਸਮੇਂ ਉਹਨਾਂ ਨੂੰ ਕਈ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਜਿਸ ਜਹਾਜ਼ ਵਿਚ ਉਹ ਮਨੀਲਾ ਜਾ ਰਹੇ ਸਨ, ਸਮੁੰਦਰੀ ਤੂਫਾਨ ਤੇ ਖਰਾਬ ਮੌਸਮ ਕਾਰਨ ਉਹ ਮਨੀਲਾ ਦੀ ਥਾਂ ਸਿੰਗਾਪੁਰ ਪਹੁੰਚ ਗਏ। ਜਹਾਜ਼ ਵਿਚੋਂ ਅਜੇ ਉਤਰੇ ਨਹੀਂ ਸਨ ਤਾਂ ਉਹਨਾਂ ਦੀ ਨਜ਼ਰ ਬੰਦਰਗਾਹ ਤੇ ਖੜ੍ਹੇ ਦੋ ਭਾਰਤੀਆਂ 'ਤੇ ਪਈ, ਉਹਨਾਂ ਵਿਚੋਂ ਇਕ ਦਾ ਨਾਮ ਬੇਲਾ ਸਿੰਘ ਪਿੰਡ ਜਿਆਣ, ਜ਼ਿਲ੍ਹਾ ਹੁਸ਼ਿਆਰਪੁਰ ਤੇ ਦੂਸਰੇ ਦਾ ਨਾਮ ਭਾਗ ਸਿੰਘ ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ ਸੀ। ਉਹਨਾਂ ਦੇ ਸੂਹ ਦੇਣ ਕਾਰਨ ਕਿਉਂਕਿ ਉਹ ਦੇਸ਼ ਦੇ ਗਦਾਰ ਸਨ, ਬਾਬੂ ਮੰਗੂ ਰਾਮ ਜੀ ਨੂੰ ਪੁਲਿਸ ਨੇ ਪਕੜ ਲਿਆ ਤੇ ਇਕ ਕਿਲੇ ਵਿਚ ਲੈ ਗਏ ਤੇ ਤੋਪ ਦੇ ਅੱਗੇ ਖੜ੍ਹੇ ਕਰ ਦਿੱਤਾ ਤੇ ਕਿਹਾ ਕਿ ਤੈਨੂੰ ਅੱਧੇ ਘੰਟੇ ਬਾਅਦ ਤੋਪ ਨਾਲ ਉਡਾਅ ਦੇਣਾ ਹੈ, ਤੂੰ ਜਿਸ ਨੂੰ ਮਿਲਣਾ ਚਾਹੁੰਦਾ ਹੈ, ਸਾਨੂੰ ਦੱਸ ਅਸੀਂ ਤੈਨੂੰ ਮਿਲਾਅ ਦਿਆਂਗੇ। ਉਹਨਾਂ ਨੇ ਕਿਹਾ ਕਿ ਮੈਂ ਕਿਸੇ ਨੂੰ ਨਹੀਂ ਮਿਲਣਾ ਤੇ ਨਾ ਹੀ ਇੱਥੇ ਕੋਈ ਮੇਰਾ ਵਾਕਿਫ਼ ਹੈ। ਉਹ ਤੋਪ ਦੇ ਸਾਹਮਣੇ ਅਜੇ ਖੜ੍ਹੇ ਹੀ ਸਨ ਕਿ ਇਕ ਬੰਦਾ ਆਇਆ, ਉਸ ਨੇ ਜਿਸ ਰੱਸੇ ਨਾਲ ਉਹਨਾਂ ਨੂੰ ਬੰਨ੍ਹਿਆ ਹੋਇਆ ਸੀ ਨਾਲੋਂ ਖੋਲ੍ਹ ਕੇ ਫਿਰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾਅ ਦਿੱਤਾ ਤੇ ਇਸ ਤਰ੍ਹਾਂ ਉਹ ਤੀਸਰੇ ਦਿਨ ਮਨੀਲਾ ਪੁੱਜੇ। ਜਹਾਜ਼ ਤੋਂ ਉਤਰਦੇ ਹੀ ਉਹਨਾਂ ਨੂੰ ਦੋ-ਤਿੰਨ ਭਾਰਤੀ ਤੇ ਕੁਝ ਜਰਮਨੀ ਦੇ ਬੰਦੇ ਮਿਲੇ। ਉਹ ਬਾਬੂ ਮੰਗੂ ਰਾਮ ਨੂੰ ਇਕ ਹੋਟਲ ਵਿਚ ਲੈ ਗਏ। ਉਹਨਾਂ ਨੇ ਚਾਹ ਵਗੈਰਾ ਪੀਤੀ। ਉਥੇ ਪਏ ਇਕ ਅਖ਼ਬਾਰ ਜਿਸ ਦਾ ਨਾਂ 'ਮਨੀਲਾ ਟਾਈਮਜ਼' ਸੀ ਤੇ ਮੋਟੀ ਖ਼ਬਰ ਪੜ੍ਹੀ ਕਿ ਮੰਗੂ ਰਾਮ ਨੂੰ ਤੋਪ ਨਾਲ ਉਡਾਅ ਦਿੱਤਾ ਗਿਆ ਹੈ। ਇਹ ਖ਼ਬਰ ਸਭ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ, ਪਾਰਟੀ ਦੇ ਦਫ਼ਤਰ ਤੇ ਉਹਨਾਂ ਦੇ ਪਿੰਡ ਮੁੱਗੋਵਾਲ ਉਹਨਾਂ ਦੇ ਘਰ ਵੀ ਪਹੁੰਚ ਗਈ। ਇਸ ਖ਼ਬਰ ਦੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਸ੍ਰੀ ਮੰਗੂ ਰਾਮ ਜੀ ਦੀ ਪਤਨੀ ਨੂੰ ਉਹਨਾਂ ਦੇ ਸਕੇ ਭਰਾ ਦੇ ਨਾਲ ਵਿਆਹ ਦਿੱਤਾ ਗਿਆ।

ਗਦਰ ਪਾਰਟੀ ਦੇ ਇਸ ਮਹਾਨ ਕ੍ਰਾਂਤੀਕਾਰੀ ਨੇ ਅਨੇਕਾਂ ਔਕੜਾਂ ਦਾ ਸਾਹਮਣਾ ਕੀਤਾ ਤੇ ਦੇਸ਼ ਦੀ ਆਨ ਤੇ ਸ਼ਾਨ ਨੂੰ ਉੱਚਾ ਰੱਖਣ ਲਈ ਕਿ ਮੇਰਾ ਦੇਸ਼ ਆਜ਼ਾਦ ਹੋਵੇ, ਇਸੇ ਉਦੇਸ਼ ਨਾਲ ਉਹ ਆਪਣੀ ਮੰਜ਼ਿਲ ਵੱਲ ਅੱਗੇ ਵਧਦੇ ਗਏ ਤੇ ਹੌਂਸਲਾ ਨਹੀਂ ਹਾਰਿਆ।

ਗਦਰ ਪਾਰਟੀ ਨੂੰ ਜਦ ਉਹਨਾਂ ਦੀਆਂ ਮੁਸੀਬਤਾਂ ਦਾ ਪਤਾ ਲੱਗਾ ਤਾਂ ਉਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਇਕ ਫਲਪੀਨੀ ਪਰਿਵਾਰ ਨਾਲ ਕਰ ਦਿੱਤਾ। ਇਸ ਪਰਿਵਾਰ ਕੋਲ ਉਹ ਕੋਈ ਇਕ ਮਹੀਨੇ ਦੇ ਕਰੀਬ ਰਹੇ ਤੇ ਇਸ ਠਿਕਾਣੇ ਦਾ ਬ੍ਰਿਟਿਸ਼ ਸਰਕਾਰ ਨੂੰ ਪਤਾ ਲੱਗ ਗਿਆ। ਇਸ ਤੋਂ ਬਾਅਦ ਉਹ ਪੰਡਤ ਮਾਧੋ ਰਾਮ ਬੱਦੋਵਾਲ, ਜ਼ਿਲ੍ਹਾ ਲੁਧਿਆਣਾ ਤੇ ਸਰਦਾਰ ਜਵਾਲਾ ਸਿੰਘ ਖੁਰਦ ਪੁਰ, ਜ਼ਿਲ੍ਹਾ ਜਲੰਧਰ ਕੋਲ ਰਹੇ। ਇੱਥੇ ਉਹ ਤਕਰੀਬਨ ਇਕ ਸਾਲ ਤੱਕ ਰਹੇ ਤੇ ਫਿਰ ਉਹ ਮਨੀਲਾ ਮੁੜ ਗਏ ਤੇ ਜੰਗਲ ਵਿਚ ਕੋਈ ਦੋ ਸਾਲ ਦੇ ਕਰੀਬ ਆਦਿ-ਵਾਸੀਆਂ ਕੋਲ ਰਹੇ। ਇੱਥੇ ਆਦਿਵਾਸੀਆਂ ਵਿਚ ਰਹਿੰਦਿਆਂ ਉਹਨਾਂ ਨੇ ਕਈ ਔਕੜਾਂ ਦਾ ਸਾਹਮਣਾ ਕੀਤਾ।

ਉਸੇ ਸਮੇਂ ਦੌਰਾਨ ਮੈਵਰਿਕ ਤੇ ਐਨੀ ਲਾਰਸਨ ਸਮੁੰਦਰੀ ਜਹਾਜ਼ ਵਿਚ ਹਥਿਆਰ ਲਿਜਾਣ ਤੇ ਅਮਰੀਕਾ ਦੀ ਕੈਲੇਫੋਰਨੀਆ ਵਿਚ, 'ਨਾਰਦਰਨ ਡਿਸਟ੍ਰਿਕਟ ਕੋਰਟ ਵਿਚ ਗਦਰ ਲਹਿਰ ਦਾ ਇਕ ਜਗਤ ਪ੍ਰਸਿੱਧ ਕੇਸ 20 ਨਵੰਬਰ, 1917 ਨੂੰ ਚੱਲ ਪਿਆ। ਇਸ ਮੁਕੱਦਮੇ ਦੀ ਸੁਣਵਾਈ ਕੋਈ 80 ਦਿਨਾਂ ਦੇ ਕਰੀਬ ਅਪ੍ਰੈਲ, 1918 ਤੱਕ ਚੱਲੀ।

(ਹਵਾਲਾ ਕੇਸ ਨੰਬਰ 6133 ਬਾਕਸ ਨੰਬਰ 575, ਫਾਈਲ ਨੰਬਰ-1, ਫਾਈਲ, ਨੈਸ਼ਨਲ ਆਰਕਾਈਵ ਐਂਡ ਰਿਕਾਰਡ ਐਡਮਨਿਸਟ੍ਰੇਸ਼ਨ (ਨਾਰ੍ਹਾ) ਸਾਨ ਬਰੂਨੋ, ਕੈਲੇਫੋਰਨੀਆ ਯੂ. ਐਸ. ਏ.)।

ਇਸ ਮੁਕੱਦਮੇ ਦਾ ਪੂਰਾ ਨਾਮ ਹੈ: 'ਹਿੰਦੂ ਜਰਮਨ ਸਾਜਿਸ਼ ਕੇਸ- 1915 ਤੇ। ਇਸ ਕੇਸ ਦੀ ਫਾਈਲ ਦੇ ਆਰੰਭ ਵਿਚ ਜਰਮਨਾਂ, ਆਇਰਿਸ਼ ਸੁਤੰਤਰਤਾ ਸੰਗਰਾਮੀਆਂ ਤੋਂ ਬਾਅਦ ਭਾਰਤੀ ਕ੍ਰਾਂਤੀਕਾਰੀਆਂ ਦੇ ਨਾਮ ਹਨ ਤੇ ਇਸ ਕੇਸ ਫਾਈਲ ਤੇ ਮੰਗੂ ਰਾਮ ਜੀ ਦਾ ਨਾਮ ਵੀ ਦਰਜ ਹੈ। ਇਸ ਅਦਾਲਤੀ ਕਾਰਵਾਈ 'ਤੇ ਮਾਰਚ, 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦੀ ਸਾਜਿਸ਼ ਦਾ ਦੋਸ਼ ਮੰਗੂ ਰਾਮ ਜੀ ਤੇ ਲਾ ਕੇ 7 ਜੁਲਾਈ 1917 ਨੂੰ ਕੈਲੇਫੋਰਨੀਆ ਨਾਰਦਰਨ ਜ਼ਿਲ੍ਹੇ ਦੇ ਮਾਰਸ਼ਲ ਵੱਲੋਂ ਸੰਮਨ ਜਾਰੀ ਕੀਤਾ ਗਿਆ ਹੈ। ਇਸ ਵਿਚ ਜੱਜ ਵੱਲੋਂ ਆਦੇਸ਼ ਦਿੱਤਾ ਗਿਆ ਹੈ ਕਿ ਮੰਗੂ ਰਾਮ ਨੂੰ ਫੜ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਇਸ ਤਰ੍ਹਾਂ 11 ਅਕਤੂਬਰ, 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ ਵਾਸ਼ਿੰਗਟਨ ਨੂੰ ਸਾਨਫਰਾਂਸਿਸਕੋ ਤੋਂ ਤਾਰ ਰਾਹੀਂ ਸੂਚਨਾ ਦਿੱਤੀ ਹੈ, ''ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਨੇ ਹਕੀਕਤਾਂ ਦਾ ਬਿਆਨ ਕਰ ਦਿੱਤਾ ਹੈ ਤੇ ਤਸਦੀਕ ਸ਼ੁਦਾ ਦੋਸ਼ ਅਰੋਪਣ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਟਿਡ ਸਟੇਟਸ ਅਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ।''

ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਹੈ ਕਿ ਬਾਬੂ ਮੰਗੂ ਰਾਮ ਜੀ ਦੀ ਸੀ. ਆਈ. ਡੀ. ਫਾਈਲ ਨੰਬਰ 1273 ਆਫ 1915 ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ ਜਦਕਿ ਉਹ 24 ਅਪ੍ਰੈਲ, 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ। ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਜਿਹਨਾਂ ਦੇ ਫਰਜ਼ੀ ਨਾਂ ਭਾਰਤ ਆਉਣ ਲਈ ਹੋਰ ਰੱਖੇ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪ੍ਰੈਲ 1915 ਨੂੰ ਸਾਨਫਰਾਂਸਿਸਕੋ ਤੋਂ ਲਾਸ ਏਂਜਲਸ ਕੈਲੇਫੋਰਨੀਆ ਲਈ ਰਵਾਨਾ ਹੋਏ ਵੀ ਸਨ। ਇਸੇ ਤਰ੍ਹਾਂ ਹੀ ਵਰੰਟ/ਸੰਮਨ (ਨੰਬਰ 1) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ. ਆਈ. ਡੀ. ਮਹਿਕਮੇ ਦੀ ਨਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫ਼ੀਆ ਤੰਤਰ ਦੀ ਹੁਸ਼ਿਆਰੀ ਨੂੰ ਦਰਸਾਉਂਦੀ ਹੈ।

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ. ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲੱਗਭੱਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲੱਗਭੱਗ 3773 ਬਕਸੇ ਜਿਹਨਾਂ ਵਿਚ ਲੱਗਭੱਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲੱਗਭੱਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਹਨਾਂ ਦੀ ਗਿਣਤੀ ਪਤਾ ਨਹੀਂ ਹੈ।'' ਇਸ ਤੋਂ ਇਲਾਵਾ, 'ਗਦਰ ਲਹਿਰ' ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਸ੍ਰੀ ਮੰਗੂ ਰਾਮ ਜੀ ਮੁਤਾਬਕ ਜਹਾਜ਼ ਵਿਚ 'ਗਦਰ' ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਇਸ ਕੇਸ ਵਿਚੋਂ ਮਿਲਦੀ ਹੈ।

ਇਸ ਉਪਰੰਤ ਸਾਰਾ ਅਸਲਾ-ਬਾਰੂਦ ਜੱਜਾਂ ਦੇ ਦਸਤਖਤਾਂ ਮਗਰੋਂ ਵੇਚ ਦਿੱਤਾ ਗਿਆ।

ਸਨਫਰਾਂਸਿਸਕੋ ਕਰੋਨੀਕਲ, 22 ਅਪ੍ਰੈਲ 1918 (ਉਸ ਸਮੇਂ ਦੀ ਪ੍ਰਸਿੱਧ ਅਖ਼ਬਾਰ) ਦੇ ਮੁੱਖ ਪੰਨੇ ਦੇ ਸਿਖਰ ਉੱਤੇ ਮੋਏ ਅੱਖਰਾਂ ਵਿਚ ਸੁਰਖੀ ਹਨ: / 3,000,000 ਇਜ ਕੋਸਟ ਆਫ ਪ੍ਰੋਸਿਕਿਊਟਿੰਗ ਹਿੰਦੂਸ ਪਲੌਟ ਕੇਸ' ਤੋਂ ਦੂਜੀ ਛੋਟੀ ਸੁਰਖੀ ਹੈ: ਯੂ. ਐਸ. ਕੈਨ ਗੈਟ ਉਨਲੀ ਸਮਾਲ ਪਾਰਟੀ ਬੈਕ।' ਇੱਥੇ ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ, ਜਿਸ ਉੱਤੇ ਅਮਰੀਕੀ ਤੇ ਬਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ ਅਤੇ 320,000 ਜੁਰਮਾਨਾ ਮਿਲਣ ਦੀ ਸੰਭਾਵਨਾ ਹੈ। ਅੱਗੇ ਹੋਰ ਲਿਖਿਆ ਹੈ, '25 ਸਾਲ ਪਹਿਲਾਂ ਦੇ ਕਿਪਲਿੰਗ ਦੇ "ਮੈਵਰਿਕ'' ਦੀ 1918 ਦੇ "ਮੈਵਰਿਕ'' ਨੇ ਮੁੜ ਯਾਦ ਕਰਵਾਈ।'' ਇੱਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁਡਰੋ ਵਿਲਸਨ, ਅਮਰੀਕਾ ਦੀ ਕ੍ਰਾਂਤੀਕਾਰੀਆਂ ਪ੍ਰਤੀ ਸੁਹਿਰਦਤਾ ਤੇ ਉਸ ਤੋਂ ਮਗਰੋਂ ਦੀ ਸਰਕਾਰ ਨੇ ਉਪਰੋਕਤ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ ਪਰ ਬਰਤਾਨਵੀ ਦਬਾਅ ਵਧੇਰੇ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

ਮੈਵਰਿਕ ਤੇ ਐਨੀ ਲਾਰਸਨ ਜਹਾਜ਼ ਨਾਲ ਸਬੰਧਤ 'ਹਿੰਦੂ ਜਰਮਨ ਸਾਜਿਸ਼' ਕੇਸ ਅਪ੍ਰੈਲ 1918 ਵਿਚ ਸਮਾਪਤ ਹੋ ਗਿਆ। ਸੰਸਾਰ ਦੀ ਪਹਿਲੀ ਵੱਡੀ ਜੰਗ ਵੀ 11 ਨਵੰਬਰ 1918 ਨੂੰ ਖਤਮ ਹੋ ਗਈ। ਪ੍ਰਿੰਸ ਆਫ ਵੇਲਜ਼ ਨੇ ਜੋ ਜਾਰਜ ਪੰਜਵੇਂ ਦਾ ਪੁੱਤਰ ਸੀ 1921 ਤੋਂ 1922 ਦੇ ਦੌਰਾਨ ਭਾਰਤ ਸਮੇਤ ਪੂਰੇ ਪੂਰਬ ਏਸ਼ੀਆ ਦਾ ਦੌਰਾ ਕੀਤਾ। ਮਈ 1922 ਨੂੰ ਉਹ ਪੂਰਬੀ ਏਸ਼ੀਆ ਦੇ ਦੇਸ਼ ਫਿਲਪਾਈਨਜ਼ ਦਾ ਦੌਰਾ ਕੀਤਾ। ਉਸ ਸਮੇਂ ਬਾਬੂ ਮੰਗੂ ਰਾਮ ਜੀ 'ਮਿ: ਜੌਹਨਸਨ ਐਂਡ ਮਾਰਸ਼ਲ ਫੀਲਡ ਕੰਪਨੀ (ਜਿਸ ਦਾ ਸ਼ਿਕਾਗੋ ਵਿਚ ਵਿਭਾਗੀ ਭੰਡਾਰ ਵੀ ਹੈ) ਵਿਚ ਨੌਕਰੀ ਕਰਦੇ ਸਨ ਤੇ ਫੈਕਟਰੀ ਵਿਚ ਹੀ ਰਹਿੰਦੇ ਸਨ। ਕੋਈ ਇਕ ਸਾਲ ਨੌਕਰੀ ਕਰਨ ਉਪਰੰਤ ਫੈਕਟਰੀ ਦੇ ਮਾਲਕ ਨੂੰ ਪਤਾ ਲੱਗ ਗਿਆ ਕਿ ਉਹ 'ਗਦਰ ਪਾਰਟੀ' ਦਾ ਆਦਮੀ ਹੈ। ਉਸ ਸਮੇਂ ਪ੍ਰਿੰਸ ਆਫ ਵੇਲਜ਼ ਦੁਨੀਆਂ ਦੀ ਸੈਰ ਕਰ ਰਿਹਾ ਸੀ ਇਸ ਲਈ ਉਨ੍ਹਾਂ ਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।

13 ਮਈ 1922 ਨੂੰ ਪ੍ਰਿੰਸ ਆਫ ਵੇਲਜ਼ ਦੇ ਪੋਲੋ ਖੇਡਦਿਆਂ ਸੱਜੀ ਅੱਖ ਜ਼ਖਮੀ ਹੋ ਗਈ ਤੇ ਉਹ ਅਗਲੇ ਹੀ ਦਿਨ ਇੰਗਲੈਂਡ ਲਈ ਰਵਾਨਾ ਹੋ ਗਿਆ ਪਰ ਬਾਬੂ ਮੰਗੂ ਰਾਮ ਜੀ ਨੂੰ ਪ੍ਰਿੰਸ ਦੇ ਜਾਣ ਉਪਰੰਤ ਵੀ ਜੇਲ੍ਹ 'ਚੋਂ ਨਾ ਛੱਡਿਆ। ਬਰਤਾਨੀਆ ਸਰਕਾਰ ਦੀ ਨਜ਼ਰ ਵਿਚ ਉਹ ਅਜੇ ਵੀ ਇਕ ਖਤਰਨਾਕ ਕ੍ਰਾਂਤੀਕਾਰੀ ਸੀ ਕਿ ਕਿਸੇ ਤਰ੍ਹਾਂ ਦਾ ਪ੍ਰਿੰਸ ਨੂੰ ਨੁਕਸਾਨ ਨਾ ਪਹੁੰਚਾ ਦੇਵੇ।

**(ਹਵਾਲਾ 'ਦਿ ਬੈਰੀਅਰ ਮਾਈਨਰ 15 ਮਈ 1922 ਅਤੇ 14 ਮਈ 1922 ਅਨੁਸਾਰ)**

ਭਾਰਤ ਦੇ ਇਤਿਹਾਸਕਾਰ, ਸਾਹਿਤਕਾਰ ਤੇ ਬੁੱਧੀਜੀਵੀ ਲੋਕ ਸਭ ਇਸ ਸਚਾਈ ਨੂੰ ਮੰਨਦੇ ਹਨ ਕਿ 1857 ਦੇ ਪਹਿਲੇ ਗਦਰ 'ਤੇ 1913-15 ਦਾ ਦੂਜਾ ਗਦਰ ਆਧਾਰਿਤ ਸੀ। ਦੋਹਾਂ ਹੀ ਗਦਰਾਂ ਵਿਚ ਗਦਰੀ ਕ੍ਰਾਂਤੀਕਾਰੀ ਭਾਰਤ ਨੂੰ ਬਰਤਾਨੀਆ ਦੀ ਸਰਕਾਰ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ। ਇਹਨਾਂ ਦੋਹਾਂ ਗਦਰਾਂ ਵਿਚ ਅੰਤਰ ਸਿਰਫ ਇੰਨਾ ਸੀ ਕਿ ਪਹਿਲੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਹਥਿਆਰ ਚੁੱਕ ਕੇ ਲਾਮਬੰਦ ਹੋਏ ਤੇ ਦੂਸਰੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਦੂਸਰੇ ਦੇਸ਼ਾਂ ਵਿਚ ਖਾਸ ਕਰਕੇ ਅਮਰੀਕਾ ਵਿਚ ਲਾਮਬੰਦ ਹੋਏ। ਦੋਹਾਂ ਗਦਰਾਂ ਵਿਚ ਦਲਿਤ ਸਮਾਜ ਨਾਲ ਸਬੰਧਤ ਲੋਕਾਂ ਨੇ ਵੀ ਕਾਫੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਤੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਪਰ ਇਸ ਵਿਚ ਇਕ ਵੱਡੀ ਤ੍ਰਾਸਦੀ ਇਹੀ ਰਹੀ ਕਿ ਦਲਿਤ ਵਰਗ ਦੇ ਗਦਰੀ ਬਾਬਿਆਂ ਨੂੰ 'ਸਾਹਿਤ ਦੇ ਇਤਿਹਾਸ' ਵਿਚ ਤੇ 'ਭਾਰਤ ਦੇ ਇਤਿਹਾਸ' ਵਿਚ ਇਕ ਖਾਸ ਸੋਚ ਦੇ ਅਧੀਨ ਅਣਗੌਲਿਆਂ ਰੱਖਿਆ ਗਿਆ। ਪੰਜਾਬ ਵਿਚ ਤੇ ਭਾਰਤ ਦੇ ਇਤਿਹਾਸ ਵਿਚ ਇਕ ਖਾਸ ਵਰਗ ਦੇ ਲੋਕਾਂ ਨੂੰ ਉਭਾਰਿਆ ਗਿਆ ਤੇ ਸਨਮਾਨਿਤ ਕੀਤਾ ਗਿਆ। ਇਹ ਦਲਿਤ ਵਰਗ ਦੇ ਦੇਸ਼ ਭਗਤਾਂ ਤੇ ਕ੍ਰਾਂਤੀਕਾਰੀਆਂ ਨਾਲ ਵੱਡੀ ਬੇਇਨਸਾਫ਼ੀ ਹੈ। ਇਹ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਦਾ ਇਖ਼ਲਾਕੀ ਫਰਜ਼ ਬਣਦਾ ਹੈ ਕਿ ਉਹ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਨਸਾਫ ਦੀ ਤੱਕੜੀ ਦੇ ਦੋਵੇਂ ਪੱਲੇ ਸਾਵੇਂ ਰੱਖਦੇ ਹੋਏ ਮੁੜ ਆਜ਼ਾਦੀ ਦੇ ਇਤਿਹਾਸ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਕਰਨ ਵਾਲਿਆਂ ਨੂੰ ਉਭਾਰਨ, ਤਾਂ ਜੋ ਉਹਨਾਂ ਨੂੰ ਆਜ਼ਾਦੀ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਕਰਕੇ ਮਾਣ ਤੇ ਸਨਮਾਨ ਦਿੱਤਾ ਜਾਵੇ। ਇਸੇ ਹੀ ਤਰ੍ਹਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੀਆਂ ਗਦਰ ਲਹਿਰ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਉਭਾਰ ਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਅੰਕਿਤ ਕੀਤਾ ਜਾਵੇ ਕਿਉਂਕਿ ਸਾਰੇ ਇਤਿਹਾਸਕਾਰ, ਸਮਾਜਾਵਾਦੀ-ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀਆਂ ਨੂੰ ਆਪਣੀ ਵਿਰਾਸਤ ਸਮਝਦੇ ਹਨ। ਇਸੇ ਹੀ ਤਰ੍ਹਾਂ 1857 ਦੇ ਗਦਰ 'ਚ ਅਨੇਕਾਂ ਹੀ ਦਲਿਤ ਕ੍ਰਾਂਤੀਕਾਰੀ ਹਨ, ਜਿਵੇਂ: - ਗੰਗੂ ਮੇਹਤਰ, ਬੱਲੂ ਮੇਹਤਰ, ਬਾਂਕੇ ਲਾਲ, ਚੇਤ ਰਾਮ ਜਾਟਵ, ਮੰਗਾ ਬਖਸ਼ ਪਾਸੀ, ਬੀਰਾ ਪਾਸੀ ਤੇ ਹੋਰ ਕਈ ਅਜਿਹੇ ਨਾਮ ਹਨ, ਜਿਹਨਾਂ ਨੇ ਇਸ ਗਦਰ ਲਹਿਰ 'ਚ ਕੁਰਬਾਨੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਦਲਿਤ ਕ੍ਰਾਂਤੀਕਾਰੀ ਇਸਤਰੀਆਂ ਨੇ ਵੀ ਇਸ ਗਦਰ ਲਹਿਰ 'ਚ ਕੁਰਬਾਨੀਆਂ ਦਿੱਤੀਆਂ ਹਨ ਜਿਵੇਂ: - ਮਹਾਂਵੀਰੀ ਦੇਵੀ ਭੰਗੀ ਤੇ ਉਸ ਨਾਲ 22 ਭੰਗੀ ਇਸਤਰੀਆਂ ਉਸ ਦੇ ਸੰਗ ਸਨ, ਅੰਗਰੇਜ਼ਾਂ ਉੱਤੇ ਹਮਲਾ ਕਰਦੀਆਂ ਸ਼ਹੀਦ ਹੋਈਆਂ ਸਨ। ਝਲਕਾਰੀ ਵਾਈ, ਮੁਫਤਸਾ ਬੇਗ਼ਮ, ਉਦਾਵਾਈ ਪਾਸੀ ਆਦਿ ਸਨ, ਦੀਆਂ ਕੁਰਬਾਨੀਆਂ ਨੂੰ ਇਤਿਹਾਸਕਾਰ ਖੋਜ ਕੇ, ਇਤਿਹਾਸ ਦੇ ਪੰਨਿਆਂ ਤੇ ਲਿਆਉਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ 1857 ਦੇ ਗਦਰ ਤੋਂ ਪਹਿਲਾਂ ਅੰਗਰੇਜ਼ਾਂ ਨਾਲ ਗੁਰੀਲਾ ਯੁੱਧ ਲੜਦੇ ਹੋਏ ਕਈ ਯੋਧੇ ਫਾਂਸੀ ਤੇ ਚੜ੍ਹਾਏ ਗਏ ਜਾਂ ਅੰਗਰੇਜ਼ਾਂ ਦੇ ਅੱਤਿਆਚਾਰ ਦੇ ਸ਼ਿਕਾਰ ਹੋਏ। ਉਹਨਾਂ 'ਚ ਉਪਈਆ ਨਾਮ ਦੇ ਦਲਿਤ ਯੋਧੇ ਦਾ ਖਾਸ ਜ਼ਿਕਰ ਆਉਂਦਾ ਹੈ ਜਿਸ ਨੇ ਛਤਰੀ ਕਿਲੇ, 'ਚ ਬਰੂਦੀ ਸੁਰੰਗ ਵਿਛਾਅ ਕੇ ਕਈ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ।

ਇਹ ਬੜੇ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਇਹਨਾਂ ਮਹਾਨ 'ਗਦਰੀ-ਲਹਿਰ' ਦੇ ਦੇਸ਼ ਭਗਤ ਬਾਬਿਆਂ ਨੇ, ਜੋ ਆਜ਼ਾਦ ਭਾਰਤ ਦਾ ਸੁਪਨਾ ਸੰਜੋਇਆ ਸੀ ਉਹ ਆਜ਼ਾਦੀ ਪ੍ਰਾਪਤ ਕਰ ਲੈਣ ਬਾਅਦ ਵੀ ਅਧੂਰਾ ਹੈ ਕਿਉਂਕਿ ਅੱਜ ਵੀ ਸਰਮਾਏਦਾਰ ਲੋਕ, ਭ੍ਰਿਸ਼ਟ ਰਾਜਨੀਤਿਕ ਲੋਕ ਤੇ 'ਆਪੇ ਬਣੇ ਰੱਬ' ਪਾਖੰਡੀ, ਢੌਂਗੀ ਤੇ ਸਾਧ ਬਾਬੇ ਭੋਲੀ-ਭਾਲੀ ਜਨਤਾ ਨੂੰ ਸੋਸ਼ਿਤ ਤੇ ਗੁੰਮਰਾਹ ਕਰਕੇ ਅਮੀਰ ਬਣੀ ਜਾ ਰਹੇ ਹਨ ਤੇ ਕਿਰਤੀ ਤੇ ਮਿਹਨਤਕਸ਼ ਲੋਕ ਗਰੀਬ ਹੋਈ ਜਾ ਰਹੇ ਹਨ। ਇਹਨਾਂ ਕਿਰਤੀ ਲੋਕਾਂ ਦੇ ਅਧਿਕਾਰਾਂ ਤੇ ਹੱਕਾਂ ਨੂੰ ਅਮੀਰ ਆਦਮੀ ਦਬਾਅ ਕੇ ਰੱਖਦੇ ਹਨ ਤਾਂ ਕਿ ਉਹ ਉਪਰ ਨਾ ਉਠ ਸਕਣ। ਉਕਤ ਦੱਸੇ ਸਾਰੇ ਵੇਰਵੇ ਤੇ ਸਮਾਜਿਕ ਹਾਲਾਤ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ 'ਚ ਤਬਦੀਲ ਕਰ ਸਕੀਏ। ਅੰਤ 'ਚ ਮੈਂ ਭਾਰਤ ਦੀ 'ਗਦਰ ਲਹਿਰ' ਦੇ ਮਹਾਨ ਕ੍ਰਾਂਤੀਕਾਰੀ ਯੋਧੇ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਜਨਮ ਦਿਨ 'ਤੇ ਬਹੁਤ-ਬਹੁਤ ਮੁਬਾਰਕ।

***ਉਕਤ ਸਭ ਹਵਾਲੇ ਤੇ ਵਿਆਖਿਆ ਨਿਮਨ-ਲਿਖਤ ਪੁਸਤਕਾਂ ਤੇ ਲੇਖਾਂ 'ਤੇ ਆਧਾਰਿਤ ਹਨ-***


(1) 'ਗਦਰ ਲਹਿਰ ਦੇ ਅਣਫੋਲੇ ਬਰਕੇ'- ਬਾਬਾ ਭਗਤ ਸਿੰਘ ਜੀ ਬਿਲਗਾ, ਐਡੀਸ਼ਨ: 1989, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ।

(2) 'ਸੋਵੀਨਾਰ' ਗਦਰੀ ਬਾਬਾ ਸ੍ਰੀ ਮੰਗੂ ਰਾਮ ਮੁੱਗੋਵਾਲੀਆ, ਪ੍ਰਕਾਸ਼ਕ: 'ਕੌਮੀ ਉਡਾਰੀਆਂ' ਜਲੰਧਰ। ਮੁੱਖ ਸੰਪਾਦਕ ਸ੍ਰੀ ਸੀ. ਐਲ. ਚੁੰਬਰ।

(3) 'ਗਦਰ ਪਾਰਟੀ ਦਾ ਇਤਿਹਾਸ' - ਗੁਰਚਰਨ ਸਿੰਘ ਸੈਂਸਰਾ, ਤੀਜਾ ਐਡੀਸ਼ਨ: ਨਵੰਬਰ, 2006। ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ।

(4) 'ਗਦਰ'- ਗਦਰ ਪਾਰਟੀ ਦਾ ਸਪਤਾਹਿਕ ਪਰਚਾ, ਭਾਗ ਪਹਿਲਾ (1913-14) ਪੁਨਰ ਪ੍ਰਕਾਸ਼ਨ- ਡਾ. ਵੇਦ ਪ੍ਰਕਾਸ਼।

(5) 'ਵਟੂਕ' ਪ੍ਰਕਾਸ਼ਨ: ਫੋਕ ਲੋਰ ਇੰਸਟੀਚਿਊਟ, ਪੀ. ਓ. ਵਾਕਸ 1142, ਬਰਕਲੇ, ਕੈਲੇਫੋਰਨੀਆ।

(6) 'ਗਦਰ ਦੀ ਗੂੰਜ'- ਦੇਸ਼ ਭਗਤਾਂ ਦੀ ਬਾਣੀ, ਐਡੀਸ਼ਨ: 1993, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।

(7) 'ਰਵਿਦਾਸ ਪੱਤ੍ਰਿਕਾ' (ਅਪ੍ਰੈਲ 1971),615 ਐਲ. ਮਾਡਲ ਟਾਊਨ, ਜਲੰਧਰ।

(8) ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ- ਵਿਸ਼ੱਵਾਮਿੱਤਰ ਉਪਾਧਿਆਇ, ਪ੍ਰਗਤੀਸ਼ੀਲ ਜਨ ਪ੍ਰਕਾਸ਼ਨ, ਨਵੀਂ ਦਿੱਲੀ। ਪਹਿਲਾ ਸੰਸਕਰਣ: 1986

(9) '1857 ਕੀ ਕ੍ਰਾਂਤੀ ਮੇਂ ਦਲਿਤੋਂ ਕਾ ਯੋਗਦਾਨ'- ਸਤਨਾਮ ਸਿੰਘ ਸਮੱਕਅ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰਸਕਰਣ: 2007

(10) 'ਹਿੰਦੋਸਤਾਨ ਗਦਰ ਪਾਰਟੀ': ਸੋਹਣ ਸਿੰਘ ਜੋਸ਼: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।

(11) 'ਹਿੰਦੂ ਜਰਮਨ ਕਾਂਸਪੀਰੇਸੀ ਕੇਸ' ਸ੍ਰੀ ਮੰਗੂ ਰਾਮ ਜੀ ਬਾਰੇ- ਸੀਤਾ ਰਾਮ ਮਾਧੋਪੁਰੀ।

(12) ਗਦਰ ਡਾਇਰੈਕਟਰੀ ਵਾਲੀਅਮ 4, 1913-15, ਲਹੌਰ 1916 ਐਡੀਸ਼ਨ: ਭਾਈ ਨਾਹਰ ਸਿੰਘ ਤੇ ਕ੍ਰਿਪਾਲ ਸਿੰਘ ਐਡੀਸ਼ਨ: 1996 ਤੇ (ਗਦਰ ਡਾਇਰੈਕਟਰੀ' ਡਾਇਰੈਕਟਰ ਇੰਟੈਲੀਜੈਂਸ ਬਿਊਰੋ, ਹੋਮ ਡੀਪਾਰਟਮੈਂਟ, ਭਾਰਤ ਸਰਕਾਰ- 1934

(13) ਅਦਾਰਾ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' ਕੈਲੇਫੋਰਨੀਆ, ਮੁੱਖ-ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ।

(14) ਇੰਟਰਨੈਟ ਤੇ ਪੜ੍ਹੇ ਗਏ ਲੇਖ- ਲੇਖਕ ਡਾ: ਰੌਣਕੀ ਰਾਮ ਡੀਨ ਆਰਟਸ ਫੈਕਲਟੀ ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ., ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਸੁਖਵਿੰਦਰ ਸੁੱਖੀ ਆਵਾਜ਼ ਦੀ ਦੁਨੀਆਂ ਦਾ ਰਾਜਾ/ਅਦਾਕਾਰ



ਆਲ ਇੰਡੀਆ ਰੇਡੀਓ ਜਲੰਧਰ ਤੇ ਦਿਹਾਤੀ ਪ੍ਰੋਗਰਾਮ ਲਈ ਵੱਖਰਾ ਰੂਪ ਤੇ ਐਫ ਐਮ ਜਲੰਧਰ ਤੇ ਅਨੁੰਸਾਰ ਬਣ ਅਲੱਗ ਅੰਦਾਜ਼ ਸੁਖਵਿੰਦਰ ਸੁੱਖੀ ਹਰਮਨ ਪਿਆਰੇ ਰੇਡੀਓ ਹੋਸਟ ਹਨ। ਉਹਨਾਂ ਨੇ ਕਈ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ ਹੈ। ਸੁਖਵਿੰਦਰ ਸੁੱਖੀ ਜਲੰਧਰ ਦੂਰਦਰਸ਼ਨ ਤੇ ਵੀ ਅਨੇਕਾਂ ਨਾਟਕਾਂ ਵਿੱਚ ਕੰਮ ਕਰ ਚੁੱਕੇ ਹਨ। ਸੁਖਵਿੰਦਰ ਸੁੱਖੀ ਆਪਣੀ ਜੀਵਨ ਸਾਥਣ ਦੇ ਸਹਿਯੋਗ ਨੂੰ ਵੀ ਸਿਹਰਾ ਦਿੰਦੇ ਨੇ ਕਿ ਉਹਨਾਂ ਵਿਚਲੇ ਐਕਟਰ ਨੂੰ ਵਿਕਸਤ ਕਰਨ ਵਿੱਚ ਉਸ ਦਾ ਅਹਿਮ ਯੋਗਦਾਨ ਹੈ। ਮਨਮੋਹਨ ਸਿੰਘ ਨੇ "ਜੀ ਆਇਆਂ ਨੂੰ" ਵਿੱਚ ਸੁੱਖੀ ਕੋਲੋਂ ਸ਼ਾਨਦਾਰ ਪ੍ਰਵਾਸੀ ਬਿਹਾਰੀ ਦਾ ਕਿਰਦਾਰ ਕਰਵਾਇਆ ਸੀ। ਰੇਡੀਓ ਨਾਲ ਲੱਖਾਂ ਲੋਕ ਸੁੱਖੀ ਦੀ ਆਵਾਜ਼ ਦੇ ਦੀਵਾਨੇ ਨੇ ਤੇ ਸੁੱਖੀ ਰੇਡੀਓ ਦੁਨੀਆਂ ਦੇ ਸਟਾਰ ਹਨ।

### ਬੰਨੀ ਸ਼ਰਮਾ ਸੰਗੀਤ ਪ੍ਰੋਜੈਕਟ ਨਿਰਮਾਤਾ, ਚਾਹਤ ਫ਼ਿਲਮ ਦੀ



ਦੂਰਦਰਸ਼ਨ ਜਲੰਧਰ ਦੇ ਨਿੱਜੀ ਪ੍ਰੋਗਰਾਮ ਨਿਰਮਾਤਾ ਬਣ ਬੰਨੀ ਸ਼ਰਮਾ ਨੇ ਬਹੁਤ ਨਾਮ ਕਮਾਇਆ ਹੈ। "ਝਾਂਜਰ" ਤੇ "ਮਾਣ ਪੰਜਾਬ ਦੇ" ਉਹਨਾਂ ਦੇ ਪੱਧਰ ਦੇ ਯਾਦਗਾਰ ਪ੍ਰੋਗਰਾਮ ਰਹੇ ਹਨ। ਬੰਨੀ ਸ਼ਰਮਾ ਦਾ ਸੰਗੀਤ ਖੇਤਰ ਨਾਲ ਅੱਛਾ ਨਾਤਾ ਹੈ ਤੇ ਅੱਜ ਕਲ ਆਰ ਜੇ ਬੀਟਸ ਦੇ ਲਈ ਪ੍ਰੋਜੈਕਟ ਨਿਰਮਾਤਾ ਹਨ ਤੇ ਮਹੀਨੇ ਵਿੱਚ ਪੰਜ ਦੇ ਕਰੀਬ ਸੰਗੀਤ ਟਰੈਕ ਪ੍ਰੋਜੈਕਟ ਉਹ ਲਿਆ ਰਹੇ ਹਨ। ਪਤਨੀ ਰਜਨੀ ਨਾਲ ਵਿਆਹ ਸਾਲ ਗਿਰਾਹ ਤੇ ਪਾਰਟੀ ਵਿੱਚ ਬੰਨੀ ਸ਼ਰਮਾ ਨੇ ਕਿਹਾ ਕਿ ਰਾਮ ਭੋਗ ਪੁਰੀਆ ਜਦ ਵੀ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਵਿੱਚ ਆਉਣਗੇ ਉਹ ਉਸ ਫ਼ਿਲਮ ਲਈ ਆਪਣਾ ਯੋਗਦਾਨ ਦੇਣਗੇ। ਦੀਪਕ ਬਾਲੀ ਨਾਲ ਘਰੇਲੂ ਪ੍ਰੇਮ ਰੱਖਣ ਵਾਲੇ ਬੰਨੀ ਸ਼ਰਮਾ ਨੇ ਕਿਹਾ ਕਿ ਨਿੱਜੀ ਨਿਰਮਾਤਾ ਬਣ ਘਾਟੇ ਵੀ ਪਏ ਪਰ ਇਹ ਸਾਰਾ ਵਪਾਰਕ ਇਸ ਕਿੱਤੇ ਵਿੱਚ ਆਮ ਹੈ। ਆਸ ਹੈ ਬੰਨੀ ਸ਼ਰਮਾ ਜਲਦੀ ਪੰਜਾਬੀ ਫ਼ਿਲਮਾਂ ਦੀ ਦੁਨੀਆਂ ਵਿੱਚ ਆਉਣਗੇ।

### "ਮੁਰਗਾਬੀਆਂ" ਭਗਵੰਤ ਕੰਗ ਦੀਆਂ ਕਰਨ ਮਨੋਰੰਜਨ



ਭਗਵੰਤ ਸਿੰਘ ਕੰਗ ਪੰਜਾਬੀ ਫ਼ਿਲਮਾਂ ਦੇ ਸ਼ਾਨਦਾਰ ਲੇਖਕ ਹਨ। ਅੱਜ ਕਲ ਉਹ ਡਾਇਰੈਕਟਰ ਬਣ ਚੁੱਕੇ ਨੇ ਪੰਜਾਬੀ ਵੈੱਬ ਸੀਰੀਜ਼ ਖੇਤਰ ਵਿੱਚ ਉਹਨਾਂ ਦਾ ਅੱਛਾ ਅਧਾਰ ਹੈ। ਇਸ ਵੇਲੇ ਉਹਨਾਂ ਵੈੱਬ ਸੀਰੀਜ਼ "ਮੁਰਗਾਬੀਆਂ " ਬਣਾਈ ਹੈ ਤੇ ਇਹ ਜਸਵਿੰਦਰ ਪੰਜਾਬੀ ਦੇ ਨਾਵਲ ਤੇ ਹੈ। ਇਹ ਚਲੰਤ ਮੁੱਦੇ ਤੇ ਚਲਦੀ ਮਨੋਰੰਜਨ ਦੇ ਨਾਲ ਸੰਦੇਸ਼ਾ ਵੀ ਦਿੰਦੀ ਹੈ। ਐਂਜਲੀਨਾ ਰਾਜਪੂਤ ਮਾਲਵੇ ਦੀ ਪਰੀ ਤੇ ਧੀਰੇ ਮਾਨ ਦਾ "ਮੁਰਗਾਬੀਆਂ" ਵਿੱਚ ਅੱਛਾ ਕੰਮ ਹੈ। ਭਗਵੰਤ ਕੰਗ ਪਾਲੀਵੁੱਡ ਦੇ ਸ਼ਿਆਮ ਬੈਨੇਗਲ ਹਨ। ਕੰਗ ਆਖਦੇ ਨੇ ਵੱਡੀ ਫ਼ਿਲਮ ਤੇ ਯੋਜਨਾ ਜ਼ਾਰੀ ਹੈ ਤਦ ਤੱਕ ਬੈਠਣ ਨਾਲੋ ਵੈੱਬ ਸੀਰੀਜ਼ ਕਰਨੀ ਇੱਕ ਤਾਂ ਸਰਗਰਮ ਰਹਿਣਾ ਹੈ ਤੇ ਦੂਜਾ ਤਜ਼ਰਬਾ ਵਧਦਾ ਹੈ ਤੇ ਬਾਕੀ ਪੰਜਾਬੀ ਵੈੱਬ ਸੀਰੀਜ਼ ਦਾ ਵੀ ਬੋਲ ਬਾਲਾ ਹੋ ਰਿਹਾ ਹੈ ਤੇ "ਮੁਰਗਾਬੀਆਂ " ਕਰ ਕਿ ਉਹ ਸਫਲ ਨਿਰਦੇਸ਼ਕ ਦਾ ਰੁਤਬਾ ਕਾਇਮ ਕਰਦੇ ਨਜ਼ਰ ਆਏ ਹਨ।

### ਜਗਰੂਪ ਕੰਗ ਫ਼ਿਲਮਾਂ ਨਾਲ "ਰਿਸ਼ਤੇ ਨਾਤੇ" ਜੋੜਨਗੇ



ਜਗਰੂਪ ਕੰਗ ਅਲਫਾਂ ਵੰਨ ਅੰਮ੍ਰਿਤਸਰ ਖਾਸ ਤੌਰ ਤੇ ਨਸੀਬ ਰੰਧਾਵਾ ਦੀ ਫ਼ਿਲਮ "ਰਿਸ਼ਤੇ ਨਾਤੇ" ਦੇ ਪ੍ਰੀਮੀਅਰ ਤੇ ਆਏ ਸਨ। ਜਗਰੂਪ ਨੇ ਫ਼ਿਲਮ ਦੇ ਜਵਾਨ ਨਿਰਦੇਸ਼ਕ ਨਸੀਬ ਰੰਧਾਵਾ ਦੀ ਸ਼ਲਾਘਾ ਕੀਤੀ ਜਿਹਨਾਂ ਨੇ ਪ੍ਰਵਾਸ, ਬੱਚੇ ਤੇ ਮਾਪੇ ਦੇ ਰਿਸ਼ਤੇ ਨਾਤੇ ਤੇ ਇਹ ਸ਼ਾਨਦਾਰ ਫ਼ਿਲਮ ਬਣਾਈ ਹੈ। ਜਗਰੂਪ ਕੰਗ ਨੇ ਫ਼ਿਲਮ ਦੀ ਅਭਿਨੇਤਰੀ ਪਰਮਿੰਦਰ ਗਿੱਲ ਨੂੰ ਜੀ ਆਇਆਂ ਨੂੰ ਕਿਹਾ ਤੇ ਲਵ ਗਿੱਲ, ਰਘਵੀਰ ਸੋਹਲ, ਸੁਨੀਤਾ ਧੀਰ ਦੇ ਕੰਮ ਦੀ ਤਰੀਫ ਕੀਤੀ। ਜਿਸ ਪਰਸਨੈਲਿਟੀ ਨਾਲ ਜਗਰੂਪ ਕੰਗ ਆਏ ਲੱਗਿਆ ਕਿ ਜਲਦੀ ਉਹ ਪੰਜਾਬੀ ਫ਼ਿਲਮਾਂ ਨਾਲ ਜੁੜਨਗੇ ਤੇ ਬਬਲੀ ਗਰਲ ਬਬਲੀ ਬਰਾੜ ਦੀ ਵੀ ਵੱਡੇ ਪਰਦੇ ਤੇ ਸ਼ੁਰੂਆਤ ਚੰਗੇ ਤਰੀਕੇ ਨਾਲ ਕਰਵਾਉਣਗੇ।

### ਫ਼ਿਲਮ ਨਾਇਕ ਗੁਰਦੀਪ ਸੰਧੂ ਨੂੰ ਡੀ ਸੀ ਐਵਾਰਡ

ਫ਼ਖ਼ਰ ਆਪਣੀ ਦੋਹਰੀ ਡਿਊਟੀ ਦਾ ਗੁਰਦੀਪ ਸੰਧੂ ਕਰ ਸਕਦੇ ਹਨ। "ਸੀਰੀਅਸ ਕੇਸ" ਮੋਹਬੱਤਾਂ "ਹਾਸੇ ਦਾ ਮੜਾਸਾ" ਫ਼ਿਲਮਜ਼ ਦੇ ਹੀਰੋ ਗੁਰਦੀਪ ਸੰਧੂ ਨੇ "ਅੱਗ ਭੁੱਲ ਕਿ ਪਰਾਲੀ" ਗੀਤ ਸੁਮਨ ਭੱਟੀ ਨਾਲ ਗਾਇਆ



ਤਾਂ ਯੂਟਿਊਬ ਤੇ ਵਾਇਰਲ ਹੋ ਗਿਆ। ਇੱਕ ਪਾਸੇ ਨਾਇਬ ਤਹਿਸੀਲਦਾਰ ਬਣ ਵਾਤਾਵਰਨ ਬਚਾਉਣ ਲਈ ਨੇਕ ਡਿਊਟੀ ਦਿੱਤੀ ਦੂਜੇ ਪਾਸੇ ਕਲਾਕਾਰ ਬਣ ਕਲਾਕਾਰੀ ਨਾਲ ਕਿਸਾਨ ਜਾਗ੍ਰਿਤ ਕੀਤੇ। ਸਿੱਟਾ ਹਿਮਾਂਸ਼ੂ ਅੱਗਰਵਾਲ ਡੀ ਸੀ ਜਲੰਧਰ ਨੇ ਉਹਨਾਂ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ। ਵੈਸੇ ਅੱਜ ਕਲ ਇੰਟਰਨੈੱਟ ਤੇ ਉਹਨਾਂ ਦਾ ਸੁਦੇਸ਼ ਕੁਮਾਰੀ ਨਾਲ ਡਿਊਟ "ਥਾਰ ਰੋਕਸ ਮਹਿੰਦਰਾ" ਬਹੁਤ ਵਧੀਆ ਜਾ ਰਿਹਾ ਹੈ। ਸ਼ਵੇਤਾ ਮੀਤ ਤੋਂ ਰੁਪਾਲੀ ਤੱਕ ਅੱਜ ਦੀਆਂ ਚਰਚਿਤ ਐਕਟਰੈੱਸ ਦਾ ਕਹਿਣਾ ਹੈ ਕਿ ਸੱਚਮੁੱਚ ਸੰਧੂ ਆਲ ਰਾਉਂਡਰ ਹਨ।

### ਫ਼ਿਕਰ ਕਰੀਂ ਨਾਂ ਤੂੰ ਬਾਪੂ ਹਿੱਟ ਤੇ ਹਿੱਟ

ਦਾਜ ਤੇ ਵੈੱਬ ਫ਼ਿਲਮ "ਗੋਲਡ ਮੈਡਲ ਦਾ ਦਹੇਜ" ਸੱਤ ਭਾਸ਼ਾਵਾਂ ਵਿੱਚ ਆਏਗੀ। ਇਸ ਵਿੱਚ ਅੱਜ ਦੇ ਟੋਪ ਡਾਇਰੈਕਟਰ ਅਸ਼ੋਕ ਪੁਰੀ ਨੇ ਥੀਮ ਗੀਤ "ਫ਼ਿਕਰ ਕਰੀਂ ਨਾਂ ਤੂੰ ਬਾਪੂ" ਪਾਇਆ ਹੈ ਤੇ ਇਹ ਗੀਤ ਪ੍ਰਕਾਸ਼ ਮਹਿਰਾ




ਦੀ ਫ਼ਿਲਮ "ਮੁੱਕਦਰ ਕਾ ਸਿਕੰਦਰ" ਦੀ ਯਾਦ ਦਿਵਾ ਰਿਹਾ ਹੈ। ਇਹ ਗੀਤ ਫ਼ਿਲਮ ਦੀ ਕਹਾਣੀ ਵਿੱਚ ਵਾਰ ਵਾਰ ਆ ਕਿ ਅੱਖਾਂ ਨਮ ਕਰੇਗਾ। "ਗੋਲਡ ਮੈਡਲ ਦਾ ਦਹੇਜ" ਭਾਜਪਾ ਸੰਸਦ ਮੈਂਬਰ ਤੇ ਨੇਤਾ ਅਵਿਨਾਸ਼ ਰਾਏ ਖੰਨਾ ਨੇ ਲਿਖੀਂ ਤੇ ਕਾਬਿਲ ਸਮਝਿਆ ਅਸ਼ੋਕ ਪੁਰੀ ਨੂੰ ਬਣਾਉਣ ਲਈ ਕਿਹਾ। ਬਾਲੀਵੁੱਡ ਗਾਇਕ ਕੁਮਾਰ ਵਿਨੋਦ ਦੇ ਗਾਏ ਗੀਤ ਨੂੰ ਅੰਜੂ ਵੀ ਰੱਤੀ ਨੇ ਲਿਖਿਆ ਤੇ ਥੀ ਦਾ ਮਿਊਜ਼ਿਕ ਹੈ। ਅਸ਼ੋਕ ਪੁਰੀ ਤੇ ਆਰਤੀ ਸਿੰਘ ਦੀ ਵਿਸ਼ਵ ਪ੍ਰਸਿੱਧ ਬਣ ਇਹੀ ਫਿਲਮੀ ਜੋੜੀ ਦੇ ਨਾਲ ਵਿਨੀਤ ਅਟਵਾਲ ਤੇ ਨੈਂਸੀ ਅਰੋੜਾ ਵੀ ਫ਼ਿਲਮ ਵਿੱਚ ਹਨ ਤੇ ਗੀਤ "ਫ਼ਿਕਰ ਕਰੀਂ ਨਾਂ ਤੂੰ ਬਾਪੂ" ਸਾਲ ਦਾ ਬੇਹਤਰੀਨ ਫਿਲਮੀ ਗਾਣਾ ਬਣਨ ਜਾ ਰਿਹਾ ਹੈ।

# ਬਾਲੀਵੁੱਡ ਖਬਰਨਾਮਾ

**- ਤਰਸੇਮ ਬੱਧਣ**




## ਵੈੱਬ ਸੀਰੀਜ਼ 'ਇਲਗਲੀ ਲੀਗਲ' ਦੀ ਪ੍ਰੈਸ ਮੀਟਿੰਗ, ਨਿਰਮਾਤਾ ਨੇ ਕਿਹਾ- ਸਾਨੂੰ ਖ਼ੁਸ਼ੀ ਹੈ ਕਿ ਦਰਸ਼ਕ ਸਾਡੀ ਸੀਰੀਜ਼ ਨੂੰ ਪਸੰਦ ਕਰ ਰਹੇ ਹਨ




ਵੈੱਬ ਸੀਰੀਜ਼ 'ਇਲਗੇਲੀ ਲੀਗਲ' 30 ਦਸੰਬਰ ਨੂੰ OTT ਪਲੇਟਫਾਰਮ ਹੰਗਾਮਾ 'ਤੇ ਸਟ੍ਰੀਮਿੰਗ ਸ਼ੁਰੂ ਹੋਈ। ਇਸ ਲੜੀਵਾਰ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਸੋਮਵਾਰ ਨੂੰ ਇਸ ਵੈੱਬ ਸੀਰੀਜ਼ ਸੰਬੰਧੀ ਇੱਕ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਜਿੱਥੇ ਲੜੀ ਦੀ ਸਟਾਰ ਕਾਸਟ ਅਤੇ ਨਿਰਮਾਤਾ-ਨਿਰਦੇਸ਼ਕ ਅਤੇ ਬਾਕੀ ਟੀਮ ਮੌਜੂਦ ਸੀ। ਇਸ ਦੌਰਾਨ, ਲੜੀ ਦੇ ਨਿਰਮਾਤਾ ਅਜੀਤੇਸ਼ ਜੇ ਗੁਪਤਾ ਨੇ ਪੂਰੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਬਹੁਤ ਖੁਸ਼ੀ ਹੈ ਕਿ ਸਾਡੀ ਛੋਟੀ ਜਿਹੀ ਕੋਸ਼ਿਸ਼ ਨੂੰ ਦਰਸ਼ਕਾਂ ਤੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ।

ਇਸ ਵੈੱਬ ਸੀਰੀਜ਼ ਦੀ ਕਹਾਣੀ ਮੁੰਬਈ ਵਿੱਚ ਇੱਕ ਰਾਤ ਨੂੰ ਕਾਰੋਬਾਰੀ ਕਾਹਨ ਕਪੂਰ ਦੇ ਕਤਲ ਨਾਲ ਸ਼ੁਰੂ ਹੁੰਦੀ ਹੈ। ਇਸ ਕਤਲ ਵਿੱਚ, ਡੌਸ ਬਾਰ ਦੀ ਕੁੜੀ ਰਜ਼ੀਆ ਨੂੰ ਮੁੱਖ ਦੋਸ਼ੀ ਠਹਿਰਾਇਆ ਗਿਆ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਇਹ ਕਤਲ ਮੁੰਨਾ ਨੇ ਕੀਤਾ ਸੀ। ਅਦਾਲਤ ਵਿੱਚ ਰਜ਼ੀਆ ਦੇ ਵਕੀਲ ਇਰਸ਼ਾਦ ਅਲੀ ਅਤੇ ਸ਼ਿਕਾਇਤਕਰਤਾ ਨਵੀਨ ਮੁੰਜਾਲ ਵਿਚਕਾਰ ਬਹਿਸ ਹੁੰਦੀ ਹੈ। ਨਵੀਨ, ਜੋ ਪਹਿਲਾਂ ਰਜ਼ੀਆ 'ਤੇ ਦੋਸ਼ ਲਗਾ ਰਹੀ ਸੀ, ਆਖਰਕਾਰ ਉਸਨੂੰ ਬੇਕਸੂਰ ਸਾਬਤ ਕਰ ਦਿੰਦੀ ਹੈ। ਕਹਾਣੀ ਦੇ ਅੰਤ ਵਿੱਚ ਇਹ ਖੁਲਾਸਾ ਹੁੰਦਾ ਹੈ ਕਿ ਰਜ਼ੀਆ ਨਵੀਨ ਮੁੰਜਾਲ ਦੀ ਨਾਜਾਇਜ਼ ਧੀ ਹੈ, ਅਤੇ ਇਹੀ ਕਾਰਨ ਸੀ ਕਿ ਉਸਨੇ ਫੈਸਲਾ ਬਦਲਿਆ। ਇਸ ਲੜੀਵਾਰ ਵਿੱਚ ਅਜਿਹੇ ਮੋੜ ਹਨ, ਜੋ ਦਰਸ਼ਕਾਂ ਨੂੰ ਬਹੁਤ ਉਤਸ਼ਾਹਿਤ ਕਰਦੇ ਹਨ।

## ਸੋਨਮ ਕਪੂਰ ਸਬਿਆਸਾਚੀ ਦੀ 25ਵੀਂ ਵਰ੍ਹੇਗੰਢ ਦੇ ਜਸ਼ਨਾਂ ਵਿਚ ਚਮਕੀ



ਸ਼ਹਿਰ ਦੇ ਸਭ ਤੋਂ ਵੱਡੇ ਫੈਸ਼ਨ ਸਮਾਗਮਾਂ ਵਿੱਚੋਂ ਇੱਕ, ਸਬਿਆਸਾਚੀ ਦੀ 25ਵੀਂ ਵਰ੍ਹੇਗੰਢ ਦਾ ਜਸ਼ਨ ਸੋਨਮ ਕਪੂਰ ਦੀ ਮੌਜੂਦਗੀ ਤੋਂ ਬਿਨਾਂ ਅਧੂਰਾ ਹੁੰਦਾ। ਫੈਸ਼ਨ ਆਈਕਨ ਸੋਨਮ ਕਪੂਰ ਨੇ ਸ਼ਨੀਵਾਰ ਰਾਤ ਨੂੰ ਸਬਿਆਸਾਚੀ ਦੇ ਸਨਮਾਨ ਵਿੱਚ ਆਯੋਜਿਤ ਸ਼ਾਨਦਾਰ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਖਾਸ ਮੌਕੇ ਲਈ, ਸੋਨਮ ਕਪੂਰ ਨੇ ਸਿਰ ਤੋਂ ਪੈਰਾਂ ਤੱਕ ਸੱਚੇ ਸਬਿਆਸਾਚੀ ਸਟਾਈਲ ਵਿੱਚ ਕੱਪੜੇ ਪਾਉਣ ਦੀ ਚੋਣ ਕੀਤੀ। ਸਬਿਆਸਾਚੀ ਦੀ ਵਿਰਾਸਤ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਉਸਨੇ ਉਸਦੇ ਸੰਗ੍ਰਹਿ ਵਿੱਚੋਂ ਇੱਕ ਸ਼ਾਨਦਾਰ ਕਾਲਾ ਪਹਿਰਾਵਾ ਪਹਿਨਿਆ। ਡਾਇਰ ਦੀ ਦੱਖਣੀ ਏਸ਼ੀਆਈ ਬ੍ਰਾਂਡ ਅੰਬੈਸਡਰ ਸੋਨਮ ਨੇ ਅੰਤਰਰਾਸ਼ਟਰੀ ਬ੍ਰਾਂਡ ਦੇ ਇੱਕ ਟ੍ਰੈਂਡੀ ਬੈਗ ਨਾਲ ਆਪਣਾ ਲੁੱਕ ਪੂਰਾ ਕੀਤਾ। ਉਸਦਾ ਲੁੱਕ ਉਸਦੀ ਭੈਣ ਅਤੇ ਮਸ਼ਹੂਰ ਫੈਸ਼ਨਿਸਟਾ ਰੀਆ ਕਪੂਰ ਦੁਆਰਾ ਸਟਾਈਲ ਕੀਤਾ ਗਿਆ ਸੀ।

## ਆਯੁਸ਼ਮਾਨ ਖੁਰਾਨਾ ਨੇ ਤੱਤ 'ਫਿਊਚਰ ਫੋਰ ਲਈ ਕਾਰਨ ਵੰਨ' ਕਾਰਨ ਰਚਿਆ ਇਤਿਹਾਸ



ਖੋਜਕਾਰ ਸਟਾਰ ਅਤੇ ਵਰਣਨ ਆਈਕਨ ਆਯੂਸ਼ ਖੁੰਨਾ ਮਾਨਗਾਲਾ ਹੀ ਵਿੱਚ 2ਵੇਂ ਅਨਫੋਰਗੇਬਲ ਗਲਾਲਾ ਵਿੱਚ ਫਿਊਚਰ ਚੰਚਲ 'ਫਾਵਨ' ਨੇੜਿਆ ਜਿੱਤ ਕੇ ਇਤਿਹਾਸ ਰਚਿਆ ਹੋਇਆ ਹੈ। ਇਹ ਵਿਧਾਨ ਸਭਾ ਕਰੈਕਟਰ ਮੀਡੀਆ ਅਤੇ ਗੋਲਡਨ ਟੀਵੀ ਪੇਸ਼ਕਾਰੀ ਨੂੰ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਗਿਆ ਹੈ। ਖਾਸ ਗੱਲ ਇਹ ਕਿ ਆਯੁਸ਼ਮਾਨ ਇਹ ਸਾਲ ਇਸ ਨੂੰ ਜਿੱਤਣ ਵਾਲਾ ਜਵਾਬ ਹੈ। ਅਨਫੋਰਗੇਬਲ ਗਾਲਾਈ ਅਤੇ ਪ੍ਰਸ਼ਾਸ਼ਨ ਟਾਪੂ ਹਸਤੀਆਂ, ਚੁਣੌਤੀਆਂ ਅਤੇ ਵਿਅਕਤੀਗਤ ਕਲਾਵਾਂ ਦੇ ਨਕਸ਼ਿਆਂ ਨੇ ਜਿੱਤੇ ਹਨ, ਸਿਰ ਅਤੇ ਕਲਾਟੇਕ ਵਿੱਚ ਪ੍ਰਗਟ ਕੀਤੇ ਹਨ। ਹਰ ਸਾਲ 500 ਤੋਂ ਹੇਠਾਂ ਓਫੀ ਨੂੰ ਰਾਸ਼ਟਰੀਕਰਨ ਅਤੇ ਪੈਨਫਿਕ ਆਈਲੈਂਡਰ (ਅਤੇ ਉੱਚੀ-ਪ੍ਰੋਫਾਈਲ ਨਾਮ ਇਸ ਲਈ ਰਾਤ ਲਈ ਬੇਲੀ ਹਿਲਟਨ ਨੁੱਕੜ ਹਨ। **– ਤਰਸੇਮ ਬੱਧਣ**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





209-239-1551

1003 MOFFAT BLVD., MANTECA, CA 95336

# HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com